SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 26
October 6, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

**(ਸਬੰਧਤ ਸੰਪਾਦਕੀ ਅਤੇ ਲੇਖ ਅੰਦਰ ਪੜ੍ਹੋ ਜੀ)**

## ਕਿਸਾਨ ਮਸਲੇ ਸੁਲਝਾਉਣ ਲਈ ਅਮਿਤ ਸ਼ਾਹ ਨਿੱਜੀ ਦਖ਼ਲ ਦੇਣ- ਚੰਨੀ

**ਨਵੀਂ ਦਿੱਲੀ–** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਇਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਕਿਸਾਨਾਂ ਦੇ ਮੁੱਦੇ ਸੁਲਝਾਉਣ ਲਈ ਉਨ੍ਹਾਂ ਦੇ ਨਿੱਜੀ ਦਖ਼ਲ ਦੀ ਮੰਗ ਕੀਤੀ। ਉਨ੍ਹਾਂ ਕੇਂਦਰੀ ਮੰਤਰੀ ਨੂੰ ਖੇਤੀ ਕਾਨੂੰਨ ਛੇਤੀ ਹੀ ਰੱਦ ਕਰਨ ਦੀ ਅਪੀਲ ਵੀ ਕੀਤੀ। ਚੰਨੀ ਨੇ ਪੰਜਾਬ ਵਿਚ ਸਰਹੱਦ ਪਾਰੋਂ ਆਉਂਦੇ ਨਸ਼ਿਆਂ ਅਤੇ ਹਥਿਆਰਾਂ ਦੀ ਨਾਜਾਇਜ਼ ਤਸਕਰੀ ਦਾ ਮੁੱਦਾ ਵੀ ਚੁੱਕਿਆ। ਮੁੱਖ ਮੰਤਰੀ ਨੇ ਕੇਂ-ਦਰੀ ਗ੍ਰਹਿ ਮੰਤਰੀ ਨੂੰ ਸਰਹੱਦਾਂ ਸੀਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਕਦਮ ਨਾਲ ਨਸ਼ਿਆਂ ਦੀ ਸਪਲਾਈ ਤੋੜਨ ਵਿਚ ਮਦਦ ਮਿਲੇਗੀ। ਮੁੱਖ ਮੰਤਰੀ ਚੰਨੀ ਨੇ ਦੋ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਰਸਮੀ ਮੁਲਾਕਾਤ ਕਰਨ ਮਗਰੋਂ ਅੱਜ ਦਿੱਲੀ ਵਿਚ ਕੇਂ-ਦਰੀ ਗ੍ਰਹਿ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਪਲੇਠੀ ਮੁਲਾਕਾਤ ਕੀਤੀ। ਮੀਟਿੰਗ ਮਗਰੋਂ ਮੁੱਖ ਮੰਤਰੀ




ਨੇ ਉਮੀਦ ਜ਼ਾਹਿਰ ਕੀਤੀ ਕਿ ਉਨ੍ਹਾਂ ਨੂੰ ਅੱਜ ਸੁਖਾਵੇਂ ਮਾਹੌਲ ਵਿਚ ਹੋਈ ਗੱਲਬਾਤ ਤੋਂ ਬਾਅਦ ਇਸ ਦੇ ਉਸਾਰੂ ਸਿੱਟੇ ਨਿਕਲਣ ਦੀ ਆਸ ਹੈ। ਮੁੱਖ ਮੰਤਰੀ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਕਰਦੇ ਹੋਏ ਅਮਿਤ ਸ਼ਾਹ ਨੂੰ ਕਿਹਾ ਕਿ ਇਸ ਸਬੰਧੀ ਛੇਤੀ ਹੀ ਕੋਈ ਫ਼ੈਸਲਾ ਲਿਆ ਜਾਵੇ ਤਾਂ ਜੋ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਸਕਣ। ਇਸ ਸਬੰਧੀ ਅਮਿਤ ਸ਼ਾਹ ਨੇ ਮੁੱਖ ਮੰਤਰੀ ਨੂੰ ਯਕੀਨ ਦਿਵਾਇਆ ਕਿ ਉਹ ਵਿਆਪਕ ਚਰਚਾ ਮਗਰੋਂ ਲਾਂਘਾ ਖੋਲ੍ਹਣ ਬਾਰੇ ਫ਼ੈਸਲਾ ਲੈਣਗੇ।

**ਨਵੇਂ ਡੀਜੀਪੀ ਬਾਰੇ ਹੋਈ ਚਰਚਾ?**

ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਨਵੇਂ ਡੀਜੀਪੀ ਲਈ ਤਿੰਨ ਨਾਵਾਂ ਦਾ ਪੈਨਲ ਭੇਜਿਆ ਜਾਣਾ ਹੈ। ਪੰਜਾਬ ਸਰਕਾਰ ਨੇ ਯੂਪੀਐੱਸਸੀ ਨੂੰ 10 ਨਾਮ ਭੇਜੇ ਸਨ, ਜਿਨ੍ਹਾਂ ਬਾਰੇ ਅਸਿੱਧੇ ਤੌਰ 'ਤੇ ਫ਼ੈਸਲਾ ਕੇਂਦਰੀ ਗ੍ਰਹਿ ਮੰਤਰੀ ਨੇ ਹੀ ਕਰਨਾ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਚੰਨੀ ਨੇ ਕੇਂਦਰੀ ਗ੍ਰਹਿ ਮੰਤਰੀ

**(ਬਾਕੀ ਸਫਾ 5 'ਤੇ)**

## ਬਾਮਸੇਫ ਇਕ ਜਾਣਕਾਰੀ




**ਬਾਮਸੇਫ ਇਕ ਜਾਣਕਾਰੀ**

ਵਿਸ਼ੇਸ਼ ਸਬੰਧਤ ਮੈਟਰ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ, ਜੋ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮਿਸ਼ਨਰੀ ਵਿਚਾਰਧਾਰਾ ਨੂੰ ਸਮਰਪਿਤ ਹੋਵੇਗਾ।

## ਟੈਕਸਾਸ 'ਚ ਪੰਜਾਬੀ ਮੂਲ ਦੇ ਪੁਲਿਸ ਅਫਸਰ ਦੇ ਨਾਮ 'ਤੇ ਰੱਖਿਆ ਡਾਕਘਰ ਦਾ ਨਾਂ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ– ਫਰਿਜ਼ਨੋ (ਕੈਲੀਫੋਰਨੀਆ)–** ਪੰਜਾਬੀ ਲੋਕ ਦੁਨੀਆਂ ਵਿੱਚ ਜਿੱਥੇ ਵੀ ਜਾਂਦੇ ਹਨ, ਆਪਣੀ ਮਿਹਨਤ ਦੇ ਸਿਰ 'ਤੇ ਮਾਣਮੱਤਾ ਮੁਕਾਮ ਹਾਸਲ ਕਰਦੇ ਹਨ । ਅਮਰੀਕਾ ਵਿੱਚ ਵੀ ਪੰਜਾਬੀ ਮੂਲ ਦੇ ਲੋਕਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਕਾਰੋਬਾਰਾਂ ਅਤੇ ਹੋਰ ਖੇਤਰਾਂ ਦੇ ਨਾਲ ਨਾਲ ਪੰਜਾਬੀ ਲੋਕ ਅਮਰੀਕੀ ਪੁਲਿਸ, ਸੈਨਾ ਵਿੱਚ ਵੀ ਸੇਵਾਵਾਂ ਨਿਭਾਅ ਰਹੇ ਹਨ। ਅਜਿਹਾ ਹੀ ਇੱਕ ਪੰਜਾਬੀ ਮੂਲ ਦਾ ਵਿਅਕਤੀ ਸੰਦੀਪ ਸਿੰਘ ਧਾਲੀਵਾਲ ਅਮਰੀਕੀ ਪੁਲਿਸ ਵਿੱਚ ਅਫਸਰ ਸੀ, ਜਿਸਨੇ ਕਿ ਪੰਜਾਬੀ ਕੌਮ ਦਾ ਨਾਮ ਰੌਸ਼ਨ ਕੀਤਾ । ਟੈਕਸਾਸ ਦੇ ਪੱਛਮੀ ਹਿਊਸਟਨ ਵਿੱਚ ਇਕ ਡਾਕਘਰ ਦਾ ਨਾਂ ਬਦਲ ਕੇ ਇਸ ਭਾਰਤੀ-ਅਮਰੀਕੀ ਸਿੱਖ ਪੁਲਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਨਾਂ 'ਤੇ ਰੱਖਿਆ ਗਿਆ ਹੈ, ਜੋ ਕਿ ਭਾਈਚਾਰੇ ਲਈ ਇੱਕ ਮਾਣ ਵਾਲੀ ਗੱਲ ਹੈ। ਜਿਕਰਯੋਗ ਹੈ ਕਿ ਸੰਦੀਪ ਸਿੰਘ ਧਾਲੀਵਾਲ ਦੀ 2019 ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਸੰਦੀਪ ਧਾਲੀਵਾਲ (42) ਨੂੰ 27 ਸਤੰਬਰ




2019 ਨੂੰ ਉਸ ਸਮੇਂ ਗੋਲੀ ਮਾਰੀ ਗਈ ਸੀ, ਜਦੋਂ ਉਹ ਡਿਊਟੀ 'ਤੇ ਸੀ। ਇਹ ਸਿੱਖ ਅਮਰੀਕੀ ਪੁਲਿਸ ਅਧਿਕਾਰੀ 2015 ਵਿੱਚ ਸੁਰਖੀਆਂ ਵਿੱਚ ਆਇਆ ਸੀ, ਜਦੋਂ ਉਹ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਦਾ ਅਧਿਕਾਰ ਪਾਉਣ ਵਾਲਾ ਟੈਕਸਾਸ ਦਾ ਪਹਿਲਾ ਸਿੱਖ ਪੁਲਸ ਅਧਿਕਾਰੀ ਬਣਿਆ ਸੀ। ਮੰਗਲਵਾਰ ਨੂੰ ਉਨ੍ਹਾਂ ਦੀ ਯਾਦ ਵਿਚ ਇੱਕ ਸਮਾਰੋਹ ਆਯੋਜਿਤ ਕੀਤਾ ਗਿਆ, ਜਿੱਥੇ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਨਾਮ ਤਬਦੀਲੀ ਦਾ ਮਤਾ ਪੇਸ਼ ਕਰਨ ਵਾਲੀ ਮਹਿਲਾ ਸੰਸਦ ਮੈਂਬਰ ਲੀਜ਼ੀ ਫਲੇਚਰ ਨੇ ਕਿਹਾ ਕਿ 315 ਐਡਿਕਸ ਹਾਵੇਲ ਰੋਡ ਸਥਿਤ ਡਾਕਘਰ ਦਾ ਨਾਂ ਉਨ੍ਹਾਂ ਦੇ ਨਾਮ ਤੇ ਰੱਖਣਾ ਉਚਿਤ ਹੈ, ਕਿਉਂਕਿ ਉਨ੍ਹਾਂ ਨੇ ਭਾਈਚਾਰੇ ਦੀ ਸੇਵਾ ਲਈ ਆਪਣੀ ਜਾਨ ਦੇ ਦਿੱਤੀ ਸੀ। ਫਲੈਚਰ ਅਨੁਸਾਰ ਧਾਲੀਵਾਲ ਦੇ ਨਿਰਸਵਾਰਥ ਸੇਵਾ ਵਾਲੇ ਜੀਵਨ ਨੂੰ ਯਾਦਗਾਰ ਬਨਾਉਣ ਵਿੱਚ ਇੱਕ ਭੂਮਿਕਾ ਨਿਭਾਅ ਕੇ, ਉਹ ਮਾਣ ਮਹਿਸੂਸ ਕਰ ਰਹੀ ਹੈ। ਇਸ ਇਮਾਰਤ ਦਾ ਨਾਂ ਬਦਲ ਕੇ 'ਡਿਪਟੀ ਸੰਦੀਪ ਸਿੰਘ ਧਾਲੀਵਾਲ ਪੋਸਟ ਆਫਿਸ' ਰੱਖਣ ਲਈ ਇਕ ਬਿੱਲ ਪਾਸ ਕਰਨ ਲਈ ਭਾਈਚਾਰਕ ਭਾਈਵਾਲਾਂ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਕੰਮ ਕਲਕੇ ਫਲੈਚਰ ਨੇ ਖੁਸ਼ੀ ਪ੍ਰਗਟ ਕੀਤੀ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN Broker Realtor RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg (CA)
## Gurughar's coming programs

**October 10, 2021**
**Barsi of**
**Hazoor Shri Nabh Kanwal Raja Sahib**

Dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 81st Barsi. Akhand path will begin on 10-08-2021, Friday at 10:00 AM, and conclude on Sunday 10-10-2021.RaggiJathas will be coming to delight Sangat with Shabad Kirtan. May Akal Purakh bless HIS devotees.

**October 17, 2021**
**Barsi of Master Gurbachan Singh Ji**

Bhai Kanwaljit Singh and family will be hosting Sukhmani Sahib path and Langar Sewa on the occasion of their fathers first Barsi.Family is asking Sangat to join them in the Ardass.

**November 4, 2021 Diwali Celebration**

Diwali will be celebrated in the Gurughar at 6:00 pm on November 4, 2021. Sukhmani Sahib Path and Langar Sewa will be hosted by Ramesh Suman, Gyan Suman and family.Please come and enjoy festivities after Gurbani Kirtan and Ardass for the entire Sangat.

# 2021-2022 Committee of
## Sri Guru Ravidass Sabha Pittsburg (CA)



**EXECUTIVE COMMITTEE**

Kulwant Kaur Banga (Chairperson), Surinder Rattu (Vice-Chairman), Jagtar Singh Bhatia (President), Harmesh Bangar (Vice President), Harbans Kalu (2nd Vice President), Abhishek Pal Narabut (General Secretary), Naresh Kumar (Assistant Secretary), Joginder Singh (2nd Assistant Secretary), Sunita K. Singh (Treasurer), Vinod Kumar Jakhu (Assistant Treasurer).

**ADVISORY COMMITTEE**

Ramesh Suman, O.P. Balley, Balbir Mall, Jagdev Ram, Jaila Jaggi

**BOARD OF DIRECTORS**

Ashok Kumar Ralh, Dharam Pal Chonkria, Gurnam Singh Rattu, Gyan Suman, Harbans Singh Rattu, Kashmiri Bhatia, Major Bhatia, Paras Ram, Prem Lal Saroay, Santokh Madhar, Shinder Paul Narabut

**CO OPT MEMBERS**

Baksho Jaggi, Salinder Singh Bhatia, Simer Kaur, Satya Dass

**LEGAL COMMITTEE**

Shashi K Paul, Ajay Pal Ram

# ਲਖੀਮਪੁਰ ਖੀਰੀ 'ਚ ਹਿੰਸਾ, ਚਾਰ ਕਿਸਾਨਾਂ ਸਣੇ ਅੱਠ ਦੀ ਮੌਤ

## ਮੰਤਰੀ ਦੇ ਪੁੱਤਰ 'ਤੇ ਮੁਕੱਦਮਾ ਦਰਜ, ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਲਈ 45-45 ਲੱਖ ਮੁਆਵਜ਼ਾ





**ਨਵੀਂ ਦਿੱਲੀ/ਲਖੀਮਪੁਰ ਖੀਰੀ–** ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜਿਲ੍ਹੇ ਵਿਚ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਦੌਰੇ ਦੌਰਾਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਤੇ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਵਿਚਾਲੇ ਟਕਰਾਅ ਹੋ ਗਿਆ। ਇਸ ਦੌਰਾਨ ਹੋਈ ਹਿੰਸਾ 'ਚ ਅੱਠ ਜਣਿਆਂ ਦੀ ਮੌਤ ਹੋ ਗਈ ਹੈ। ਪੁਲੀਸ ਮੁਤਾਬਕ ਮ੍ਰਿਤਕਾਂ ਵਿਚ ਚਾਰ ਕਿਸਾਨ ਸ਼ਾਮਲ ਹਨ। ਸੰਯੁਕਤ ਕਿਸਾਨ ਮੋਰਚੇ ਨੇ ਘਟਨਾ ਲਈ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਤੇ ਸਾਥੀਆਂ ਨੂੰ ਜ਼ੰਮੇਵਾਰ ਠਹਿਰਾਇਆ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਮੰਤਰੀ ਦੇ ਪੁੱਤਰ ਅਤੇ ਉਸ ਦੇ ਸਮਰਥਕਾਂ ਦੀਆਂ ਗੱਡੀਆਂ ਨੇ ਪਹਿਲਾਂ ਕਿਸਾਨਾਂ ਨੂੰ ਦਰੜ ਦਿੱਤਾ। ਦੋ ਰਾਹਗੀਰ ਵੀ ਗੱਡੀ ਹੇਠ ਆ ਕੇ ਮਾਰੇ ਗਏ। ਇਸ ਤੋਂ ਬਾਅਦ ਹਿੰਸਾ ਸ਼ੁਰੂ ਹੋਈ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰੀ ਮੰਤਰੀ ਦਾ ਪੁੱਤਰ ਅਜੈ ਮਿਸ਼ਰਾ ਖ਼ੁਦ ਵੀ ਇਕ ਕਾਰ ਵਿਚ ਮੌਜੂਦ ਸੀ ਜਿਸ ਨੇ ਕਿਸਾਨਾਂ ਨੂੰ ਟੱਕਰ ਮਾਰੀ। ਪਰ ਅਧਿਕਾਰੀਆਂ ਦਾ ਵੇਖਦਿਆਂ ਸੀਨੀਅਰ ਪੁਲੀਸ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ। ਇਸ ਦੌਰਾਨ ਕਿਸਾਨਾਂ ਵੱਲੋਂ ਦੇਰ ਰਾਤ ਬਾਗਪਤ ਹਾਈਵੇਅ ਜਾਮ ਕੀਤੇ ਜਾਣ ਦੀਆਂ ਵੀ ਰਿਪੋਰਟਾਂ ਹਨ। ਦਿੱਲੀ–ਸਹਾਰਨਪੁਰ ਰੋਡ 'ਤੇ ਵੀ ਕਿਸਾਨਾਂ ਨੇ ਧਰਨਾ ਲਾ ਦਿੱਤਾ ਹੈ। ਕਿਸਾਨਾਂ ਨੇ ਸ਼ਾਮਲੀ ਦੀਆਂ ਸੜਕਾਂ 'ਤੇ ਲੇਟ ਕੇ ਆਪਣਾ ਰੋਸ ਜਤਾਇਆ। ਉਧਰ ਪੱਛਮੀ ਬੰਗਾਲ ਦੀ ਮੁੱਖ ਮਮਤਾ ਬੈਨਰਜੀ ਨੇ ਲਖੀਮਪੁਰ ਖੀਰੀ ਵਿੱਚ ਵਾਪਰੇ ਘਟਨਾਕ੍ਰਮ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਾਰਟੀ ਦਾ ਵਫ਼ਦ ਭਲਕੇ ਯੂਪੀ ਦਾ ਦੌਰਾ ਕਰਕੇ ਪੀੜਤ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲੇਗਾ। ਕਿਸਾਨ ਆਗੂ ਧਰਮਿੰਦਰ ਮਲਿਕ ਨੇ ਕਿਹਾ ਕਿ ਪੱਛਮੀ ਯੂਪੀ ਦੇ ਮੁਰਾਦਾਬਾਦ, ਪੀਲੀਭੀਤ ਤੇ ਰਾਮਪੁਰ ਆਦਿ ਸ਼ਹਿਰਾਂ ਵਿੱਚ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਲਖੀਮਪੁਰ ਖੀਰੀ ਵੱਲ ਰਵਾਨਾ ਹੋ ਗਏ। ਉਨ੍ਹਾਂ ਕਿਹਾ ਕਿ ਪੁਲੀਸ ਨੇ ਥਾਂ ਥਾਂ 'ਤੇ ਨਾਕੇ ਲਾਏ ਹੋਏ ਹਨ।

### ਪ੍ਰਿਯੰਕਾ ਗਾਂਧੀ, ਦੀਪੇਂਦਰ ਹੁੱਡਾ ਤੇ ਹੋਰ ਕਈ ਨੇਤਾਵਾਂ 'ਤੇ ਕੇਸ ਦਰਜ

ਸੀਤਾਪੁਰ (ਯੂਪੀ)–ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ, ਦੀਪੇਂਦਰ ਹੁੱਡਾ, ਕੁਲਦੀਪ ਵਤਸ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਅਜੈ ਕੁਮਾਰ ਲੱਲੂ ਸਮੇਤ 10 ਨੇਤਾਵਾਂ ਖ਼ਿਲਾਫ਼ ਫੌਜਦਾਰੀ ਮਾਮਲੇ ਦਰਜ ਕੀਤੇ ਗਏ ਹਨ। ਵਰਨਣਯੋਗ ਹੈ ਕਿ ਲਖੀਮਪੁਰ ਖੀਰੀ ਜਾਣ ਵੇਲੇ ਪੁਲੀਸ ਨੇ ਇਨ੍ਹਾਂ ਨੂੰ ਰੋਕ ਕੇ ਹਿਰਾਸਤ ਵਿੱਚ ਲੈ ਲਿਆ ਸੀ। ਇਸ ਤੋਂ ਪਹਿਲਾਂ ਸੂਬਾ ਕਾਂਗਰਸ ਪ੍ਰਧਾਨ ਅਜੈ ਕੁਮਾਰ ਲੱਲੂ ਨੇ ਅੱਜ ਦੱਸਿਆ ਕਿ ਸ੍ਰੀਮਤੀ ਵਾਡਰਾ ਸਮੇਤ ਪੰਜ ਨੇਤਾਵਾਂ ਨੂੰ ਹਿਰਾਸਤ ਵਿੱਚ ਲਏ 28 ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ। ਵਾਡਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵੀਟ ਕਰਕੇ ਕਿਹਾ ਹੈ ਕਿ ਮੋਦੀ ਜੀ ਤੁਹਾਡੀ ਸਰਕਾਰ ਨੇ ਬਗ਼ੈਰ ਕਿਸੇ ਹੁਕਮ ਤੋਂ ਉਨ੍ਹਾਂ ਨੂੰ 28 ਘੰਟਿਆਂ ਤੋਂ ਹਿਰਾਸਤ ਵਿੱਚ ਰੱਖਿਆ ਹੈ।

### ਸਾਰੀਆਂ ਵਿਰੋਧ ਧਿਰਾਂ ਇਕਜੁੱਟ ਹੋ ਜਾਣ: ਸੰਜੈ ਰਾਉਤ

ਨਵੀਂ ਦਿੱਲੀ–ਸਿਵ ਸੈਨਾ ਦੇ ਸੀਨੀਅਰ ਨੇਤਾ ਸੰਜੇ ਰਾਉਤ ਨੇ ਅੱਜ ਕਿਹਾ ਹੈ ਕਿ ਲਖੀਮਪੁਰ ਖੀਰੀ ਘਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਜ਼ਰੂਰਤ ਹੈ ਅਤੇ ਉਹ ਅੱਜ ਸ਼ਾਮ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨਗੇ।

### ਛੱਤੀਸਗੜ੍ਹ ਦੇ ਮੁੱਖ ਮੰਤਰੀ ਨੂੰ ਲਖਨਊ ਹਵਾਈ ਅੱਡੇ 'ਤੇ ਰੋਕਿਆ




ਚੰਡੀਗੜ੍ਹ– ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੂੰ ਅੱਜ ਲਖਨਊ ਹਵਾਈ ਅੱਡੇ ਵਿੱਚ ਉਦੋਂ ਰੋਕ ਲਿਆ ਜਦੋਂ ਉਹ ਲਖੀਮਪੁਰ ਖੀਰੀ ਹਿੰਸਾ ਸਬੰਧੀ ਪੀੜਤਾਂ ਨੂੰ ਮਿਲਣ ਜਾ ਰਹੇ ਸਨ। ਰੋਕੇ ਜਾਣ ਬਾਅਦ ਮੁੱਖ ਮੰਤਰੀ ਹਵਾਈ ਅੱਡੇ 'ਤੇ ਭੁੰਜੇ ਹੀ ਬੈਠ ਗਏ।

### ਲਖੀਮਪੁਰ ਖੀਰੀ ਹਿੰਸਾ 'ਚ ਮਰੇ ਪੱਤਰਕਾਰ ਦੇ ਵਾਰਸਾਂ ਨੂੰ ਮਆਵਜ਼ੇ ਲਈ ਪ੍ਰਦਰਸ਼ਨ

ਲਖੀਮਪੁਰ ਖੀਰੀ ਵਿੱਚ ਹਿੰਸਾ ਦੌਰਾਨ ਮਾਰੇ ਗਏ ਅੱਠ ਵਿਅਕਤੀਆਂ ਵਿੱਚ 28 ਸਾਲਾ ਪੱਤਰਕਾਰ ਵੀ ਸ਼ਾਮਲ ਸੀ। ਸਥਾਨਕ ਪੱਤਰਕਾਰਾਂ ਨੇ ਪੱਤਰਕਾਰ ਰਮਨ ਕਸ਼ਯਪ ਦੇ ਪਰਿਵਾਰ ਲਈ 50 ਲੱਖ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ, ਜੋ ਨਿੱਜੀ ਟੀਵੀ ਚੈਨਲ ਲਈ ਕੰਮ ਕਰਦਾ ਸੀ। ਉਨ੍ਹਾਂ ਪੱਤਰਕਾਰ ਦੀ ਪਤਨੀ ਨੂੰ ਨੌਕਰੀ ਦੇਣ ਅਤੇ ਮਾਮਲੇ ਦੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ। ਕਸ਼ਯਪ (28) ਲਖੀਮਪੁਰ ਖੀਰੀ ਜ਼ਿਲ੍ਹੇ ਦੀ ਨਿਘਾਸਨ ਤਹਿਸੀਲ ਦਾ ਵਸਨੀਕ ਸੀ। ਪੱਤਰਕਾਰ ਦੀ ਮੌਤ ਖ਼ਿਲਾਫ਼ ਪੱਤਰਕਾਰਾਂ ਨੇ ਧਰਨਾ ਦਿੱਤਾ। ਇਸ ਵਿੱਚ ਮਰਹੂਮ ਦਾ ਪਿਤਾ ਵੀ ਸ਼ਾਮਲ ਸੀ।

### ਅਖਿਲੇਸ਼, ਰਾਮੂਵਾਲੀਆ, ਮਿਸ਼ਰਾ ਅਤੇ ਹੋਰਾਂ ਨੂੰ ਹਿਰਾਸਤ 'ਚ ਲਿਆ

ਨਵੀਂ ਦਿੱਲੀ– ਲਖੀਮਪੁਰ ਖੀਰੀ 'ਚ ਕਿਸਾਨਾਂ ਨਾਲ ਹਮਦਰਦੀ ਜਤਾਉਣ ਲਈ ਜਾਣ ਦੀ ਕੋਸ਼ਿਸ਼ ਕਰ ਰਹੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਸਕੱਤਰ ਜਨਰਲ ਰਾਮ ਗੋਪਾਲ, ਪਾਰਟੀ ਐੱਮਐੱਲਸੀ ਤੇ ਸਾਬਕਾ ਕੇਂ–ਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਅਹਿਮਦ ਹਸਨ ਅਤੇ ਹੋਰ ਆਗੂਆਂ ਨੂੰ ਲਖਨਊ 'ਚ ਅਖਿਲੇਸ਼ ਦੇ ਘਰ ਦੇ ਬਾਹਰ ਹਿਰਾਸਤ ਵਿੱਚ ਲੈ ਲਿਆ ਗਿਆ। ਅਖਿਲੇਸ਼ ਨੂੰ ਘਰ 'ਚ ਨਜ਼ਰਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਜਦੋਂ ਪਾਰਟੀ ਸਮਰਥਕ ਪਹੁੰਚੇ ਤਾਂ ਉਹ ਵੀ ਘਰ ਤੋਂ ਬਾਹਰ ਆ ਗਏ। ਅਖਿਲੇਸ਼ ਯਾਦਵ ਨੇ ਈਕੋ ਗਾਰਡਨ ਪਾਰਕ ਤੱਕ ਪੈਦਲ ਮਾਰਚ ਕਰਨ ਦੀ ਜ਼ਿਦ ਕੀਤੀ ਪਰ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ। ਉਹ ਉਥੇ ਹੀ ਧਰਨਾ ਲਾ ਕੇ ਬੈਠ ਗਏ। ਇਸ ਦੌਰਾਨ ਪੁਲੀਸ ਦੀ ਇਕ ਜੀਪ ਨੂੰ ਅੱਗ ਲਗਾ ਦਿੱਤੀ ਗਈ। ਉਧਰ ਬਸਪਾ ਦੇ ਜਨਰਲ ਸਕੱਤਰ ਸਤੀਸ਼ ਚੰਦਰ ਮਿਸ਼ਰਾ ਨੂੰ ਵੀ ਲਖੀਮਪੁਰ ਜਾਣ ਤੋਂ ਰੋਕਣ ਲਈ ਲਖਨਊ 'ਚ ਰੋਕ ਦਿੱਤਾ ਗਿਆ। ਪਾਰਟੀ ਸੁਪਰੀਮੋ ਮਾਇਆਵਤੀ ਨੇ ਕਿਹਾ ਕਿ ਮਿਸ਼ਰਾ ਨੂੰ ਕੱਲ ਅੱਧੀ ਰਾਤ ਤੋਂ ਹੀ ਘਰ 'ਚ ਨਜ਼ਰਬੰਦ ਕਰ ਦਿੱਤਾ ਗਿਆ ਸੀ ਤਾਂ ਜੋ ਉਹ ਕਿਸਾਨਾਂ ਦਾ ਹਾਲ ਜਾਣਨ ਲਈ ਲਖੀਮ–ਪੁਰ ਨਾ ਜਾ ਸਕਣ। ਇਸ ਦੌਰਾਨ ਭੀਮ ਆਰਮੀ ਦੇ ਮੁਖੀ ਚੰ–ਦਰਸ਼ੇਖਰ ਆਜ਼ਾਦ ਨੂੰ ਪੁਲੀਸ ਨੇ ਖੈਰਾਬਾਦ 'ਚ ਹਿਰਾਸਤ 'ਚ ਲੈ ਲਿਆ। ਇਸ ਦੌਰਾਨ ਯੂਪੀ ਪੁਲੀਸ ਨੇ 'ਆਪ' ਦੇ ਸੰਸਦ ਮੈਂਬਰ ਸੰਜੈ ਸਿੰਘ ਨੂੰ ਵੀ ਲਖੀਮਪੁਰ ਖੀਰੀ ਜਾਣ ਤੋਂ ਰੋਕ ਦਿੱਤਾ। ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਦੇ ਸੀਤਾਪੁਰ ਵਿੱਚ ਰੋਕਿਆ ਗਿਆ।

### ਹਿਰਾਸਤ 'ਚ ਲੈਣ ਮਗਰੋਂ ਭੁੱਖ ਹੜਤਾਲ 'ਤੇ ਬੈਠੀ ਪ੍ਰਿਯੰਕਾ

ਲਖਨਊ– ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅੱਜ ਯੂਪੀ ਦੇ ਸੀਤਾਪੁਰ ਵਿੱਚ ਹਿਰਾਸਤ ਵਿੱਚ ਲਏ ਜਾਣ ਮਗਰੋਂ ਭੁੱਖ ਹੜਤਾਲ 'ਤੇ ਬੈਠ ਗਈ। ਯੂਪੀ ਪੁਲੀਸ ਨੇ ਲਖੀਮਪੁਰ ਖੀਰੀ ਲਈ ਰਵਾਨਾ ਹੋਈ ਪ੍ਰਿਯੰਕਾ ਨੂੰ ਰਾਹ ਵਿੱਚ ਰੋਕ ਕੇ ਹਿਰਾਸਤ ਵਿੱਚ ਲੈ ਲਿਆ। ਪ੍ਰਿਯੰਕਾ ਹੋਰਨਾਂ ਕਾਂਗਰਸੀ ਆਗੂਆਂ, ਜਿਨ੍ਹਾਂ ਵਿੱਚ ਦੀਪੇਂਦਰ ਹੁੱਡਾ ਵੀ ਸ਼ਾਮਲ ਸਨ, ਨਾਲ ਸਵੇਰੇ ਕਿਸੇ ਤਰ੍ਹਾਂ ਲਖੀਮਪੁਰ ਸਰਹੱਦ 'ਤੇ ਪੁੱਜੀ, ਪਰ ਪੁਲੀਸ ਨੇ ਕਾਂਗਰਸੀ ਆਗੂ ਨੂੰ ਹਿੰਸਾ ਵਿੱਚ ਮਾਰੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਮਿਲਣ ਤੋਂ ਰੋਕ ਦਿੱਤਾ। ਯੂਪੀ ਕਾਂਗਰਸ ਨੇ ਇਕ ਟਵੀਟ ਵਿੱਚ ਕਿਹਾ, ''ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਹ ਹੁਣ ਭੁੱਖ ਹੜਤਾਲ 'ਤੇ ਹਨ।

ਕਾਂਗਰਸੀ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਜਾਰੀ ਹੈ। ਸਰਕਾਰ ਨੂੰ ਸਾਡੀਆਂ ਮੰਗਾਂ ਅੱਗੇ ਝੁਕਣਾ ਹੋਵੇਗਾ। ਨਿਆਂ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਚੁੱਕਿਆ ਜਾਵੇਗਾ।'' ਪਾਰਟੀ ਵੱਲੋਂ ਰਿਲੀਜ਼ ਵੀਡੀਓ ਵਿੱਚ ਪ੍ਰਿਯੰਕਾ ਗਾਂਧੀ ਇਕ ਕਮਰੇ, ਜਿਸ ਵਿੱਚ ਉਸ ਨੂੰ ਰੱਖਿਆ ਗਿਆ ਹੈ, ਦੀ ਸਾਫ਼ ਸਫ਼ਾਈ ਕਰਦੀ ਨਜ਼ਰ ਆ ਰਹੀ ਹੈ। ਕਾਂਗਰਸ ਦੇ ਸੂਬਾਈ ਪ੍ਰਧਾਨ ਅਜੈ ਕੁਮਾਰ ਲੱਲੂ ਨੇ ਕਿਹਾ ਕਿ ਕਾਂਗਰਸੀ ਆਗੂ ਤੇ ਵਰਕਰਾਂ ਨੂੰ ਇਸ ਤਰ੍ਹਾਂ ਰੋਕਣਾ 'ਗੈਰਜਮਹੂਰੀ' ਹੈ। ਦੱਸਣਾ ਬਣਦਾ ਹੈ ਕਿ ਪ੍ਰਿਯੰਕਾ ਗਾਂਧੀ ਐਤਵਾਰ ਦੇਰ ਰਾਤ ਹੀ ਲਖੀਮਪੁਰ ਖੀਰੀ ਲਈ ਰਵਾਨਾ ਹੋ ਗਈ ਸੀ। ਉਹ ਬਦਲਵੇਂ ਰਸਤਿਆਂ ਰਾਹੀਂ ਸੀਤਾਪੁਰ ਦੇ ਹਰਗਾਓਂ ਖੇਤਰ ਵਿੱਚ ਪੁੱਜੇ ਕਿਉਂਕਿ ਮੁੱਖ ਸੜਕਾਂ 'ਤੇ ਵੱਡੀ ਗਿਣਤੀ ਸੁਰੱਖਿਆ ਮੁਲਾਜ਼ਮ ਤਾਇਨਾਤ ਸਨ। ਇਕ ਟਵੀਟ 'ਚ ਪ੍ਰਿਯੰਕਾ ਨੇ ਕਿਹਾ, ''ਭਾਜਪਾ ਸਰਕਾਰ ਕਿਸਾਨਾਂ ਨੂੰ ਪੈਰਾਂ ਹੇਠ ਮਧੋਲਣ ਤੇ ਉਨ੍ਹਾਂ ਨੂੰ ਖ਼ਤਮ ਕਰਨ ਦੀ ਸਿਆਸਤ ਖੇਡ ਰਹੀ ਹੈ।''

# ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦਾ ਗੋਰਖਪੁਰ ਦੌਰਾ ਰੱਦ

**ਲਖਨਊ–** ਲਖੀਮਪੁਰ ਖੀਰੀ ਦੀ ਘਟਨਾ ਤੋਂ ਬਾਅਦ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਐਤਵਾਰ ਨੂੰ ਗੋਰਖਪੁਰ ਰਾਤ ਦੀ ਯਾਤਰਾ ਦੇ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ। ਮੁੱਖ ਮੰਤਰੀ ਨੇ ਅੱਜ ਗੋਰਖਪੁਰ 'ਚ ਰਹਿਣਾ ਸੀ, ਪਰ ਲਖੀਮਪੁਰ ਖੀਰੀ ਦੀ ਘਟਨਾ ਤੋਂ ਬਾਅਦ ਸਾਰੇ ਪ੍ਰੋਗਰਾਮ ਰੱਦ ਕਰ ਕੇ ਲਖਨਊ ਪਰਤ ਰਹੇ ਹਨ। ਉਹ ਖ਼ੁਦ ਪੂਰੇ ਮਾਮਲੇ ਦੀ ਮਾਨੀਟਰਿੰਗ ਕਰ ਰਹੇ ਹਨ। ਦੇਰ ਸ਼ਾਮ ਲਖਨਊ ਪਰਤਣ 'ਤੇ ਘਟਨਾ ਨੂੰ ਲੈ ਕੇ ਉੱਚ ਪੱਧਰੀ ਬੈਠਕ ਕਰਨਗੇ।

ਯੂਪੀ ਦੇ ਲਖੀਮਪੁਰ ਖੀਰੀ 'ਚ ਉਪ ਮੁੱਖ ਮੰਰਤੀ ਕੇਸ਼ਵ ਪ੍ਰਸਾਦ ਮੌਰੀਆ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਦੇ ਪਿੰਡ ਆਉਣ ਤੋਂ ਪਹਿਲਾਂ ਹੀ ਭਾਰੀ ਬਵਾਲ ਹੋ ਗਿਆ। ਮੰਤਰੀ ਦੇ ਪਿੰਡ ਤੋਂ ਸੱਤ ਕਿਲੋਮੀਟਰ ਪਹਿਲਾਂ ਤਿਕੁਨਿਆ ਕਸਬੇ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਕੁਚਲਦੀਆਂ ਹੋਈਆਂ ਦੋ ਕਾਰਾਂ ਨਿਕਲ ਗਈਆਂ। ਇਸ ਹਾਦਸੇ 'ਚ ਤਿੰਨ ਕਿਸਾਨਾਂ ਦੀ ਮੌਤ ਹੋ ਗਈ ਅਤੇ ਕਈ ਕਿਸਾਨ



ਜ਼ਖ਼ਮੀ ਹੋਏ ਹਨ। ਸ਼ਾਮ ਨੂੰ ਦੋ ਲਾਸ਼ਾਂ ਜ਼ਿਲ੍ਹਾ ਹਸਪਤਾਲ ਲਿਆਂਦੀਆਂ ਗਈਆਂ। ਕਈ ਹੋਰ ਜ਼ਖ਼ਮੀਆਂ ਨੂੰ ਦਾਖਲ ਕਰਵਾਇਆ ਗਿਆ ਹੈ। ਹਾਦਸੇ ਤੋਂ ਬਾਅਦ ਕਿਸਾਨ ਭੜਕ ਗਏ ਅਤੇ ਉਨ੍ਹਾਂ ਨੇ ਗੱਡੀਆਂ ਤੋੜ ਦਿੱਤੀਆਂ। ਉਨ੍ਹਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ।

### ਗੋਲੀ ਲੱਗਣ ਨਾਲ ਨਹੀਂ ਹੋਈ ਕਿਸੇ ਵੀ ਕਿਸਾਨ ਦੀ ਮੌਤ

ਲਖੀਮਪੁਰ ਖੀਰੀ ਹਿੰਸਾ ਵਿੱਚ ਮਾਰੇ ਗਏ ਅੱਠ ਲੋਕਾਂ ਦੀ ਪੋਸਟਮਾਰਟਮ ਰਿਪੋਰਟ ਆ ਚੁੱਕੀ ਹੈ ਅਤੇ ਇਹ ਖੁਲਾਸਾ ਹੋਇਆ ਹੈ ਕਿ ਗੋਲੀਆਂ ਲੱਗਣ ਕਾਰਨ ਮਰਨ ਵਾਲਿਆਂ ਵਿੱਚੋਂ ਕੋਈ ਨਹੀਂ ਹੈ।

ਪੋਸਟਮਾਰਟਮ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਝ ਦੀ ਮੌਤ ਸਦਮੇ ਨਾਲ ਹੋਈ ਅਤੇ ਕੁਝ ਦੀ ਖ਼ੂਨ ਵਹਿਣ ਨਾਲ ਮੌਤ ਹੋਈ, ਪਰ ਪੋਸਟਮਾਰਟਮ ਰਿਪੋਰਟ ਵਿੱਚ ਗੋਲੀਆਂ ਲੱਗਣ ਦੀ ਗੱਲ ਨਹੀਂ ਕੀਤੀ ਗਈ। ਜਿਕਰਯੋਗ ਹੈ ਕਿ ਇਕ ਪਰਿਵਾਰ ਨੇ ਪੋਸਟ ਮਾਰਟਮ ਦੀ ਦੁਬਾਰਾ ਮੰਗ ਕੀਤੀ ਹੈ।

# ਫਰਿਜ਼ਨੋ ਏਰੀਏ ਦੀ ਉੱਘੀ ਸ਼ਖ਼ਸੀਅਤ ਜਗਜੀਤ ਸਿੰਘ ਥਿੰਦ ਦਾ ਹੋਇਆ ਦਿਹਾਂਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜ਼ਨੋ (ਕੈਲੀਫੋਰਨੀਆ)–** ਫਰਿਜ਼ਨੋ ਏਰੀਏ ਦੀ ਉੱਘੀ ਸ਼ਖ਼ਸੀਅਤ ਬਾਪੂ ਜਗਜੀਤ ਸਿੰਘ ਥਿੰਦ ਅੱਜ 91 ਸਾਲ ਦੀ ਉਮਰ ਭੋਗਕੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਬਾਪੂ ਜੀ ਨੇ ਲੰਮਾ ਸਮਾਂ ਕਰਮਨ ਵਿਖੇ ਆਪਣੀ ਪੱਤਰਕਾਰਤਾ ਦੇ ਜ਼ਰੀਏ ਸੇਵਾਵਾਂ ਨਿਭਾਉਂਦਿਆਂ ਪੰਜਾਬੀ ਕਮਿਊਂਨਟੀ ਦੀ ਨਿੱਠਕੇ ਸੇਵਾ ਕੀਤੀ। ਬਾਪੂ ਜੀ ਨੇ 23 ਸਾਲ ਬਿੰਜਲ ਪਿੰਡ ਦੀ ਸਰਪੰਚੀ ਕੀਤੀ। ਬਲਾਕ ਸੰਮਤੀ, ਜਿਲ੍ਹਾ ਪ੍ਰੀਸ਼ਦ ਮੈਂਬਰ ਰਹੇ। 1931 ਵਿੱਚ ਜਨਮੇ ਬਾਪੂ ਜਗਜੀਤ ਸਿੰਘ ਥਿੰਦ ਨੇ ਉਹਨਾਂ ਸਮਿਆ ਵਿੱਚ ਉਚੇਰੀ ਵਿੱਦਿਆ ਹਾਸਲ ਕੀਤੀ ਜਦੋਂ ਪੰਜਾਬ ਵਿੱਚ ਦੂਰ ਦੁਰਾਡੇ ਤੱਕ ਸਕੂਲ ਨਾ ਦੀ ਕੋਈ ਚੀਜ਼ ਨਹੀਂ ਹੁੰਦੀ ਸੀ। ਕਰਮਨ ਸ਼ਹਿਰ ਵਿੱਚ ਪੰਜਾਬੀ ਲਾਇਬ੍ਰੇਰੀ ਬਣਾਉਣ ਦਾ ਸਿਹਰਾ ਵੀ ਬਾਪੂ ਜਗਜੀਤ ਸਿੰਘ ਥਿੰਦ ਸਿਰ ਜਾਂਦਾ ਹੈ। ਬਾਪੂ ਜੀ ਬਹੁਤ ਮਿਲਾਪੜੇ ਸੁਭਾ ਦੇ ਇਨਸਾਨ ਸਨ। ਉਹਨਾਂ ਦੀ ਦੇਹ ਦਾ ਸਸਕਾਰ ਮਿਤੀ 8 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਦੁਪਿਹਰ 11 ਤੋਂ 1 ਵਜੇ ਦਰਮਿਆਨ ਹੋਵੇਗਾ, ਉਪਰੰਤ ਭੋਗ ਗੁਰਦਵਾਰਾ ਅਨੰਦਗੜ ਸਹਿਬ ਕਰਮਨ ਵਿੱਖੇ ਪਵੇਗਾ। ਵਧੇਰੇ ਜਾਣਕਾਰੀ ਲਈ ਕਾਲ ਸੁਰਿੰਦਰ ਸਿੰਘ ਥਿੰਦ (ਪੁੱਤਰ) 559 892 8354 ਜਾਂ ਮਹਿੰਦਰ ਸਿੰਘ ਬਦੇਸ਼ਾ (ਜਵਾਈ) 559 755 4478..। ਅਸੀਂ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜ਼ਨੋ ਥਿੰਦ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਾਂ। ਫਰਿਜ਼ਨੋ ਏਰੀਏ ਦੇ ਸਾਰੇ ਪੰਜਾਬੀ ਭਾਈਚਾਰੇ ਨੂੰ ਬਾਪੂ ਜਗਜੀਤ ਸਿੰਘ ਥਿੰਦ ਦੇ ਤੁਰ ਜਾਣ ਨਾਲ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਨਾਮਵਰ ਲੇਖਕ, ਉਘੀ ਸ਼ਖਸੀਅਤ ਜਗਜੀਤ ਸਿੰਘ ਥਿੰਦ ਦੇ ਅਕਾਲ ਚਲਾਣੇ ’ਤੇ ਅਦਾਰਾ ’ਦੇਸ਼ ਦੁਆਬਾ’ ਇਸ ਦੁੱਖ ਦੀ ਘੜੀ ਵਿਚ ਦੁਖੀ ਥਿੰਦ ਪਰਿਵਾਰ ਨਾਲ ਦੁੱਖ ਵਿਚ ਸ਼ਰੀਕ ਹੁੰਦਾ ਹੈ। **–ਸੰਪਾਦਕ**

# ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਬਰਸੀ 8 ਤੋਂ 10 ਅਕਤੂਬਰ ਨੂੰ ਮਨਾਈ ਜਾਵਗੀ

ਅਕਤੂਬਰ 8, 9, 10, 2021 ਨੂੰ ਰਾਜਾ ਸਾਹਿਬ ਜੀ ਦੀ ਬਰਸੀ ਪਿਟਸਬਰਗ ਗੁਰਦੁਆਰਾ ਸਾਹਿਬ 2150 Crestview dr Pittsburg , CA 94565 ਵਿਖੇ ਮਨਾਈ ਜਾ ਰਹੀ ਹੈ ਜੀ। ਸੇਵਕਾਂ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਦਰਸ਼ਨ ਦੇਣ ਦੀ ਕਿਰਪਾਂਲਤਾ ਕਰਨੀ ਜੀ।

# ਲਖੀਮਪੁਰ ਕਤਲ ਕਾਂਡ: ਦੇਸ਼ ਭਗਤ ਹਾਲ ’ਚ ਹੋਈ ਸ਼ੋਕ ਸਭਾ

# ਜ਼ਬਰ ਦੇ ਜ਼ੋਰ ਨਹੀਂ ਦੱਬਦੀ ਹੱਕਾਂ ਦੀ ਆਵਾਜ਼: ਦੇਸ਼ ਭਗਤ ਕਮੇਟੀ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਨੇ ਲਖੀਮਪੁਰ ਕਤਲ ਕਾਂਡ ਖ਼ਿਲਾਫ਼ ਸ਼ੋਕ ਸਭਾ ਕਰਕੇ ਤਿੱਖੇ ਰੋਸ ਦਾ ਪ੍ਰਗਟਾਵਾ ਕਰਦਿਆਂ ਜਿੱਥੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਸਾਕ-ਸਬੰਧੀਆਂ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ, ਉਥੇ ਇਹ ਅਹਿਦ ਵੀ ਲਿਆ ਕਿ ਮੁਲਕ ਅੰਦਰ ਆਜ਼ਾਦ, ਜਮਹੂਰੀ, ਖੁਸ਼ਹਾਲ, ਸਾਂਝੀਵਾਲਤਾ ਅਤੇ ਨਿਆਂ ਭਰਿਆ ਨਿਜ਼ਾਮ ਸਿਰਜਣ ਲਈ ਕੁਰਬਾਨੀਆਂ ਦਾ ਸੁਨਹਿਰੀ ਇਤਿਹਾਸ ਸਿਰਜਣ ਵਾਲੀ, ਗ਼ਦਰ ਲਹਿਰ ਦੀ ਵਾਰਸ ਦੇਸ਼ ਭਗਤ ਯਾਦਗਾਰ ਕਮੇਟੀ ਕਿਸਾਨਾਂ ਦੀ ਡੁੱਲ੍ਹੀ ਰੱਤ ਖਿਲਾਫ਼ ਜਨ ਸਮੂਹ ਨੂੰ ਚੇਤਨ ਕਰਦਿਆਂ, ਕਾਲ਼ੇ ਖੇਤੀ ਅਤੇ ਕਿਰਤ ਕਾਨੂੰਨਾਂ ਦੀ ਵਾਪਸੀ ਲਈ ਸੰਗਰਾਮ ਜਾਰੀ ਰੱਖਣ ਦਾ ਬੁਲੰਦ ਕਰਨ ਲਈ ਆਪਣਾ ਬਣਦਾ ਯੋਗਦਾਨ ਜਾਰੀ ਰੱਖੇਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ’ਚ ਹੋਈ ਸ਼ੋਕ ਸਭਾ ’ਚ ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਖ਼ਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਚਰੰਜੀ ਲਾਲ ਕੰਗਣੀਵਾਲ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਜਿੰਦਾਂ ਵਾਰ ਗਏ ਕਿਸਾਨਾਂ ਨੂੰ ਸ਼ਰਧਾਂਜ਼ਲੀ ਅਰਪਣ ਕਰਦਿਆਂ ਮੋਦੀ-ਯੋਗੀ ਹਕੂਮਤ ਨੂੰ ਚਿਤਾਵਨੀ ਦਿੱਤੀ ਕਿ ਉਹ ਕਿਸਾਨਾਂ ਦੇ ਸਬਰ ਦਾ ਇਮਤਿਹਾਨ ਲੈਣਾ ਛੱਡਕੇ, ਖੇਤੀ ਕਾਨੂੰਨਾਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟਣ ਦੀ ਹੱਕੀ ਲੋਕ ਆਵਾਜ਼ ਪ੍ਰਵਾਨ ਕਰੇ। ਬੁਲਾਰਿਆਂ ਨੇ ਕਿਹਾ ਕਿ ਅਜੇ ਵੀ ਵੇਲਾ ਹੈ ਕਿ ਮੋਦੀ ਹਕੂਮਤ ਲਹੂ ਨਾਲ ਕੰਧ ’ਤੇ ਲਿਖਿਆ ਪੜ੍ਹ ਲਵੇ ਕਿ ਇਤਿਹਾਸ ਅੰਦਰ ਜ਼ਬਰ ਦੇ ਜੋਰ ਕਦੇ ਵੀ ਹੱਕਾਂ ਦੀ ਲਹਿਰ ਦਬਿਆ ਨਹੀਂ ਕਰਦੀ। ਅੱਜ ਮੁਲਕ ਭਰ ’ਚ ਜਿਲ੍ਹਾ ਹੈਡਕੁਆਟਰਾਂ ’ਤੇ ਕਿਸਾਨ ਜਥੇਬੰਦੀਆਂ ਵਲੋਂ ਭੇਜੇ ਰਾਸ਼ਟਰ-ਪਤੀ ਦੇ ਨਾਂਅ ਵਾਲੇ ਮੰਗ ਪੱਤਰ ਦੀ ਕਮੇਟੀ ਨੇ ਵੀ ਡਟਵੀਂ ਹਮਾਇਤ ਕਰਦਿਆਂ ਮੰਗ ਕੀਤੀ ਹੈ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੇਨੀ ਨੂੰ ਬਰਖਾਸਤ ਕੀਤਾ ਜਾਏ।




ਕੇਂਦਰੀ ਮੰਤਰੀ ਦੇ ਬੇਟੇ ਆਸ਼ੀਸ਼ ਮਿਸ਼ਰਾ 'ਮੋਨੀ' ਅਤੇ ਉਸਦੇ ਲੈਫਟੈਣਾਂ ਨੂੰ ਤੁਰੰਤ 302 ਦਾ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਏ। ਹਰਿਆਣਾ ਦੇ ਮੁੱਖ ਮੰਤਰੀ ਖਟੜ ਵੱਲੋਂ ਭੜਕਾਹਟ ਭਰੇ ਬਿਆਨ ਦਾਗ ਕੇ ਹਿੰਸਕ ਮਾਹੌਲ ਬਣਾਉਣ ਦੇ ਦੋਸ਼ ਤਹਿਤ ਬਰਖ਼ਾਸਤ ਕੀਤਾ ਜਾਏ।

# ਫਰਿਜ਼ਨੋ ਨਿਵਾਸੀ ਹਰਭਜਨ ਸਿੰਘ ਰੰਧਾਵਾ ਨੇ ਜਿੱਤੀ ਕੈਲੀਫੋਰਨੀਆਂ ਕਲਾਸਿਕ ਰੇਸ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਲੰਘੇ ਹਫ਼ਤ ਫਰਿਜ਼ਨੋ ਸ਼ਹਿਰ ਦੇ ਡਾਊਨ-ਟਾਊਨ ਵਿੱਚ ਕੈਲੀਫੋਰਨੀਆਂ ਕਲਾਸਿਕ ਮੈਰਾਥਾਨ ਦੌੜ ਕਰਵਾਈ ਗਈ। ਇਸ ਦੌੜ ਵਿੱਚ 2000 ਦੇ ਕਰੀਬ ਲੋਕਾਂ ਨੇ ਭਾਗ ਲਿਆ, ਇਸ ਦੌੜ ਨੂੰ 5,10 ਅਤੇ 21 ਕਿੱਲੋਮੀਟਰ ਮੀਟਰ ਫ਼ਾਸਲੇ ਵਿੱਚ ਵੰਡਿਆ ਗਿਆ ਸੀ, ਅਤੇ ਇਸ ਦੌੜ ਵਿੱਚ ਵੱਖੋ ਵੱਖ ਉਮਰ ਦੇ ਲੋਕਾਂ ਨੇ ਭਾਗ ਲਿਆ। 21 ਕਿੱਲੋਮੀਟਰ ਦੌੜ ਵਿੱਚ 65 ਤੋਂ 70 ਸਾਲ ਵਰਗ ਵਿੱਚ ਫਰਿਜ਼ਨੋ ਨਿਵਾਸੀ ਸੰਨੀ ਸਿੰਘ ਰੰਧਾਵਾ ਦੇ ਪਿਤਾ ਹਰਭਜਨ ਸਿੰਘ ਰੰਧਾਵਾ (66) ਨੇ ਪਹਿਲਾ ਸਥਾਨ ਹਾਸਲ ਕਰਕੇ ਇੱਕ ਵਾਰ ਫੇਰ ਪੰਜਾਬੀ ਭਾਈਚਾਰੇ ਦਾ ਸਿਰ ਫ਼ਖ਼ਰ ਨਾਲ ਉੱਚਾ ਕਰ ਦਿੱਤਾ। ਹਰਭਜਨ ਸਿੰਘ ਰੰਧਾਵਾ ਵਿਜ਼ਟਰ ਵੀਜ਼ੇ ਤੇ ਅਕਸਰ ਆਪਣੇ ਬੇਟੇ ਕੋਲ ਫਰਿਜ਼ਨੋ ਆਉਂਦੇ ਜਾਂਦੇ ਰਹਿੰਦੇ ਨੇ। ਉਹ ਪੰਜਾਬ ਤੋਂ ਅੰਮ੍ਰਿਤਸਰ ਸ਼ਹਿਰ ਦੀ ਰਣਜੀਤ ਐਵੇਨਿਊ ਕਲੋਨੀ, ਏ ਬਲਾਕ ਨਾਲ ਸਬੰਧ ਰੱਖਦੇ ਹਨ। ਉਹਨਾਂ 2019 ਅਤੇ 20 ਵਿੱਚ ਚੰਡੀਗੜ ਵਿਖੇ ਹੋਈ ਮੈਰਾਥਾਨ ਵਿੱਚ ਵੀ ਭਾਗ ਲਿਆ ਸੀ । ਉਹਨਾਂ ਇੰਡੀਅਨ ਨੇਵੀ ਦੇ ਨਾਲ ਨਾਲ ਮਰਚਿੰਡ ਨੇਵੀ ਵਿੱਚ ਵੀ ਬਤੌਰ ਇੰਜਨੀਅਰ ਸੇਵਾਵਾਂ ਨਿਭਾਈਆਂ। ਉਹਨਾਂ ਨੂੰ ਹਾਰਟ ਦੀ ਪ੍ਰੌਬਲਮ ਹੋਣ ਕਰਕੇ ਦੋ ਸਟੰਟ ਵੀ ਪੈ ਚੁੱਕੇ ਹਨ। ਪਰ ਉਹਨਾਂ ਦਿਲ ਦੀ ਬਿਮਾਰੀ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸਗੋਂ ਹਰਰੋਜ ਸਵੇਰਿਓ ਚਾਰ ਵਜੇ ਉੱਠਕੇ ਕਸਰਤ ਕਰਦੇ ਹਨ ‘ਤੇ ਆਪਣੇ ਆਪ ਨੂੰ ਪੂਰਾ ਫਿੱਟ ਰੱਖਿਆ ਹੋਇਆ ਹੈ। ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਹਰਭਜਨ ਸਿੰਘ ਰੰਧਾਵਾ ਦੀ ਜਿੱਤ ਤੇ ਮਾਣ ਮਹਿਸੂਸ ਕਰ ਰਿਹਾ ਹੈ । ਉਹ ਅੱਗੋਂ ਤੋ ਹੋਣ ਵਾਲ਼ੀਆਂ ਮੈਰਾਥਾਨ ਲਈ ਤਿਆਰੀ ਵਿੱਚ ਜੁੱਟ ਗਏ ਹਨ।



# ਕਿਸਾਨ ਮਸਲੇ ਸੁਲਝਾਉਣ ਲਈ ਅਮਿਤ ਸ਼ਾਹ ਨਿੱਜੀ ਦਖ਼ਲ ਦੇਣ- ਚੰਨੀ

**(ਸਫਾ 1 ਦੀ ਬਾਕੀ)**

ਨਾਲ ਨਵਾਂ ਡੀਜੀਪੀ ਲਾਏ ਜਾਣ ਬਾਰੇ ਵੀ ਚਰਚਾ ਕੀਤੀ ਹੋਵੇਗੀ। ਇਸ ਦੀ ਅਧਿਕਾਰਤ ਪੁਸ਼ਟੀ ਤਾਂ ਨਹੀਂ ਹੋ ਸਕੀ, ਪਰ ਇਸ ਬਾਰੇ ਵਿਚਾਰ ਵਟਾਂਦਰਾ ਹੋਣ ਦੀਆਂ ਕਨਸੋਆਂ ਹਨ।

**ਰਾਹੁਲ, ਪ੍ਰਿਯੰਕਾਂ ਤੇ ਤਿੰਨ ਹੋਰਾਂ ਨੂੰ ਲਖੀਮਪੁਰ ਖੀਰੀ ਜਾਣ ਦੀ ਇਜਾਜ਼ਤ**

ਉੱਤਰ ਪ੍ਰਦੇਸ਼ ਸਰਕਾਰ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ, ਪ੍ਰਿਯੰਕਾ ਵਾਡਰਾ ਤੇ ਤਿੰਨ ਹੋਰਾਂ ਨੂੰ ਲਖੀਮਪੁਰ ਖੀਰੀ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਲਖੀਮ-ਪੁਰ ਖੀਰੀ ਹਿੰਸਾ, ਪ੍ਰਿਯੰਕਾ ਗਾਂਧੀ ਵਾਡਰਾ ਅਤੇ ਪਾਰਟੀ ਦੇ ਕੁਝ ਹੋਰ ਨੇਤਾਵਾਂ ਨੂੰ ਉੱਤਰ ਪ੍ਰਦੇਸ਼ ਜਾਣ ਤੋਂ ਰੋਕਣ ਲਈ ਹਿਰਾਸਤ ਵਿੱਚ ਲੈਣ ਦੇ ਮੱਦੇਨਜ਼ਰ ਕਿਹਾ ਕਿ ਭਾਰਤ ਵਿੱਚ ਕਦੇ ਜਮਹੂਰੀਅਤ ਹੁੰਦੀ ਸੀ ਪਰ ਹੁਣ ਤਾਨਾਸ਼ਾਹੀ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਉੱਤਰ ਪ੍ਰਦੇਸ਼ ਵਿੱਚ ਅਪਰਾਧੀਆਂ ਨੂੰ ਆਜ਼ਾਦ ਘੁੰਮਣ ਦੀ ਆਜ਼ਾਦੀ ਹੈ, ਜਦੋਂ ਕਿ ਪੀੜਤਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਹੈ। ਰਾਹੁਲ ਗਾਂਧੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਲ ਲਖੀਮਪੁਰ ਖੀਰੀ ਜਾਣਗੇ ਅਤੇ ਪੀੜਤਾਂ ਦੇ ਪਰਿਵਾਰਾਂ ਨੂੰ ਮਿਲਣ ਦੀ ਕੋਸ਼ਿਸ਼ ਕਰਨਗੇ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਨੇ ਲਖੀਮਪੁਰ ਖੀਰੀ ’ਚ ਹਿੰਸਾ ਬਾਅਦ ਪਹਿਲੀ ਵਾਰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਮਿਸ਼ਰਾ ਦਾ ਪੁੱਤ ਹਿੰਸਾ ਮਾਮਲੇ ਵਿੱਚ ਮੁੱਖ ਮੁਲਜ਼ਮ ਹੈ।


# Change of Name

I, Tejpal s/o Narender Singh

Currently Resident of:
3565 W Barstow Ave, Apt 122
Fresno, CA-93711, U.S.A.

Now I have changed my name
**From:** Tejpal
**To:** Tejpal Singh

All concerned Kindly note it.

# Change of Name

I, Bir Singh s/o Gurdarshan Singh

Currently Resident of:
7464 E Simpson Ave,
Fresno, CA-93737, U.S.A.

Now I have changed my name
**From:** Bir Singh
**To:** Vir Singh

All concerned Kindly note it.

American seniors who attended funeral service of late respectable member Bhajan Boniana ji Oct. 3, 2021. Flowers presented by the group also seen. Thanks to all attending members, Sukhchain Singh


















# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# Remembering Sahib Shri Kanshi Ram Ji in Contemporary Times

Prem K. Chumber Editor-In-Chief:
Ambedkar Times & Desh Doaba (Newspapers)

Dalit Chetna has its roots in the sufferings of its progenitors who never tired in making efforts to wake up their people/Samaj. The beginning was made in a more systematic manner during the life time of revered Jyotirao Phule who with the support of his bold life partner revered Savitri Bai Phule made stringent efforts to educate the lowest of the low while equating education with the milk of Lioness that whosoever drink it will roar like a lion. The flame of this struggle was taken up soon after by Periyar E.V. Ramasamy who founded Justice Party to struggle for long lost Dalit human rights during colonial India.

Babasaheb Dr B. R. Ambedkar became the legitimate heir of Phule-Periyar tradition of the generation of Dalit consciousness and took the same to new heights, never witnessed before since the beginning of the raising of voice against social exclusion and justice in the discourses by Tathagat Buddha. Babasaheb Dr Ambedkar remained on the platform of Dalit struggle from the time of his first publication on Genesis of Caste in 1916 till his last breath on December 6, 1956. From 1956 till 1972 Dalits in India experimented with his conversion formula to get rid of untouchability and getting organized under Dalit political parties (Independent Labour Party, Scheduled Castes Federation, Republican Party of India) to fight back social segregation, political marginalization and economic peripheralisation. Conversion somehow could not succeed in throwing off the debris of untouchability even from the confines of their newly embraced religions. The experience with the distinct Dalit political parties also remained quite disheartening as at different electoral intervals Scheduled Castes failed to register victory. Reservation in the legislature both at state and national levels encouraged opportunists from within the rank and file of the low castes to get played in the hands of the upper castes masters in the mainstream political parties to be ready to come forward to defeat their counterparts from the Dalit political parties. That is why Babasaheb used to say that on the reserved seats deaf and dumb low castes are picked up by the shrewd mainstream political party bosses to defeat the genuine Dalit candidates from the Dalit Political Parties. This was the outcome of the failure of Communal Award hard earned by Babasaheb Dr Ambedkar.

A new wave came with the arrival of Sahib Shri Kanshi Ram Ji on the political scene of the Dalit Politics in India as well as with the birth of Dalit Panther movement in Maharashtra in the early 1970. It was also the time of the revival of Ad Dharam movement in Punjab by Mr. Mangu Ram, the namesake of Babu Mangu Ram Mugowalia, who after long stay in England came to stay put in Jalandhar to work for the upliftment of the Dalit Samaj. Sahib Shri Kanshi Ram Ji also made sincere efforts to stir new consciousness in the minds of Dalit people in Punjab while referring to the various achievements of the glorious Ad Dharam movement. Sahib Shri Kanshi Ram Ji, in fact, had successfully been able to inject a new energy and passion among the Scheduled castes, especially of Punjab and Uttar Pradesh, by bringing them together on the platform of BAMCEF, DS4 (Dalit Shoshit Samaj Sangarsh Samiti) and Bahujan Samaj Party. He was of the firm opinion that political power is the key to all locks of Dalit empowerment. He wanted to strengthen his own people and Samaj who had been taken for a free ride during centuries.

What Sahib Shri Kanshi Ji said and done for the Dalit Samaj has once again being realized by his followers and scholars of Dalit studies that the current times need him and his style of politics more strongly for the emancipation and empowerment of the Scheduled castes people.

Ambedkar Times (www.ambedkartimes.com) and Desh Doaba (www.deshdoaba.com) forum pay floral tributes to the fond memory and momentous work that Sahib Shri Kanshi Ram Ji had done for his people and Samaj on his anniversary!!

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-179

## ਜਜਮਾਨੀ ਲੁੱਟ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਜਜਮਾਨ-ਇਸ ਸੰਕਲਪ ਦੀ ਉਤਪੱਤੀ ਸੰਸਕ੍ਰਿਤ ਦੇ ਸ਼ਬਦ ਤੋਂ ਹੋਈਐ ਜਿਸ ਤੋਂ ਭਾਵ ਜੋ ਯੱਗ, ਅੱਗ ਰਾਹੀਂ ਪੂਜਾ ਜੋ ਬ੍ਰਾਹਮਣਾਂ ਰਾਹੀਂ ਕਰਵਾਈ ਜਾਂਦੀ ਹੈ। ਇਸ ਤੋਂ ਭਾਵ ਕਿ ਜਗ ਕਰੌਣ ਵਾਲਾ ਵਿਅਕਤੀ ਜੋ ਆਪਣੇ ਕੁਲ ਪ੍ਰੋਹਿਤ ਤੋਂ ਯੱਗ ਕਰਵਾ ਕੇ ਦਸ਼ਣਾ ਆਦਿ ਦਿੰਦਾ ਹੈ। ਜਜਮਾਨ-ਪ੍ਰੋਹਿਤ ਦੀ ਪਰੰਪਰਾ ਵੈਦਿਕ ਕਾਲ ਤੋਂ ਚੱਲੀ ਆਉਂਦੀ ਹੈ। ਹਰ ਕੁਲ ਦੇ ਆਪਣੇ ਪ੍ਰੋਹਿਤ ਹੁੰਦੇ ਤੇ ਉਹ ਆਪਣੇ ਜਜਮਾਨਾਂ ਲਈ ਯੱਗ ਕਰਕੇ ਦਾਨ-ਦੱਸ਼ਣਤ ਪ੍ਰਤਪਤ ਕਰਦੇ ਸਨ। ਇਹ ਪ੍ਰਥਾ ਪੀੜੀ ਦਰ ਪੀੜੀ ਚਲਦੀ ਸੀ। ਮੱਧ ਯੁੱਗ ਤੱਕ ਪਹੁੰਚ ਕੇ ਇਸ ਪ੍ਰਥਾ ਦਾ ਵਿਸਥਾਰ ਵੀ ਹੋਇਆ ਅਤੇ ਇਸ ਦੀ ਵਰਤੋਂ ਕਿਸਾਨ-ਲਾਗੀ ਪ੍ਰਬੰਧਾਂ ਲਈ ਵੀ ਕੀਤੀ ਜਾਣ ਲੱਗੀ। ਇਹ ਸ਼ਬਦ ਮਗਰੋਂ ਯਜਮਾਨ ਵਿੱਚ ਬਦਲਿਆ ਅਤੇ ਫਿਰ ਜਜਮਾਨ ਬਣ ਗਿਆ। ਜਜਮਾਨੀ ਪ੍ਰਬੰਧ ਵਿੱਚ ਜਮੀਨ ਪ੍ਰਾਪਤ ਜਾਤਾਂ ਅਤੇ ਜਮੀਨ ਵਿਹੁਣੀਆਂ ਜਾਤਾਂ ਵਿੱਚ ਇੱਕ ਆਦਾਨ-ਪ੍ਰਦਾਨ ਪ੍ਰਬੰਧ ਸੀ ਜੋ ਸੇਵਾਵਾਂ ਬਦਲੇ ਵਸਤਾਂ ਦੇ ਨਿਯਮ ਉੱਪਰ ਆਧਾਰਿਤ ਸੀ। ਇਸ ਵਿੱਚ ਸੇਵਾ ਦੇਣ ਵਾਲੀਆਂ ਜਾਤਾਂ ਵਿੱਚ ਚਮੜੇ ਦਾ ਕੰਮ ਕਰਨ ਵਾਲੇ, ਲੋਹਾਰ, ਸੁਨਿਆਰ, ਨਾਈ, ਧੋਬੀ ਅਤੇ ਹੋਰ ਸਮੂਹ ਸ਼ਾਮਿਲ ਸਨ।

ਜਜਮਾਨੀ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ-ਇਸ ਪ੍ਰਬੰਧ ਦੀਆਂ ਵਿਸ਼ੇਸ਼ਤਾਵਾਂ ਇਹ ਹਨ ਕਿ-ਜਜਮਾਨੀ ਪ੍ਰਬੰਧ ਪੀੜੀ ਦਰ ਪੀੜੀ ਅੱਗੇ ਚੱਲਦਾ ਸੀ। ਇਸ ਦਾ ਨਿਯਮ ਸੇਵਾਵਾਂ ਬਦਲੇ ਅਨਾਜ ਸੀ। ਸੇਪੀ ਪ੍ਰਬੰਧ ਚੱਲਣਾ, ਨੀਵੀਆਂ ਜਾਤਾਂ ਅਤੇ ਉੱਚੀਆਂ ਜਾਤਾਂ ਵਿਚਾਲੇ ਸੁਖਦ ਸਬੰਧ ਬਣਾਏ ਰੱਖਣਾ। ਜਜਮਾਨੀ ਪ੍ਰਬੰਧ ਯਰਧਮਾਨ ਪ੍ਰਬੰਧ ਇੱਕ ਭਾਰਤੀ ਸਮਾਜਿਕ ਜਾਤ ਪ੍ਰਬੰਧ ਅਤੇ ਇਹ ਉੱਚੀਆਂ ਜਾਤਾਂ ਅਤੇ ਨੀਵੀਆਂ ਜਾਤਾਂ ਵਿਚਲਾ ਕਾਰਜੀ ਵਰਤਾਰਾ ਸੀ। ਇਹ ਇੱਕ ਆਰਥਿਕ ਪ੍ਰਬੰਧ ਸੀ ਜਿਸ ਵਿੱਚ ਕਈ ਨੀਵੀਆਂ-ਜਾਤਾਂ ਕਈ ਉਚੀਆਂ-ਜਾਤਾਂ ਦੇ ਕੋਲ ਕੰਮ ਕਰਦੀਆਂ ਜਿਸ ਦੇ ਬਦਲੇ ਉਨ੍ਹਾਂ ਨੂੰ ਅਨਾਜ ਮਿਲਦਾ ਸੀ।

ਜਜਮਾਨ ਬਾਰੇ ਗੁਰਮਤਿ-ਗੁਰੂ ਨਾਨਕ ਸਾਹਿਬ ਨੇ ਪ੍ਰਭਾਤੀ ਰਾਗ ਵਿਖੇ ਕਰਤਾਰ ਨੂੰ ਆਪਣਾ ਜਜਮਾਨ ਕਰਦੇ ਫੁਰਮਾਇਆ ਕਿ-ਕਰਤਾ ਤੂ ਮੇਰਾ ਜਜਮਾਨੁ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹੁ ਆਪਣਾ ਨਾਮੁ॥(ਮ:੧-੧੩੨੯) ਆਸਾ ਰਾਗ ਦੀ "ਪੱਟੀ" ਬਾਣੀ 'ਚ ਜਜਮਾਨ ਦੀ ਧੀ ਨੂੰ ਆਪਣੀ ਧੀ ਸਮਾਨ ਸਮਝਣ ਲਈ ਬ੍ਰਾਹਮਣ ਨੂੰ ਉਪਦੇਸ਼ ਦਿੱਤੈ ਕਿ-ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥(ਮ:੧-੪੩੫) ਭਾਵ ਤੇਰੀ ਤੇ ਜਜਮਾਨ ਦੀ ਧੀ 'ਚ ਕੋਈ ਫਰਕ ਨਹੀਂ ਇਸ ਲਈ ਧੱਕੇ-ਫਰੇਬ ਤੇ ਅੰਧ ਵਿਸ਼ਵਾਸ਼ ਰਾਹੀਂ ਜਜਮਾਨ ਤੋਂ ਲੈ ਪੈਸਾ ਜਾਂ ਅਨਾਜ ਬਸਤਰ ਆਦਿਕ ਲੈ ਕੇ ਤੇਰਾ ਜਨਮ ਬੇਕਾਰ ਹੋ ਗਿਆ। ਸੋ ਜਜਮਾਨ ਪ੍ਰਥਾ ਸਿੱਖ ਜਾਂ ਗੁਰਮਤਿ ਪ੍ਰਥਾ ਨਹੀਂ ਜੋ ਅਜੋਕੇ ਡੇਰੇਦਾਰ ਸੰਪਰਦਾਈ ਤੇ ਕਈ ਹੋਰ ਵੀ ਦਾਨ (ਉਗਰਾਹੀ) ਦੇ ਰੂਪ 'ਚ ਚਲਾ ਰਹੇ ਹਨ। ਸਤਿਗੁਰੂ ਤਾਂ ਕਰਤੇ ਨੂੰ ਜਜਮਾਨ ਮੰਨਦੇ ਨੇ ਜੋ ਸਭ ਨੂੰ ਦਾਤਾਂ ਦਿੰਦੈ-ਦਦਾ ਦਾਤਾ ਏਕੁ ਹੈ ਸਭ ਕਉ ਦੇਵਣਹਾਰੁ॥ ਦੇਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥(ਮ:੫-੨੫੭) ਬਹੁਤੇ ਡੇਰੇ ਤੇ ਗੁਰਦੁਆਰਿਆਂ ਵਾਲੇ ਕਈ ਤਰ੍ਹਾਂ ਦੀਆਂ ਉਗਰਾਹੀਆਂ ਤੇ ਪੰਜ-ਪੁਜਾਰੀ ਸਿੱਖਾਂ ਨੂੰ ਘਰ ਬੁਲਾ ਪ੍ਰਸ਼ਾਦਾ ਛਕਾਉਣਾ ਤੇ ਦਾਨ-ਦਸ਼ਣਾ ਅਰਦਾਸ ਦੇ ਰੂਪ ਦੇਣੀ-ਲੈਣੀ ਇਕ ਜਜਮਾਨੀ ਲੁੱਟ ਹੀ ਕਹੀ ਜਾ ਸਕਦੀ ਹੈ।

### 7 ਅਕਤੂਬਰ ਜਨਮ ਦਿਨ ਤੇ ਵਿਸ਼ੇਸ਼

# ਗੁਮਨਾਮ, ਮਹਾਨਾਇਕਾ- ਦੁਰਗਾ ਭਾਬੀ!



ਅਸ਼ੋਕ ਸੋਨੀ
91-98727-05078

ਇਹ ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ, ਅਸੀਂ ਫਿਲਮੀ ਹੀਰੋਇਨਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ, ਪਰ ਦੇਸ਼ ਲਈ ਆਪਣਾ ਸਭ ਕੁੱਝ ਕੁਰਬਾਨ ਕਰਨ ਵਾਲੀ ਇੱਕ ਵਿਲੱਖਣ ਮਹਾਨਾਇਕਾ 'ਦੁਰਗਾ ਭਾਬੀ' ਨੂੰ ਅਸੀਂ ਲਗਭਗ ਵਿਸਾਰ ਈ ਚੁੱਕੇ ਆਂ, ਉਨ੍ਹਾਂ ਦੇ ਸੰ-ਘਰਸ਼ ਤੇ ਮਹਾਨ ਕੁਰਬਾਨੀਆਂ ਦੀ ਸੱਚੀ ਜੀਵਨਗਾਥਾ ਪੜ੍ਹ, ਤੁਸੀਂ ਦੰਗ ਰਹਿ ਜਾਓਗੇ. ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੀ ਤਰ੍ਹਾਂ ਈ, ਬਾਗੀ ਤਬੀਅਤ ਲਈ, ਲਗਭਗ 50 ਸਾਲਾਂ ਬਾਅਦ ਜੰਮੀ, ਭਾਰਤ ਮਾਂ ਦੀ ਮਹਾਨ ਵੀਰ ਪੁੱਤਰੀ ਦੁਰਗਾ ਭਾਬੀ ਦਾ ਜਨਮ, 7 ਅਕਤੂਬਰ 1902 ਨੂੰ ਸ਼ਹਿਜ਼ਾਦਪੁਰ ਪਿੰਡ, ਜ਼ਲ੍ਹਿਾ ਕੌਸ਼ਾਂਬੀ, ਚ ਪਿਤਾ ਪੰਡਤ ਬਾਂਕੇ ਬਿਹਾਰੀ, ਜੋ ਕਿ ਇਲਾਹਾਬਾਦ ਕਲੈਕਟਰੋਰੇਟ ਚ ਅਧਿਕਾਰੀ&; ਸੀ, ਦੇ ਘਰ ਹੋਇਆ। ਅਮੀਰ ਪਰਿਵਾਰ ਸੀ, ਦਾਦਾ ਸ਼੍ਰੀ ਸ਼ਵਿਸ਼ੰਕਰ ਪੰਡਤ ਸ਼ਹਿਜ਼ਾਦਪੁਰ ਵਿੱਚ ਜਮੀਂਦਾਰ ਸੀ ਤੇ ਤਾਇਆ ਥਾਣੇਦਾਰ&; ਸੀ। ਦਸ ਸਾਲ ਦੀ ਉਮਰ ਵਿੱਚ, ਲਾਹੌਰ ਦੇ ਮਹਾਨ ਕ੍ਰਾਂਤੀਕਾਰੀ, ਭਗਵਤੀ ਚਰਨ ਵੋਹਰਾ ਨਾਲ ਵਿਆਹ ਹੋਇਆ। ਸਹੁਰਾ ਸਾਬ੍ਹ ਸ਼੍ਰੀ ਸ਼ਵਿਚਰਨ ਸ਼ਰਮਾ ਜੀ, ਜੋ ਰੇਲਵੇ ਵਿੱਚ ਇੱਕ ਉੱਚ ਅਹੁਦੇ ਤੇ ਤਾਇਨਾਤ ਸਨ, ਨੂੰ ਬ੍ਰਿਟਿਸ਼ ਸਰਕਾਰ ਤੋਂ 'ਰਾਏ ਸਾਹਬ' ਦੀ ਉਪਾਧੀ ਪ੍ਰਾਪਤ ਹੋਈ ਸੀ, ਪਰ ਪੁੱਤਰ ਭਗਵਤੀ ਚਰਨ ਵੋਹਰਾ ਦੇ ਦਿਲ ਵਿੱਚ, ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਅੱਗ ਭੜਕ ਚੁੱਕੀ ਸੀ। 1920 ਵਿੱਚ ਸ਼ਵਿਚਰਨ ਸ਼ਰਮਾ ਜੀ ਦੀ ਮੌਤ ਤੋਂ ਬਾਅਦ, ਭਗਵਤੀ ਚਰਨ ਵੋਹਰਾ ਨੇ ਆਪਣੇ ਆਪ ਨੂੰ ਅਜ਼ਾਦੀ ਦੀ ਲੜਾਈ ਵਿੱਚ ਸਮਰਪਿਤ ਕਰ ਦਿੱਤਾ



ਤਾਂ ਬਹਾਦਰ, ਦੇਸ਼ਭਗਤ ਮਹਾਨਾਰੀ ਦੁਰਗਾ ਭਾਬੀ ਵੀ ਭਾਰਤ ਮਾਤਾ ਦੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਵਿੱਚ ਪੂਰਾ ਸਹਿਯੋਗ ਦੇਣ ਲੱਗੀ। ਭਗਵਤੀ ਚਰਨ ਵੋਹਰਾ, ਸਾਰੇ ਕ੍ਰਾਂਤੀਕਾਰੀਆਂ ਨੂੰ ਆਪਣਾ ਛੋਟਾ ਵੀਰ ਈ ਮੰਨਦਾ, ਤੇ ਸਾਰੇ ਕ੍ਰਾਂਤੀਕਾਰੀ ਨੌਜਵਾਨਾਂ ਵਿੱਚ ਭਗਵਤੀ ਚਰਨ ਵੋਹਰਾ ਅਤੇ ਦੁਰਗਾ ਭਾਬੀ ਦਾ ਬਹੁਤ ਸਤਿਕਾਰ ਸੀ, ਇਸੇ ਕਰਕੇ ਸਾਰੇ ਕ੍ਰਾਂਤੀਕਾਰੀ ਦੁਰਗਾ ਨੂੰ ਆਪਣੀ ਮਾਂ ਮੰਨਦੇ ਹੋਏ, ਭਾਬੀ ਆਖਦੇ ਸਨ ਅਤੇ ਹੌਲੀ-ਹੌਲੀ ਉਨ੍ਹਾਂ ਦਾ ਨਾਮ ਈ ਦੁਰਗਾ ਭਾਬੀ ਹੋ ਗਿਆ। ਦੁਰਗਾ ਭਾਬੀ ਨੇ ਆਪਣੀ ਪੜ੍ਹਾਈ ਜਾਰੀ ਰੱਖਦਿਆਂ, ਪ੍ਰਭਾਕਰ ਦੀ ਡਿਗਰੀ ਵੀ ਹਾਸਲ ਕੀਤੀ। ਪੈਕੇ ਤੇ ਸਹੁਰੇ ਦੋਵੇਂ&; ਸੰਪਨ ਪਰਿਵਾਰ, ਜੇ ਚਾਹੁੰਦੇ, ਤਾਂ ਪੂਰਾ ਪਰਿਵਾਰ ਗੁਲਾਮੀ ਚ ਵੀ ਐਸ਼ਪਰਸਤੀ ਆਲਾ ਜੀਵਨ ਬਤੀਤ ਕਰ ਸਕਦਾ ਸੀ, ਪਰ ਦੇਸ਼ ਭਗਤੀ ਦੀ ਭਾਵਨਾ ਤੇ ਮੱਥੇ ਤੇ ਲੱਗੇ ਗੁਲਾਮੀ ਦੇ ਦਾਗ ਨੂੰ ਮਿਟਾਉਣ ਦੀ ਧੁਨ, ਉਨ੍ਹਾਂ ਦੇਸ਼ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਦੁਰਗਾ ਭਾਬੀ ਨੂੰ ਉਸ ਦੇ ਸਹੁਰਿਆਂ ਤੋਂ 40 ਹਜ਼ਾਰ ਰੁਪਏ ਅਤੇ ਪਿਤਾ ਪੱਖ ਤੋਂ 5 ਹਜ਼ਾਰ ਰੁਪਏ ਔਖੇ ਸਮੇਂ ਚ ਵਰਤਣ ਲਈ ਮਿਲੇ, ਜ਼ਰਾ ਸੋਚੋ ਉਸ ਸਮੇਂ 45000 ਰੁਪਏ ਦੀ ਕੀਮਤ ਕਿੰਨੀ ਕੁ ਹੋਵੇਗੀ, ਪਰ ਧੰਨ ਸੀ, ਦੁਰਗਾ ਭਾਬੀ ਅਤੇ ਭਗਵਤੀ ਚਰਨ ਵੋਹਰਾ, ਉਨ੍ਹਾਂ ਇਹ ਸਾਰੀ ਰਕਮ, ਇਨਕਲਾਬੀ ਗਤੀਵਿਧੀਆਂ ਦੇ ਪਵਿੱਤਰ ਕਾਰਜ ਵਿੱਚ ਖਰਚ ਕਰ ਦਿੱਤੀ । ਦਰਅਸਲ, ਭਗਵਤੀ ਚਰਨ ਵੋਹਰਾ ਬੰਬ ਬਣਾਉਣ ਵਿੱਚ ਮਾਹਰ ਸੀ ਅਤੇ ਉਸਨੂੰ ਸੰਗਠਨ ਦਾ ਦਿਮਾਗ ਵੀ ਕਿਹਾ ਜਾਂਦਾ ਸੀ। ਭਗਵਤੀ ਚਰਨ ਵੋਹਰਾ ਤੇ ਭਗਤ ਸਿੰਘ ਦੀ ਪਿਉ-ਪੁੱਤ ਜਿੰਨੀ ਨੇੜਤਾ ਸੀ ਤੇ ਭਗਤ ਸਿੰਘ ਦੁਰਗਾ ਭਾਬੀ ਨੂੰ ਆਪਣੀ ਮਾਂ ਈ ਮੰਨਦਾ ਸੀ। ਦੁਰਗਾ ਭਾਬੀ ਵੀ ਭਗਤ ਸਿੰਘ ਨੂੰ ਆਪਣਾ ਪੁੱਤਰ ਮੰਨਦੀ ਸੀ। 1926 ਵਿੱਚ, ਭਗਵਤੀ ਚਰਨ ਵੋਹਰਾ ਅਤੇ ਭਗਤ ਸਿੰਘ ਨੇ ਸਾਂਝੇ ਤੌਰ ਤੇ ਨੌਜਵਾਨ ਭਾਰਤ ਸਭਾ ਦਾ ਗਠਨ ਕੀਤਾ। ਦੇਸ਼ ਦੇ ਅਣਗਿਣਤ ਨੌਜਵਾਨਾਂ ਅਤੇ ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਨੇ ਆਪਣੇ ਖ਼ੂਨ ਨਾਲ ਸੌਂਹ ਪੱਤਰ 'ਤੇ



ਦਸਤਖਤ ਕੀਤੇ। ਦੁਰਗਾ ਭਾਬੀ ਵੀ ਸੰਸਥਾ ਦੀ ਸਰਗਰਮ ਵਰਕਰ ਸੀ, ਦਰਅਸਲ ਸੰਗਠਨ ਵਿੱਚ, ਦੁਰਗਾ ਭਾਬੀ ਦਾ ਮੁੱਖ ਕੰਮ ਹਥਿਆਰ ਲਿਆਉਣਾ ਅਤੇ ਉਨ੍ਹਾਂ ਨੂੰ ਇੱਥੇ ਤੋ ਉੱਥੇ ਕ੍ਰਾਂਤੀਕਾਰੀਆਂ ਤੱਕ ਪਹੁੰਚਾਉਣਾ ਸੀ। ਦੁਰਗਾ ਭਾਬੀ ਭੇਸ ਬਦਲਣ ਚ ਮਾਹਿਰ ਸੀ, ਬੇਟੇ ਨੂੰ ਗੋਦੀ ਵਿੱਚ ਲੈ ਕੇ, ਪਤਾ ਨਹੀਂ ਕਿੰਨੀਆਂ ਈ ਕ੍ਰਾਂਤੀਕਾਰੀ ਕਾਰਵਾਈਆਂ ਕੀਤੀਆਂ ਸਨ। ਭਗਤ ਸਿੰਘ ਨੂੰ ਪੁਲਿਸ ਦੇ ਜਾਲ ਤੋਂ ਚਮਤਕਾਰੀ ਢੰਗ ਨਾਲ ਬਚਾਉਣ ਦਾ ਕਿੱਸਾ ਤਾਂ ਬੇਮਿਸਾਲ ਹੈ।

ਸਾਂਡਰਸ ਦੇ ਕਤਲ ਤੋਂ ਬਾਅਦ, ਭਗਤ ਸਿੰਘ ਨੂੰ ਲਾਹੌਰ ਛੱਡਣਾ ਸੀ, ਪਰ ਪੁਲਿਸ, ਸੀਆਈਡੀ ਦੀ ਹਰ ਜਗ੍ਹਾ ਭਾਰੀ ਸੁਰੱਖਿਆ ਸੀ, ਇਸ ਤੋਂ ਬਚਣਾ ਅਸੰਭਵ ਜਾਪਦਾ ਸੀ ਪਰ ਦੁਰਗਾ ਭਾਬੀ ਨੂੰ ਇਹ ਸਵੀਕਾਰ ਨਹੀਂ ਸੀ ਕਿ ਮਾਂ ਦੇ ਹੁੰਦਿਆਂ ਪੁੱਤਰ ਗ੍ਰਿਫਤਾਰ ਹੋ ਜਾਵੇ। ਭਗਤ ਸਿੰਘ, ਟੋਪੀ ਪਾ ਕੇ, ਅਮੀਰ ਭਾਰਤੀ ਦੇ ਭੇਸ ਵਿੱਚ, ਅਤੇ ਦੁਰਗਾ ਭਾਬੀ, ਆਪਣੇ ਪੁੱਤਰ ਸ਼ਚਿੰਦਰਾ ਨੂੰ ਗੋਦੀ ਵਿੱਚ ਲੈ ਕੇ, ਭਗਤ ਸਿੰਘ ਦੀ

(ਬਾਕੀ ਸਫਾ 14 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਗੈਸ ਤੇ ਬਿਜਲੀ ਦੀਆਂ ਅਸਮਾਨੀ ਚੜੀਆਂ ਕੀਮਤਾਂ ਦੀ ਯੂਰਪੀਅਨ ਲੋਕਾਂ ਉਪਰ ਮਾਰ

**ਸੈਕਰਾਮੈਂਟੋ 1 ਅਕਤੂਬਰ–** ਇਕੱਲੇ ਭਾਰਤ ਵਿਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿਚ ਮਹਿੰਗਾਈ ਦੀ ਮਾਰ ਪੈ ਰਹੀ ਹੈ। ਲੋਕ ਰਸੋਈ ਗੈਸ ਤੇ ਬਿਜਲੀ ਮਹਿੰਗੇ ਭਾਅ ਖਰੀਦਣ ਲਈ ਮਜਬੂਰ ਹੋ ਰਹੇ ਹਨ ਤੇ ਜੋ ਲੋਕ ਗੈਸ ਖਰੀਦਣ ਵਿਚ ਅਸਮਰਥ ਹਨ, ਉਹ ਖਾਣਾ ਬਣਾਉਣ ਤੇ ਆਪਣੇ ਆਪ ਨੂੰ ਗਰਮ ਰੱਖਣ ਲਈ ਜੰਗਲੀ ਲੱਕੜਾਂ ਆਦਿ ਦੇ ਰਵਾਇਤੀ ਬਾਲਣ ਦੀ ਵਰਤੋਂ ਕਰ ਰਹੇ ਹਨ। ਯੂਰਪੀ ਯੂਨੀਅਨ ਦੇ ਲੱਖਾਂ ਲੋਕਾਂ ਨੂੰ ਗੈਸ ਤੇ ਬਿਜਲੀ ਦੀਆਂ ਅਸਮਾਨੀ ਚੜੀਆਂ ਕੀਮਤਾਂ ਕਾਰਨ ਸਰਦ ਰੁੱਤ ਦੌਰਾਨ ਆਪਣੇ ਘਰਾਂ ਨੂੰ ਗਰਮ ਰਖਣਾ ਮੁਸ਼ਕਿਲ ਹੋ ਜਾਵੇਗਾ। ਮਾਹਿਰਾਂ, ਗਰੀਬੀ ਵਿਰੋਧੀ ਸੰਸਥਾਵਾਂ ਤੇ ਵਾਤਾਵਰਣ ਪ੍ਰੇਮੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾਵਾਇਰਸ ਮਹਾਂਮਾਰੀ ਤੇ ਵਧੀਆਂ ਕੀਮਤਾਂ ਨੇ ਲੰਬੇ ਸਮੇ ਤੋਂ ਚੱਲੀ ਆ ਰਹੀ ਮਹਿੰਗਾਈ ਦੀ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਘੱਟ ਆਮਦਨੀ ਵਾਲੇ ਲੋਕ ਊਰਜਾ ਦੀਆਂ ਵਧੀਆਂ ਕੀਮਤ ਸਹਿਣ ਤੋਂ ਅਸਮਰਥ ਹਨ। ਮਾਨਚੈਸਟਰ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਏਨਰਜੀ ਪਾਵਰਟੀ ਰਿਸਰਚ ਨੈੱਟਵਰਕ ਅੰਗੇਜਰ ਦੇ ਪ੍ਰਧਾਨ ਸਟੈਫਨ ਬੌਜ਼ਰੋਵਸਕੀ ਦੀ ਅਗਵਾਈ ਵਿਚ ਹੋਈ ਇਕ ਤਾਜ਼ਾ ਖੋਜ਼ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਯੂਰਪ ਭਰ ਵਿਚ 8 ਕਰੋੜ ਲੋਕ ਆਪਣੇ ਘਰਾਂ ਨੂੰ ਉਚਿੱਤ ਢੰਗ ਤਰੀਕੇ ਨਾਲ ਗਰਮ ਰੱਖਣ ਲਈ ਜਦੋ ਜਹਿਦ ਕਰ ਰਹੇ ਸਨ। ਹਾਲਾਂ ਕਿ ਯੂਰਪੀ ਯੂਨੀਅਨ ਸਮੱਸਿਆ ਨੂੰ ਘਟਾ ਕੇ ਵੇਖ ਰਹੀ ਹੈ ਪਰੰਤੂ ਮਾਹਿਰਾਂ ਦਾ ਮੰਨਣਾ ਹੈ ਕਿ ਸਮੱਸਿਆ ਬਹੁਤ ਵੱਡੀ ਹੈ। ਵਧੀਆਂ ਕੀਮਤਾਂ ਕਾਰਨ ਲੋਕਾਂ ਦੇ ਬਿਜਲੀ ਤੇ ਗੈਸ ਦੇ ਕੁਨੈਕਸ਼ਨ ਕਟੇ ਜਾਣ ਦਾ ਖਤਰਾ ਮੰਡਰਾਅ ਰਿਹਾ ਹੈ ਕਿਉਂਕਿ ਲੋਕ ਇਨਾਂ ਦੋਨਾਂ ਹੀ ਜਰੂਰੀ ਸੇਵਾਵਾਂ ਦੇ ਬਿੱਲ ਦੇਣ ਵਿੱਚ ਅਸਮਰਥ ਹਨ। ਬਹੁਤ ਸਾਰੇ ਲੋਕਾਂ ਦੀ ਹਾਲਤ ਤਰਸਯੋਗ ਹੈ ਕਿਉਂਕਿ ਮਹਾਂਮਾਰੀ ਦੌਰਾਨ ਉਨਾਂ ਦੀ ਆਮਦਨੀ ਘੱਟ ਗਈ ਹੈ ਤੇ ਬਿੱਲ ਵਧ ਗਏ ਹਨ। ਖਾਸ ਕਰਕੇ ਪ੍ਰਚੂਨ ਕਾਰੋਬਾਰ, ਹਸਪਤਾਲਾਂ ਤੇ ਹਵਾਈ ਖੇਤਰ ਵਿਚ ਕੰਮ ਕਰਦੇ ਵਰਕਰਾਂ ਉਪਰ ਬਹੁਤ ਬੁਰਾ ਅਸਰ ਪਿਆ ਹੈ। ਇਨਾਂ ਵਿਚੋਂ ਬਹੁਤ ਸਾਰੇ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਰਹੀਆਂ ਹਨ। ਰੈਗੂਲੇਟਰੀ ਐਕਸ਼ਨ ਪ੍ਰਾਜੈਕਟ ਜੋ ਸਾਫ ਸੁਥਰੀ ਊਰਜਾ ਉਪਰ ਕੰਮ ਕਰਦਾ ਹੈ, ਦੇ ਸੀਨੀਅਰ ਸਲਾਹਕਾਰ ਤੇ ਨੀਤੀ ਵਿਸ਼ਲੇਸ਼ਣਕਾਰ ਲੂਇਸ ਸੁੰਦਰਲੈਂਡ ਅਨੁਸਾਰ 2019 ਤੋਂ ਬਾਅਦ ਬਹੁਤ ਕੁਝ ਬਦਲ ਚੁੱਕਾ ਹੈ ਜਦ ਕਿ ਇਕ ਕਰੋੜ 20 ਲੱਖ ਘਰਾਂ ਵੱਲ ਪਹਿਲਾਂ ਹੀ ਗੈਸ ਤੇ ਬਿਜਲੀ ਦੇ ਬਿੱਲ ਬਕਾਇਆ ਖੜੇ ਹਨ।

ਰਾਈਟ ਟੂ ਏਨਰਜੀ ਕੁਲੀਸ਼ਨ ਅਨੁਸਾਰ 70 ਲੱਖ ਯੂਰਪੀਅਨਾਂ ਨੂੰ ਇਕ ਸਾਲ ਦੌਰਾਨ ਊਰਜਾ ਕੁਨੈਕਸ਼ਨ ਕੱਟਣ ਦੇ ਨੋਟਿਸ ਆਏ ਹਨ। ਸੁੰਦਰਲੈਂਡ ਅਨੁਸਾਰ ਮਹਾਂਮਾਰੀ ਨੇ ਸਮੱਸਿਆ ਗੰਭੀਰ ਬਣਾ ਦਿੱਤੀ ਹੈ ਕਿਉਂਕਿ ਬਹੁਤ ਸਾਰੇ ਲੋਕ ਘਰਾਂ ਵਿਚ ਰਹਿਕੇ ਆਪਣਾ ਸਮਾਂ ਲੰਘਾ ਰਹੇ ਹਨ ਜਿਸ ਕਾਰਨ ਊਰਜਾ ਦੀ ਖਪਤ ਵਧ ਗਈ ਹੈ। ਇਸ ਦੇ ਨਾਲ ਹੀ ਊਰਜਾ ਦੀਆਂ ਕੀਮਤਾਂ ਵਧ ਰਹੀਆਂ ਹਨ ਕਿਉਂਕਿ ਮੰਗ ਵਧਣ ਕਾਰਨ ਗੈਸ ਸਪਲਾਈ ਵਿਚ ਵਿਘਨ ਪਿਆ ਹੈ। ਗੈਸ ਦੀ ਕਮੀ ਕਾਰਨ ਥੋਕ ਤੇ ਪ੍ਰਚੂਨ ਕੀਮਤਾਂ ਰਿਕਾਰਡ ਪੱਧਰ ਉਪਰ ਪੁੱਜ ਗਈਆਂ ਹਨ ਜਿਸ ਕਾਰਨ ਲੋਕਾਂ ਦੀ ਹਾਲਤ ਪਤਲੀ ਹੋ ਰਹੀ ਹੈ। ਬੌਜ਼ਰੋਵਸਕੀ ਅਨੁਸਾਰ 20 ਤੋਂ 30% ਤੱਕ ਯੂਰਪੀ ਵੱਸੋਂ ਨੂੰ ਆਮ ਗਰੀਬੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਯੂਰਪੀ ਯੂਨੀਅਨ ਦੇ ਕੁਝ ਦੇਸ਼ਾਂ ਵਿਚ 60% ਲੋਕਾਂ ਨੂੰ ਊਰਜਾ ਦੀਆਂ ਵਧੀਆਂ ਕੀਮਤਾਂ ਕਾਰਨ ਗਰੀਬੀ ਦੀ ਮਾਰ ਝਲਣੀ ਪੈ ਰਹੀ ਹੈ। ਬੁਲਗਾਰੀਆ ਵਿਚ ਸਭ ਤੋਂ ਵਧ 31% ਲੋਕ ਊਰਜਾ ਕੀਮਤਾਂ ਕਾਰਨ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਹਨ। ਲਿਥੂਆ–ਨੀਆ ਵਿਚ 28%, ਸਾਈਪਰਸ ਵਿਚ 21%, ਪੁਰਤਗਾਲ ਵਿਚ 19%, ਸਟਿਵਟਜ਼ਰਲੈਂਡ ਵਿਚ 0.3% ਤੇ ਨਾਰਵੇ ਵਿਚ 1% ਆਬਾਦੀ ਊਰਜਾ ਕੀਮਤਾਂ ਵਿਚ ਵਾਧੇ ਤੋਂ ਪੀੜਤ ਹੈ।


# ਗੈਸ ਸਟੇਸ਼ਨ 'ਤੇ ਕੰਮ ਕਰਦੇ ਪੰਜਾਬੀ ਸਿੱਖ ਦੀ ਅਣਪਛਾਤੇ ਵਿਅਕਤੀ ਵੱਲੋਂ ਹੱਤਿਆ

**ਸੈਕਰਾਮੈਂਟੋ 2 ਅਕਤੂਬਰ–** ਲਿਨਵੁੱਡ, ਵਾਸ਼ਿੰਗਟਨ ਵਿਚ ਇਕ ਅਣਪਛਾਤੇ ਵਿਅਕਤੀ ਨੇ ਗੈਸ ਸਟੇਸ਼ਨ 'ਤੇ ਕੰਮ ਕਰਦੇ ਇਕ ਪੰਜਾਬੀ ਸਿੱਖ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ 60 ਸਾਲਾ ਤੇਜਪਾਲ ਸਿੰਘ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਹ ਘਟਨਾ ਲਿਨਵੁੱਡ ਵਿਚ 148 ਵੀਂ ਸਟਰੀਟ ਤੇ ਸਟੇਟ ਹਾਈਵੇਅ 99 ਦੇ ਅੰਦਰੂਨੀ ਹਿੱਸੇ ਨੇੜੇ ਵਾਪਰੀ। ਪੁਲਿਸ ਮੁੱਖੀ ਦੇ ਦਫਤਰ ਅਨੁਸਾਰ ਸ਼ੱਕੀ ਸਟੋਰ ਵਿਚ ਦਾਖਲ ਹੋਇਆ ਤੇ ਮੁਲਾਜ਼ਮ ਉਪਰ ਗੋਲੀ ਚਲਾ ਦਿੱਤੀ ਜਿਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਗੋਲੀ ਮਾਰਨ ਉਪਰੰਤ ਉਹ ਘਟਨਾ



ਸਥਾਨ ਤੋਂ ਫਰਾਰ ਹੋ ਗਿਆ। ਪੁਲਿਸ ਦਾ ਮੰਨਣਾ ਹੈ ਕਿ ਸ਼ੱਕੀ ਲੁੱਟਮਾਰ ਦੇ ਇਰਾਦੇ ਨਾਲ ਸਟੋਰ ਵਿਚ ਦਾਖਲ ਹੋਇਆ ਸੀ। ਪੁਲਿਸ ਨੇ ਸ਼ੱਕੀ ਦੀ ਗ੍ਰਿਫਤਾਰੀ ਲਈ ਲੋਕਾਂ ਕੋਲੋਂ ਮੱਦਦ ਮੰਗੀ ਹੈ। 'ਗੋ ਫੰਡ ਮੀ ਪੇਜ' ਅਨੁਸਾਰ ਤੇਜਪਾਲ ਬਹੁਤ ਹੀ ਇਮਾਨਦਾਰ ਤੇ ਖੁਸ਼ਦਿੱਲ ਵਿਅਕਤੀ ਸੀ। ਉਸ ਦਾ ਪਿਛੋਕੜ ਜਲੰਧਰ ਜਿਲੇ ਨਾਲ ਸਬੰਧਤ ਹੈ ਤੇ ਉਹ 1986 ਵਿਚ ਅਮਰੀਕਾ ਆਇਆ ਸੀ। ਉਸ ਦੇ ਅੰਤਿਮ ਸੰਸਕਾਰ ਤੇ ਪਰਿਵਾਰ ਦੀ ਮੱਦਦ ਲਈ 60215 ਡਾਲਰ ਫੰਡ ਜੁਟਾਇਆ ਗਿਆ ਹੈ। ਉਹ ਆਪਣੇ ਪਿਛੇ ਪਤਨੀ ਤੇ 3 ਬੱਚੇ ਛੱਡ ਗਿਆ ਹੈ।

# ਐਰੀਜ਼ੋਨ ਵਿਚ ਜਹਾਜ਼ ਤੇ ਹੈਲੀਕਾਪਟਰ ਵਿਚਾਲੇ ਟੱਕਰ ਵਿੱਚ ਦੋ ਮੌਤਾਂ



**ਸੈਕਰਾਮੈਂਟੋ 2 ਅਕਤੂਬਰ–** ਐਰੀਜ਼ੋਨਾ ਵਿਚ ਜਹਾਜ਼ ਤੇ ਹੈਲੀਕਾਪਟਰ ਵਿਚਾਲੇ ਅਸਮਾਨ ਵਿਚ ਹੋਈ ਟੱਕਰ ਦੇ ਸਿੱਟੇ ਵਜੋਂ ਹੈਲੀਕਾਪਟਰ ਵਿਚ ਸਵਾਰ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਜਹਾਜ਼ ਚੰਦਲਰ ਹਵਾਈ ਅੱਡੇ ਉਪਰ ਸੁਰੱਖਿਅਤ ਉਤਰ ਗਿਆ। ਚੰਦਲਰ ਫਾਇਰ ਵਿਭਾਗ ਦੇ ਬੁਲਾਰੇ ਕੀਥ ਵੈਲਚ ਅਨੁਸਾਰ ਜਹਾਜ਼ ਫਿਕਸ ਪਰਾਂ ਵਾਲਾ ਸੀ। ਹੈਲੀਕਾਪਟਰ ਕੁਆਂਟਮ ਹੈਲੀਕਾਪਟਰ ਦੁਆਰਾ ਚਲਾਇਆ ਜਾਂਦਾ ਸੀ। ਉਸ ਵਿਚ ਦੋ ਹੀ ਵਿਅਕਤੀ ਸਵਾਰ ਸਨ ਜੋ ਘਟਨਾ ਸਥਾਨ ਉਪਰ ਹੀ ਮਾਰੇ ਗਏ। ਵੈਲਚਰ ਨੇ ਦੱਸਿਆ ਕਿ ਵਿਭਾਗ ਨੂੰ ਸਵੇਰੇ 7.45 ਵਜੇ ਹਾਦਸੇ ਬਾਰੇ ਜਾਣਕਾਰੀ ਮਿਲੀ ਸੀ। ਮੌਕੇ ਉਪਰ ਪੁੱਜਣ 'ਤੇ ਵੇਖਿਆ ਕਿ ਹੈਲੀਕਾਪਟਰ ਜ਼ਮੀਨ ਉਪਰ ਡਿੱਗਾ ਹੋਇਆ ਸੀ ਤੇ ਉਸ ਨੂੰ ਅੱਗ ਲਈ ਹੋਈ ਸੀ। ਹੈਲੀਕਾਪਟਰ ਵਿਚ ਸਵਾਰ ਦੋਨਾਂ ਹੀ ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ। ਚੰਦਲਰ ਪੁਲਿਸ ਵਿਭਾਗ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਕੈਲੀਫੋਰਨੀਆ ਤੱਟੀ ਖੇਤਰ ਵਿਚ ਤੇਲ ਰਿਸਣ ਕਾਰਨ ਮੱਛੀਆਂ ਤੇ ਪੰਛੀਆਂ ਦੀਆਂ ਮੌਤਾਂ





**ਸੈਕਰਾਮੈਂਟੋ 4 ਅਕਤੂਬਰ –** ਦੱਖਣੀ ਕੈਲੀਫੋਰਨੀਆ ਦੇ ਤੱਟੀ ਖੇਤਰ ਵਿਚ ਤੇਲ ਦੀ ਪਰਤ ਨੇ ਵਾਤਾਵਰਣ ਤੇ ਜੰਗਲੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਅਧਿਕਾਰੀਆਂ ਅਨੁਸਾਰ ਤੇਲ ਦੀ ਪਰਤ ਕਾਰਨ ਇਕ ਜੰਗਲੀ ਰੱਖ ਤਬਾਹ ਹੋ ਗਈ ਹੈ ਤੇ ਇਹ ਪਰਤ ਬਹੁਤ ਸਾਰੀਆਂ ਮੱਛੀਆਂ ਤੇ ਪੰਛੀਆਂ ਦੀ ਮੌਤ ਦਾ ਕਾਰਨ ਬਣੀ ਹੈ। ਇਸ ਪਰਤ ਨੇ ਹੰਟਿੰਗਟਨ ਬੀਚ ਤੱਕ ਸਮੁੰਦਰੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ।

ਅਧਿਕਾਰੀਆਂ ਅਨੁਸਾਰ ਪੈਸੀਫਿਕ ਓਸ਼ੀਅਨ ਵਿਚ ਅਚਾਨਕ 3000 ਬੈਰਲ ਤੇਲ ਆ ਜਾਣ ਦੇ ਸਿੱਟੇ ਵਜੋਂ ਦੱਖਣੀ ਕੈਲੀਫੋਰਨੀਆ ਦੇ ਤੱਟੀ ਖੇਤਰ ਵਿਚ ਇਹ ਸਮੱਸਿਆ ਪੈਦਾ ਹੋਈ ਹੈ। ਓਰੇਂਜ ਕਾਊਂਟੀ ਦੇ ਸੁਪਰਵਾਈਜ਼ਰ ਕੈਟਰੀਨਾ ਫੋਲੇ ਨੇ ਕਿਹਾ ਹੈ ਕਿ ਹੰਟਿੰਗਟਨ ਬੀਚ ਦੇ ਕੰਢੇ ਤੋਂ ਤਕਰੀਬਨ 5 ਕਿਲੋਮੀਟਰ ਦੂਰ ਪਾਈਲਾਈਨ ਵਿਚ ਦਰਾਰ ਆ ਜਾਣ ਕਾਰਨ ਤੇਲ ਦਾ ਰਿਸਾਵ ਸਮੁੰਦਰ ਵਿਚ ਹੋਇਆ ਹੈ। ਉਨਾਂ ਕਿਹਾ ਕਿ ਮਰੀਆਂ ਮੱਛੀਆਂ ਤੇ ਪੰਛੀਆਂ ਨੂੰ ਇਕੱਠਾ ਕੀਤਾ ਜਾ ਰਿਹਾ ਹੈ। ਫੋਲੇ ਅਨੁਸਾਰ ਇਸ ਹਾਦਸੇ ਕਾਰਨ ਜੰਗਲੀ ਜੀਵਨ ਉਪਰ ਵਰਣਨਯੋਗ ਮਾਰੂ ਅਸਰ ਪਿਆ ਹੈ। ਉਨਾਂ ਕਿਹਾ ਕਿ ਸਮੁੱਚੇ ਲੋਕਾਂ ਦੀ ਦਹਾਕਿਆਂ ਦੀ ਮਿਹਨਤ ਉਪਰੰਤ ਜੰਗਲੀ ਜੀਵਾਂ ਦੀ ਇਹ ਕੁੱਦਰਤੀ ਰੱਖ ਬਣਾਈ ਗਈ ਸੀ ਜੋ ਇਸ ਸਮੇ ਮੁਕੰਮਲ ਰੂਪ ਵਿਚ ਤਬਾਹ ਹੋ ਚੁੱਕੀ ਹੈ।

ਯੁਨਾਈਟਿਡ ਸਟੇਟਸ ਕੋਸਟ ਗਾਰਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਹੁਣ ਤੱਕ 1218 ਗੈਲਨ ਤੇਲ ਤੇ ਪਾਣੀ ਦਾ ਮਿਸ਼ਰਣ ਕੱਢਿਆ ਜਾ ਚੁੱਕਾ ਹੈ ਤੇ ਸੰਘੀ ਤੇ ਰਾਜ ਅਧਿਕਾਰੀਆਂ ਵੱਲੋਂ ਆਪਰੇਸ਼ਨ ਮੁਕੰਮਲ ਹੋਣ ਦਾ ਐਲਾਨ ਕਰਨ ਉਪੰਰਤ ਹੀ ਸਮੁੰਦਰ ਵਿਚੋਂ ਤੇਲ ਦੀ ਪਰਤ ਨੂੰ ਹਟਾਉਣ ਦਾ ਕੰਮ ਰੋਕਿਆ ਜਾਵੇਗਾ। ਇਸੇ ਦੌਰਾਨ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਐਲਾਨ ਕੀਤਾ ਹੈ ਕਿ ਤੇਲ ਰਿਸਣ ਦੇ ਕਾਰਨ ਸਬੰਧੀ ਜਾਂਚ ਪੜਤਾਲ ਲਈ ਅਧਿਕਾਰੀ ਮੌਕੇ ਉਪਰ ਜਾਣਗੇ ਤੇ ਹਾਦਸੇ ਸਬੰਧੀ ਮੁਕੰਮਲ ਜਾਣਕਾਰੀ ਇਕੱਠੀ ਕਰਨਗੇ।

ਹੋਸਟਨ ਦੀ ਗੈਸ ਕੰਪਨੀ ਐਮਪਲੀਫਾਈ ਏਨਰਜੀ ਜੋ ਕਿ ਪਾਈਪ ਲਾਈਨ ਦੀ ਮਾਲਕ ਹੈ, ਦੇ ਪ੍ਰਧਾਨ ਤੇ ਸੀ ਈ ਓ ਮਾਰਟਿਨ ਵਿਲਸ਼ਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੇਲ ਦੀ ਪਰਤ ਹੰਟਿੰਗਟਨ ਬੀਚ ਤੇ ਨਿਊਪੋਰਟ ਬੀਚ ਵਿਚਾਲੇ ਫੈਲੀ ਹੈ। ਉਨਾਂ ਕਿਹਾ ਕਿ ਕੰਪਨੀ ਸਥਾਨਕ ਲੋਕਾਂ, ਰਾਜ ਤੇ ਸੰਘੀ ਏਜੰਸੀਆਂ ਨਾਲ ਮਿਲਕੇ ਕੰਮ ਕਰ ਰਹੀ ਹੈ ਤਾਂ ਜੋ ਤੇਲ ਰਿਸਾਵ ਕਾਰਨ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾ ਸਕੇ। ਉਨਾਂ ਕਿਹਾ ਕਿ ਸਾਡੇ ਮੁਲਾਜ਼ਮ ਨਿਰੰਤਰ ਤੇਲ ਦੀ ਪਰਤ ਹਟਾਉਣ ਦੇ ਕੰਮ ਵਿਚ ਜੁਟੇ ਹੋਏ ਹਨ।

# ਭਾਰਤੀ ਮੂਲ ਦੇ ਵਿਦਿਆਰਥੀ ਦੀ ਗਲੋਬਲ ਸਟੂਡੈਂਟ ਪੁਰਸਕਾਰ ਲਈ ਚੋਣ

**ਸੈਕਰਾਮੈਂਟੋ 4 ਅਕਤੂਬਰ–**ਯੂ ਸੀ ਡੇਵਿਸ, ਕੈਲੀਫੋਰਨੀਆ ਦਾ ਭਾਰਤੀ ਮੂਲ ਦਾ ਅਮਰੀਕਨ ਪੀ ਐਚ ਡੀ ਵਿਦਿਆਰਥੀ ਤਨਿਸ਼ਕ ਅਬਰਾਹਮ ਇਕ ਲੱਖ ਡਾਲਰ ਵਾਲੇ ਗਲੋਬਲ ਸਟੂਡੈਂਟ ਪੁਰਸਕਾਰ ਦੇ ਫਾਇਨਲ ਵਿਚ ਪੁੱਜ ਗਿਆ ਹੈ। ਉਸ ਦੇ ਨਾਲ ਅੰਤਿਮ ਦੌਰ ਲਈ ਚੁਣੇ ਗਏ 49 ਹੋਰ ਵਿਦਿਆਰਥੀ ਵੀ ਸ਼ਾਮਿਲ ਹਨ। ਇਹ ਪੁਰਸਕਾਰ ਲੰਡਨ ਦੀ ਫਿਲਾਂਟਥਰਾਪੀ ਆਰਗੇਨਾਈਜੇਸ਼ਨ ਤੇ ਅਮਰੀਕਾ ਦੀ ਚੈਗ ਆਰਗੇਨਾਈਜੇਸ਼ਨ ਵੱਲੋਂ ਦਿੱਤਾ ਜਾਂਦਾ ਹੈ। ਫਾਈਨਲ ਵਿਚ ਪੁੱਜਣ ਵਾਲੇ 50 ਵਿਦਿਆਰਥੀ 30 ਦੇਸ਼ਾਂ ਦੇ ਹਨ ਤੇ ਇਨਾਂ ਦੀ ਉਮਰ 17 ਤੋਂ 30 ਸਾਲ ਦੇ ਦਰਮਿਆਨ ਹੈ। ਇਨਾਂ ਦੀ ਚੋਣ ਵਿਸ਼ਵ ਭਰ ਦੇ 94 ਦੇਸ਼ਾਂ ਦੇ 3500 ਵਿਦਿਆਰਥੀਆਂ ਵਿਚੋਂ ਕੀਤੀ ਗਈ ਹੈ।

# ਐਰੀਜ਼ੋਨਾ ਵਿਚ ਰੇਲ ਗੱਡੀ ਵਿਚ ਚੱਲੀਆਂ ਗੋਲੀਆਂ, ਡਰੱਗ ਇਨਫੋਰਸਮੈਂਟ ਏਜੰਸੀ ਦੇ ਵਿਸ਼ੇਸ਼ ਅਧਿਕਾਰੀ ਦੀ ਮੌਤ

**ਸੈਕਰਾਮੈਂਟੋ 5 ਅਕਤੂਬਰ–**ਟਕਸਨ, ਐਰੀਜ਼ੋਨਾ ਵਿਚ ਰੇਲ ਗੱਡੀ ਵਿਚ ਹੋਈ ਗੋਲੀਬਾਰੀ ਵਿਚ ਸੰਘੀ ਡਰੱਗ ਇਨ–ਫੋਰਸਮੈਂਟ ਏਜੰਸੀ ਦਾ ਇਕ ਵਿਸ਼ੇਸ਼ ਅਧਿਕਾਰੀ ਮਾਰਿਆ ਗਿਆ ਤੇ ਇਕ ਹੋਰ ਜ਼ਖਮੀ ਹੋ ਗਿਆ ਜਿਸ ਦੀ ਹਾਲਤ ਗੰਭੀਰ ਹੈ। ਟਕਸਨ ਦੇ ਪੁਲਿਸ ਮੁੱਖੀ ਕ੍ਰਿਸ ਮੈਗਨਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਘਟਨਾ ਵਿਚ ਇਕ ਪੁਲਿਸ ਅਧਿਕਾਰੀ ਵੀ ਜ਼ਖਮੀ ਹੋਇਆ ਹੈ ਜਿਸ ਦੀ ਹਾਲਤ ਸਥਿੱਰ ਹੈ। ਉਨਾਂ ਦੱਸਿਆ ਕਿ ਲਾਅ ਇਨਫੋਰਸਮੈਂਟ ਦੇ 3 ਅਧਿਕਾਰੀ, ਡਰੱਗ ਇਨਫੋਰਸਮੈਂਟ ਪ੍ਰਸ਼ਾਸਨ ਦੀ ਜੋਆਇੰਟ ਟਾਸਕ ਫੋਰਸ ਦੇ ਮੈਂਬਰ ਤੇ ਸਥਾਨਕ ਪੁਲਿਸ ਸਾਂਝੇ ਤੌਰ 'ਤੇ ਗੈਰ ਕਾਨੂੰਨੀ ਹਥਿਆਰਾਂ, ਪੈਸੇ ਤੇ ਡਰੱਗ ਦੀ ਬਰਾਮਦਗੀ ਲਈ ਅਮਤਰਕ ਰੇਲ ਦੀ ਆਮ ਵਾਂਗ ਤਲਾਸ਼ੀ ਲੈ ਰਹੀ ਸੀ ਤੇ ਸ਼ੱਕੀ ਲੋਕਾਂ ਕੋਲੋਂ ਪੁੱਛਗਿੱਛ ਕਰ ਰਹੀ ਸੀ ਤਾਂ ਦੋ ਲੋਕਾਂ ਨੇ ਇਸ ਦਾ ਵਿਰੋਧ ਕੀਤਾ



ਜਿਨਾਂ ਵਿਚੋਂ ਇਕ ਨੇ ਗੋ–ਲੀਆਂ ਚਲਾ ਦਿੱਤੀਆਂ ਜੋ ਖੁਦ ਵੀ ਬਾਅਦ ਵਿਚ ਮਾਰਿਆ ਗਿਆ। ਹਾਲਾਂ ਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਨੇ ਖੁਦ ਆਪਣੀ ਜਾਨ ਲਈ ਹੈ ਜਾਂ ਪੁਲਿਸ ਦੀ ਕਾਰਵਾਈ ਵਿਚ ਮਾਰਿਆ ਗਿਆ ਹੈ। ਦੂਸਰੇ ਸ਼ੱਕੀ ਨੂੰ ਪੁਲਿਸ ਨੇ ਕਾਬੂ ਕਰ ਲਿਆ। ਗੋਲੀਬਾਰੀ ਟਕਸਨ ਦੇ ਸਟੇਸ਼ਨ ਉਪਰ ਡਬਲ ਡੈਕਰ ਰੇਲ ਗੱਡੀ ਦੇ ਰੁਕਣ ਉਪਰੰਤ ਸਥਾਨਕ ਸਮੇ ਅਨੁਸਾਰ ਸਵੇਰੇ 8ਵਜੇ ਦੇ ਆਸ ਪਾਸ ਹੋਈ ਤੇ ਤਕਰੀਬਨ 15 ਮਿੰਟ ਜਾਰੀ ਰਹੀ। ਜਿਸ ਸਮੇ ਸਨਸੈੱਟ ਲਿਮਟਿਡ ਟਰੇਨ–2 ਵਿਚ ਗੋਲੀਬਾਰੀ ਹੋਈ ਤਾਂ ਉਸ ਵਿਚ 137 ਯਾਤਰੀ ਤੇ ਅਮਲੇ ਦੇ 11 ਮੈਂਬਰ ਸਵਾਰ ਸਨ। ਇਹਨਾਂ ਸਾਰੇ ਯਾਤਰੀਆਂ ਤੇ ਮੁਲਾਜ਼ਮਾਂ ਨੂੰ ਸੁਰੱਖਿਅਤ ਰੇਲ ਗੱਡੀ ਵਿਚੋਂ ਬਾਹਰ ਕੱਢ ਲਿਆ ਗਿਆ। ਇਹ ਰੇਲ ਗੱਡੀ ਲਾਸ ਏਂਜਲਸ ਤੋਂ ਨਿਊ ਓਰਲੀਨਜ ਜਾ ਰਹੀ ਸੀ। ਮੈਗਨਸ ਨੇ ਦੱਸਿਆ ਕਿ ਇਸ ਕਾਰਵਾਈ ਵਿਚ ਕਿਸੇ ਗੈਰ ਕਾਨੂੰਨੀ ਹਥਿਆਰ ਜਾਂ ਡਰੱਗ ਦੀ ਬ੍ਰਾਮਦਗੀ ਬਾਰੇ ਉਨਾਂ ਕੋਲ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਨੇ ਮਾਰੇ ਗਏ ਸ਼ੱਕੀ ਦੋਸ਼ੀ ਤੇ ਗ੍ਰਿਫਤਾਰ ਕੀਤੇ ਸ਼ੱਕੀ ਦੀ ਪਛਾਣ ਬਾਰੇ ਕੁਝ ਨਹੀਂ ਦੱਸਿਆ ਹੈ। ਘਟਨਾ ਦੀ ਐਫ ਬੀ ਆਈ ਜਾਂਚ ਕਰ


ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਜੋਅ ਬਾਈਡੇਨ ਨੇ ਕੀਤੀ ਨਾਗਰਿਕਾਂ ਨੂੰ ਕੋਵਿਡ ਵੈਕਸੀਨ ਲਗਵਾਉਣ ਦੀ ਬੇਨਤੀ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਨੇ ਲੱਖਾਂ ਨਿਵਾਸੀਆਂ ਦੀ ਜਾਨ ਲੈ ਲਈ ਹੈ। ਅਮਰੀਕਾ ਵਿੱਚ ਚੱਲ ਰਹੀ ਕੋਰੋਨਾ ਵੈਕਸੀਨ ਮੁਹਿੰਮ ਦੇ ਬਾਵਜੂਦ ਪਿਛਲੇ ਦਿਨੀਂ ਕੋਰੋਨਾ ਅੰਕੜਿਆਂ ਅਨੁਸਾਰ ਦੇਸ਼ ਵਿੱਚ ਕੋਵਿਡ ਮੌਤਾਂ ਦੀ ਗਿਣਤੀ 7 ਲੱਖ ਤੋਂ ਪਾਰ ਹੋ ਗਈ ਜੋ ਕਿ ਬਹੁਤ ਅਫਸੋਸਜਨਕ ਗੱਲ ਹੈ। ਇਹਨਾਂ ਮੌਤਾਂ ਨੂੰ ਰਾਸ਼ਟਰਪਤੀ ਜੋਅ ਬਾਈਡੇਨ ਨੇ



ਬਹੁਤ ਦੁਖਦਾਈ ਦੱਸਿਆ ਹੈ। ਇਸ ਦੌਰਾਨ ਰਾਸ਼ਟਰਪਤੀ ਬਾਈਡੇਨ ਨੇ ਸ਼ਨੀਵਾਰ ਨੂੰ ਅਮਰੀਕੀ ਨਿਵਾਸੀਆਂ ਨੂੰ ਕੋਰੋਨਾ ਵਾਇਰਸ ਤੋਂ ਸੁਰੱਖਿਅਤ ਰਹਿਣ ਅਤੇ ਕੋਰੋਨਾ ਮੌਤ ਦਰ ਨੂੰ ਘਟਾਉਣ ਲਈ ਕੋਰੋਨਾ ਦਾ ਟੀਕਾ ਲਗਵਾਉਣ ਦੀ ਬੇਨਤੀ ਕੀਤੀ। ਬਾਈਡੇਨ ਅਨੁਸਾਰ ਅਸੀਂ ਉਨ੍ਹਾਂ ਸਾਰਿਆਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਇਸ ਮਹਾਂਮਾਰੀ ਨਾਲ ਗੁਆ ਚੁੱਕੇ ਹਾਂ ਅਤੇ ਅਸੀਂ ਉਨ੍ਹਾਂ ਦੇ ਅਜ਼ੀਜ਼ਾਂ ਲਈ ਪ੍ਰਾਰਥਨਾ ਕਰਦੇ ਹਾਂ। ਅਮਰੀਕਾ ਵਿੱਚ ਦਸੰਬਰ 2020 ਵਿੱਚ ਟੀਕੇ ਲਗਾਏ ਜਾਣ ਤੋਂ ਪਹਿਲਾਂ ਤਕਰੀਬਨ 300,000 ਮੌਤਾਂ ਕੋਵਿਡ -19 ਦੇ ਕਾਰਨ ਹੋਈਆਂ ਸਨ। ਜਿਸਦੇ ਬਾਅਦ 10 ਮਹੀਨਿਆਂ ਵਿੱਚ ਹੋਰ 400,000 ਮੌਤਾਂ ਕੋਰੋਨਾ ਕਾਰਨ ਹੋਈਆਂ ਹਨ। ਇਸ ਲਈ ਬਾਈਡੇਨ ਨੇ ਲੋਕਾਂ ਨੂੰ ਆਪਣੀ ਅਤੇ ਆਪਣੇ ਅਜੀਜਾਂ ਦੀ ਜਾਨ ਬਚਾਉਣ ਲਈ ਕੋਰੋਨਾ ਵੈਕਸੀਨ ਲਗਵਾਉਣ ਦੀ ਬੇਨਤੀ ਕੀਤੀ ਹੈ।

# ਡੋਨਾਲਡ ਟਰੰਪ ਨੇ ਆਪਣਾ ਟਵਿੱਟਰ ਖਾਤਾ ਬਹਾਲ ਕਰਨ ਲਈ ਜੱਜ ਨੂੰ ਕੀਤੀ ਅਪੀਲ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਲੋਰਿਡਾ ਦੇ ਇੱਕ ਫੈਡਰਲ ਜੱਜ ਨੂੰ ਆਪਣਾ ਟਵਿੱਟਰ ਖਾਤਾ ਬਹਾਲ ਕਰਨ ਲਈ ਟਵਿੱਟਰ ਨੂੰ ਕਹਿਣ ਲਈ ਅਪੀਲ ਕੀਤੀ ਹੈ। ਅਮਰੀਕੀ ਰਾਜਧਾਨੀ ਵਿੱਚ 6 ਜਨਵਰੀ ਨੂੰ ਕੈਪੀਟਲ ਇਮਾਰਤ ਵਿੱਚ ਹੋਏ ਦੰਗਿਆਂ ਤੋਂ ਬਾਅਦ ਟਵਿੱਟਰ ਵੱਲੋਂ ਟਰੰਪ ਦਾ ਖਾਤਾ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਲਈ ਟਰੰਪ ਦੇ ਵਕੀਲਾਂ ਨੇ ਸ਼ੁੱਕਰਵਾਰ ਨੂੰ ਮਿਆਮੀ ਵਿੱਚ ਅਮਰੀਕੀ ਡਿਸਟ੍ਰਿਕਟ ਕੋਰਟ ਵਿੱਚ ਟਵਿੱਟਰ ਅਤੇ ਇਸਦੇ ਸੀ ਈ ਓ, ਜੈਕ ਡੋਰਸੀ ਦੇ ਵਿਰੁੱਧ ਮੁੱਢਲੇ ਹੁਕਮ ਦੀ ਮੰਗ ਕਰਦੇ ਹੋਏ ਇੱਕ ਮਤਾ ਦਾਇਰ ਕੀਤਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਟਵਿੱਟਰ, ਟਰੰਪ ਨੂੰ ਉਨ੍ਹਾਂ ਦੇ ਪਹਿਲੇ ਸੋਧ ਅਧਿਕਾਰਾਂ ਦੀ ਉਲੰਘਣਾ ਵਿੱਚ ਸੈਂਸਰ ਕਰ ਰਿਹਾ ਹੈ। ਦੱਸਣਯੋਗ ਹੈ ਕਿ ਟਰੰਪ ਦੇ ਪੈਰੋਕਾਰਾਂ ਦੁਆਰਾ ਕੈਪੀਟਲ ਇਮਾਰਤ 'ਤੇ ਹਮਲਾ ਕਰਨ ਦੇ ਕੁੱਝ ਦਿਨਾਂ ਬਾਅਦ ਟਵਿੱਟਰ ਨੇ ਟਰੰਪ ਦੇ ਖਾਤੇ 'ਤੇ ਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਸੀ। ਟਵਿੱਟਰ ਨੂੰ ਟਰੰਪ ਦੁਆਰਾ ਹੋਰ ਹਿੰਸਾ ਹਿੰਸਾ ਭੜਕਾਉਣ ਦਾ ਡਰ ਸੀ। ਪਾਬੰਦੀ ਤੋਂ ਪਹਿਲਾਂ, ਟਰੰਪ ਦੇ ਟਵਿੱਟਰ 'ਤੇ ਲਗਭਗ 89 ਮਿਲੀਅਨ ਫਾਲੋਅਰਜ਼ ਸਨ। ਟਰੰਪ ਨੂੰ ਫੇਸਬੁੱਕ ਅਤੇ ਗੂਗਲ ਦੇ ਯੂਟਿਊਬ ਅਕਾਊਂਟ ਤੋਂ ਵੀ ਮੁਅੱਤਲ ਕਰ ਦਿੱਤਾ ਗਿਆ ਸੀ। ਫੇਸਬੁੱਕ ਦੀ ਪਾਬੰਦੀ 7 ਜਨਵਰੀ, 2023 ਤੱਕ ਚੱਲੇਗੀ, ਜਿਸ ਤੋਂ ਬਾਅਦ ਕੰਪਨੀ ਮੁਅੱਤਲੀ ਦੀ ਸਮੀਖਿਆ ਕਰੇਗੀ ਜਦਕਿ ਯੂਟਿਊਬ ਦੀ ਪਾਬੰਦੀ ਅਨਿਸ਼ਚਿਤ ਹੈ।




# ਸਮੁੰਦਰੀ ਰਸਤੇ ਆ ਰਹੇ 200 ਤੋਂ ਵੱਧ ਹੈਤੀ ਨਿਵਾਸੀਆਂ ਨੂੰ ਭੇਜਿਆ ਵਾਪਸ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਕੋਸਟ ਗਾਰਡਾਂ ਦੁਆਰਾ ਪਿਛਲੇ ਦਿਨਾਂ ਦੌਰਾਨ ਸਮੁੰਦਰ ਰਾਸਤੇ ਕਿਸ਼ਤੀ ਰਾਹੀਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 200 ਤੋਂ ਵੱਧ ਹੈਤੀਆਈ ਪ੍ਰਵਾਸੀਆਂ ਦੀ ਜਾਨ ਬਚਾ ਕੇ ਵਾਪਸ ਭੇਜਿਆ ਹੈ। ਕੋਸਟ ਗਾਰਡਾਂ ਦੁਆਰਾ ਬੁੱਧਵਾਰ ਨੂੰ ਹੈਤੀ ਦੇ ਕੈਪ ਡੂ ਮੋਲ ਤੋਂ 35 ਮੀਲ ਦੀ ਦੂਰੀ 'ਤੇ 183 ਲੋਕਾਂ ਨੂੰ ਲੈ ਕੇ 55 ਫੁੱਟ ਦੀ ਇੱਕ ਕਿਸ਼ਤੀ ਨੂੰ ਰੋਕਿਆ ਗਿਆ ਅਤੇ ਲਾਈਫ ਜੈਕਟਾਂ ਮੁਹੱਈਆਂ ਕਰਵਾਈਆਂ। ਇਸ ਤੋਂ&; ਪਿਛਲੇ ਹਫਤੇ ਵੀ ਗਾਰਡਾਂ ਦੁਆਰਾ 77 ਲੋਕਾਂ ਦੇ ਸਮੂਹ ਨੂੰ ਰੋਕਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਫੜੇ ਗਏ ਇਹਨਾਂ ਪ੍ਰਵਾਸੀਆਂ ਨੂੰ ਕੁੱਝ ਦਿਨਾਂ ਬਾਅਦ ਹੈਤੀ ਵਾਪਸ ਭੇਜ ਦਿੱਤਾ ਗਿਆ ਸੀ। ਅਮਰੀਕੀ ਫੈਡਰਲ ਕਾਨੂੰਨ ਦੇ ਤਹਿਤ, ਕੋਸਟ ਗਾਰਡਾਂ ਕੋਲ ਅੰਤਰਰਾਸ਼ਟਰੀ ਪਾਣੀਆਂ ਵਿੱਚ ਇੱਕ ਜਹਾਜ਼ / ਕਿਸ਼ਤੀ ਨੂੰ ਰੋਕਣ ਦੀ ਸਮਰੱਥਾ ਹੁੰਦੀ ਹੈ। ਹੈਤੀ ਵਿੱਚ ਅਮਰੀਕੀ ਦੂਤਾਵਾਸ ਦੇ ਕੋਸਟ ਗਾਰਡ ਸੰਪਰਕ ਅਧਿਕਾਰੀ ਲੈਫਟੀਨੈਂਟ ਡੇਵਿਡ ਸਟੀਲ ਅਨੁਸਾਰ ਸਮੁੰਦਰੀ ਰਸਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਪ੍ਰਵਾਸੀ ਅਕਸਰ ਬਹੁਤ ਜ਼ਿਆਦਾ ਭਾਰ ਅਤੇ ਸੁਰੱਖਿਆ ਉਪਕਰਣਾਂ ਤੋਂ ਬਿਨਾਂ ਹੁੰਦੇ ਹਨ ਅਤੇ ਇਸ ਕੋਸ਼ਿਸ਼ ਦੌਰਾਨ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਜਾਨਾਂ ਵੀ ਗੁਆਈਆਂ ਹਨ। ਕੋਸਟ ਗਾਰਡ ਨੇ ਜਾਣਕਾਰੀ ਦਿੱਤੀ ਕਿ ਅਕਤੂਬਰ 2000 ਤੋਂ ਸਮੁੰਦਰ ਰਾਹੀਂ ਅਮਰੀਕਾ ਜਾਣ ਦੀ ਕੋਸ਼ਿਸ਼ ਕਰ ਰਹੇ 1,328 ਲੋਕਾਂ ਨੂੰ ਅਧਿਕਾਰੀਆਂ ਦੁਆਰਾ ਬਚਾਇਆ ਗਿਆ ਹੈ। ਜਿਹਨਾਂ ਵਿੱਚੋਂ ਤਕਰੀਬਨ 1,119 ਹੈਤੀਆਈ ਪ੍ਰਵਾਸੀ ਸਨ।



'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA' (LUKE 9:2)

THE SAVIOR'S CHURCH

HINDI, PUNJABI, URDU

You are invited to be our guest

Sunday Service

12:00 PM

913 FLOYD AVE. MODESTO, CA 95350

FOR FURTHER INFORMATION CONTACT: +1 (209) 300-9483

ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।

209 687 6548, 209 300 9483

ਸਾਡੀ ਵੈਬ ਸਾਈਟ www.thesaviorschurch.net

A & S

Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics




Ph: 916-238-4431
649 W. Elkhorn Blvd. Suite B2
Rio Linda, CA 95673


Amarjit Sandhu

# ਅਮਰੀਕਾ ਵਿਚ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦਾ ਦਾਖਲਾ ਘਟਿਆ

## ਪਿਛਲੇ 40 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪੁੱਜਾ


**ਸੈਕਰਾਮੈਂਟੋ 6 ਅਕਤੂਬਰ (ਹੁਸਨ ਲੜੋਆ ਬੰਗਾ)–** ਅਮਰੀਕਾ ਨੇ ਮਾਲੀ ਸਾਲ 2021 ਦੌਰਾਨ ਆਪਣੇ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਤਹਿਤ 11,411 ਲੋਕਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਹੈ ਜੋ ਪਿਛਲੇ ਸਾਲਾਂ ਦੀ ਤੁਲਨਾ ਵਿਚ ਸਭ ਤੋਂ ਘੱਟ ਹੈ। ਇਹ ਪ੍ਰਗਟਾਵਾ ਅਮਰੀਕੀ ਵਿਦੇਸ਼ ਵਿਭਾਗ ਨੇ ਕੀਤਾ ਹੈ। 2021 ਵਿਚ ਪਿਛਲੇ 40 ਸਾਲਾਂ ਦੌਰਾਨ ਪਹਿਲੀ ਵਾਰ ਸਭ ਤੋਂ ਘੱਟ ਸ਼ਰਨਾਰਥੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਮਾਲੀ ਸਾਲ 2020 ਵਿਚ ਸਭ ਤੋਂ ਘੱਟ 11,814 ਸ਼ਰਨਾਰਥੀਆਂ ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਦੂਸਰੇ ਦੇਸ਼ਾਂ ਦੀ ਤੁਲਨਾ ਵਿਚ ਪਿਛਲੇ ਕਈ ਸਾਲਾਂ ਦੌਰਾਨ ਅਮਰੀਕਾ ਸ਼ਰਨਾਰਥੀਆਂ ਨੂੰ ਖੁਲੇ ਆਮ ਸਵਿਕਾਰਦਾ ਰਿਹਾ ਹੈ ਪਰੰਤੂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਨੂੰ ਰੋਕਣ ਲਈ ਕਈ ਤਰਾਂ ਦੇ ਕਦਮ ਚੁੱਕੇ ਜਿਨਾਂ ਸਦਕਾ ਯੋਗ ਸ਼ਰਨਾਰਥੀਆਂ ਦੀ ਚੋਣ ਦਾ ਰਾਹ ਔਖਾ ਕਰ ਦਿੱਤਾ ਗਿਆ। ਰਾਸ਼ਟਰਪਤੀ ਜੋ ਬਾਈਡਨ ਨੇ ਕਾਫੀ ਝਿਝਕ ਤੋਂ ਬਾਅਦ ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦੀ ਸੀਮਾ ਵਧਾ ਕੇ 62,500 ਕਰ ਦਿੱਤੀ ਸੀ ਜੋ ਸੀਮਾ ਪਹਿਲਾਂ 50 ਹਜਾਰ ਤੋਂ ਕੁਝ ਵਧ ਸੀ। ਵਧਾਈ ਸੀਮਾ ਵੀ ਪਿਛਲੇ ਮਹੀਨੇ ਖਤਮ ਹੋ ਗਈ ਹੈ। ਬਾਈਡਨ ਪ੍ਰਸ਼ਾਸਨ ਦੀ ਮਾਲੀ ਸਾਲ 2022 ਦੌਰਾਨ ਸ਼ਰਨਾਰਥੀਆਂ ਦੀ ਸੀਮਾ ਵਧਾ ਕੇ 1,25,000



ਕਰਨ ਦੀ ਯੋਜਨਾ ਹੈ ਪਰੰਤੂ ਜਿਸ ਤਰਾਂ ਦੇ ਮਾਪ ਦੰਡ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਤਹਿਤ ਲਾਗੂ ਕੀਤੇ ਜਾ ਚੁੱਕੇ ਹਨ, ਉਨਾਂ ਤਹਿਤ ਏਨੇ ਸ਼ਰਨਾਰਥੀਆਂ ਦਾ ਅਮਰੀਕਾ ਵਿਚ ਪ੍ਰਵੇਸ਼ ਮੁਸ਼ਕਿਲ ਲੱਗਦਾ ਹੈ। ਅਮਰੀਕਾ ਦੀ ਇਸ ਪਹੁੰਚ ਤੋਂ ਸ਼ਰਨਾਰਥੀ ਸਮਰਥਕ ਸੰਸਥਾਵਾਂ ਨਿਰਾਸ਼ ਹਨ। ਲੂਥਰਨ ਇਮੀਗ੍ਰੇਸ਼ਨ ਐਂਡ ਰਫਿਊਜ਼ੀ ਸਰਵਿਸ ਦੀ ਸੀ ਈ ਓ ਤੇ ਪ੍ਰਧਾਨ ਕ੍ਰਿਸ ਓ ਮਾਰਾ ਵਿਗਨਾਰਾਜਾਹ ਨੇ ਇਕ ਬਿਆਨ ਵਿਚ ਕਿਹਾ ਹੈ ਕਿ " ਮਾਲੀ ਸਾਲ 2021 ਦੌਰਾਨ ਸ਼ਰਨਾਰਥੀਆਂ ਦੀ ਹੇਠਲੇ ਪੱਧਰ 'ਤੇ ਪੁੱਜੀ ਗਿਣਤੀ ਤੋਂ ਉਹ ਨਿਰਾਸ਼ ਹੋਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਸਾਬਕਾ ਟਰੰਪ ਪ੍ਰਸ਼ਾਸਨ ਨੇ ਆਪਣੇ 4 ਸਾਲਾਂ ਦੇ ਕਾਰਜਕਾਲ ਦੌਰਾਨ ਕਿਸ ਤਰਾਂ ਸ਼ਰਨਾਰਥੀ ਦਾਖਲਾ ਪ੍ਰੋਗਰਾਮ ਨੂੰ ਨਿਸ਼ਾਨਾ ਬਣਾਇਆ ਹੈ ਤੇ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਪ੍ਰਵੇਸ਼ ਉਪਰ ਰੋਕ ਲਾਈ ਹੈ।" ਉਨਾਂ ਕਿਹਾ ਕਿ ਇਸ ਤੋਂ ਇਲਾਵਾ ਕੋਰੋਨਾ ਮਹਾਂਮਾਰੀ ਨੇ ਵੀ ਸ਼ਰਨਾਰਥੀਆਂ ਦੇ ਅਮਰੀਕਾ ਵਿਚ ਦਾਖਲ ਹੋਣ ਦੇ ਰਾਹ ਵਿਚ ਅੜਿਕੇ ਖੜੇ ਕੀਤੇ ਹਨ। ਇਸ ਸਮੇ ਸ਼ਰਨਾਰਥੀ ਮੁੜ ਵਸੇਬਾ ਸੰਸਥਾਵਾਂ ਨੂੰ ਹਜਾਰਾਂ ਅਫਗਾਨ ਸ਼ਰਨਾਰਥੀਆਂ ਦੇ ਰਹਿਣ ਦੇ ਪ੍ਰਬੰਧ ਕਰਨ ਵਿਚ ਮੁਸ਼ਕਿਲਾਂ ਆ ਰਹੀਆਂ ਹਨ। ਇਨਾਂ ਵਿਚੋਂ ਬਹੁਤ ਸਾਰੇ ਸ਼ਰਨਾਰਥੀ ਤੈਅਸ਼ੁੱਦਾ ਮੁੜਵਸੇਬਾ ਪ੍ਰੋਗਰਾਮ ਤਹਿਤ ਅਮਰੀਕਾ ਵਿਚ ਦਾਖਲ ਨਹੀਂ ਹੋਏ। ਇਸ ਲਈ ਬਾਈਡਨ ਪ੍ਰਸ਼ਾਸਨ ਇਨਾਂ ਨੂੰ ਸ਼ਰਨਾਰਥੀਆਂ ਵਜੋਂ ਸਵਿਕਾਰ ਕਰਨ ਲਈ ਤਿਆਰ ਨਹੀਂ ਹੈ। ਇਸ ਨਾਲ ਆਉਣ ਵਾਲੇ ਸਮੇ ਵਿਚ ਇਨਾਂ ਅਯੋਗ ਸ਼ਰਨਾਰਥੀਆਂ ਲਈ ਨਵੀਆਂ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ ਤੇ ਇਨਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਵੀ ਪੈ ਸਕਦਾ ਹੈ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਅਤੇ ਕਿਸਾਨੀ ਅੰਦੋਲਨ ਨੂੰ ਸਮਰਪਿਤ ਸੈਮੀਨਾਰ ਕਰਵਾਇਆ

**ਨਵਾਂ ਸ਼ਹਿਰ–** ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਨਵਾਂ ਸ਼ਹਿਰ ਵੱਲੋਂ ਇਕਾਈ ਬੰਗਾ ਦੇ ਸਹਿਯੋਗ ਨਾਲ ਖਟਕੜ ਕਲਾਂ ਵਿਖੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਅਜੋਕੇ ਸਮੇਂ ਵਿਚ ਸ਼ਹੀਦ ਭਗਤ ਸਿੰਘ ਜੀ ਦੀ ਵਿਚਾਰਧਾਰਾ ਦੀ ਲੋੜਵੰਦੀ ’ਤੇ ਵਿਚਾਰ ਚਰਚਾ ਕੀਤੀ ਗਈ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਸ਼ਿਆਮ ਸੁੰਦਰ ਦੀਪਤੀ ਸਨ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਲੋੜ ਅੱਜ ਹੋਰ ਵੀ ਵੱਧ ਗਈ ਹੈ। ਜਦੋਂ ਦੇਸ਼ ਅੰਦਰ ਸੰਘਰਸ਼ ਕਰਕੇ ਪ੍ਰਾਪਤ ਕੀਤੇ ਹੱਕਾਂ ਨੂੰ ਇਕ-ਇਕ ਕਰਕੇ ਖੋਹਿਆ ਜਾ ਰਿਹਾ ਹੈ। ਫਾਸ਼ੀਵਾਦੀ ਨੀਤੀਆਂ ਲਾਗੂ ਕਰਦਿਆਂ ਜਮਹੂਰੀ ਲੋਕਾਂ ਤੋਂ ਬੋਲਣ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਜੀ ਦੇ ਆਰਥਿਕ, ਸਮਾਜਿਕ ਬਰਾਬਰੀ ਵਾਲੇ ਵਿਚਾਰ ਅੱਜ ਵੀ ਸਾਡੀ ਯੋਗ ਅਗਵਾਈ ਕਰ ਰਹੇ ਹਨ, ਜਿਹਨਾਂ ਵਾਸਤੇ ਸਾਨੂੰ ਖੁਦ ਅੱਗੇ ਹੋ ਕੇ ਸੰਘਰਸ਼ ਕਰਨ ਦੀ ਅਣਸਰਦੀ ਲੋੜ ਹੈ। ਸ਼ਹੀਦ ਭਗਤ ਸਿੰਘ ਜੀ ਦੇ ਜਲ੍ਹਿਆਂ ਵਾਲੇ ਬਾਗ ਨਾਲ ਸਬੰਧਾਂ ’ਤੇ ਚਰਚਾ ਕਰਦਿਆਂ ਕਿਹਾ ਕਿ ਸੁੰਦਰਤਾ ਦੇ ਨਾਂ ਤੇ ਸ਼ਹੀਦੀ ਯਾਦਗਾਰਾਂ ਨਾਲ ਬੇਲੋੜੀ ਛੇੜਛਾੜ ਕੀਤੀ ਜਾ ਰਹੀ ਹੈ। ਜਿਸ ਦਾ ਚੇਤਨ ਲੋਕਾਂ ਨੂੰ ਵਿਰੋਧ ਕਰਨਾ ਬਣਦਾ ਹੈ। ਸ੍ਰੀ ਸਤਪਾਲ ਸਲੋਹ ਤਰਕਸ਼ੀਲ ਆਗੂ ਨੇ ਕਿਸਾਨੀ ਅੰਦੋਲਨ ਦੇ ਸਬੰਧ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਦਸ ਮਹੀਨੇ ਤੋ ਚੱਲ ਰਹੇ ਸ਼ਾਂਤਮਈ ਕਿਸਾਨੀ ਅੰਦੋਲਨ ਨੇ ਇਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਸਰਕਾਰ ਵੱਲੋਂ ਤਿੰਨ ਕਿਸਾਨੀ ਕਾਨੂੰਨ



ਬਣਾ ਕੇ ਗੁਲਾਮ ਬਣਾਉਣ ਵਰਗੀ ਸਾਜਿਸ਼ ਕੀਤੀ ਹੈ। ਰੋਟੀ ਤੇ ਰੁਜ਼ਗਾਰ ਖੋਹਣ ਦਾ ਯਤਨ ਕੀਤਾ ਹੈ, ਜਿਸ ਦਾ ਦੇਸ਼ ਭਰ ਵਿਚ ਵਿਰੋਧ ਹੋ ਰਿਹਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਕਿਸਾਨੀ ਸੰਘਰਸ਼ ਵਿਚ ਆਪਣਾ ਸਹਿਯੋਗ ਦੇ ਰਹੀ ਹੈ। ਇਸ ਸੈਮੀਨਾਰ ਵਿਚ ਸ਼ਾਮਲ ਸਰੋਤਿਆਂ ਅਤੇ ਪ੍ਰਧਾਨਗੀ ਮੰਡਲ ਦਾ ਧੰਨਵਾਦ ਕਰਦਿਆਂ ਮਾਸਟਰ ਜਗਦੀਸ਼ ਰਾਏਪੁਰ ਡੱਬਾ ਨੇ ਕਿਹਾ ਕਿ ਲੋਕਾਂ ਦੀ ਸੂਝ ਵਿਗਿਆਨਕ ਬਣਾਉਣ ਲਈ ਤਰਕਸ਼ੀਲ ਸੁਸਾਇਟੀ ਸੈਮੀਨਾਰ, ਗੋਸ਼ਟੀਆਂ, ਮੇਲੇ ਆਦਿ ਦਾ ਆਯੋਜਨ ਕਰਦੀ ਰਹਿੰਦੀ ਹੈ। ਲੋਕ ਚੇਤਨਾ ਦੇ ਪਸਾਰ ਨਾਲ ਹੀ ਇਸ ਮਾੜੇ ਨਿਕੰਮੇ ਪ੍ਰਬੰਧ ਨੂੰ ਬਦਲਿਆ ਜਾ ਸਕਦਾ ਹੈ। ਇਸ ਮੌਕੇ ਡਾ. ਸ਼ਿਆਮ ਸੁੰਦਰ ਦੀਪਤੀ ਵੱਲੋਂ ਸੰਪਾਦਿਤ ਕਿਸਾਨੀ ਸੰਘਰਸ਼ ਨੂੰ ਸਮਰਪਿਤ ਗੁਫਤਗੂ ਦਾ ਛੇਵਾਂ ਅੰਕ ਵੀ ਰਿਲੀਜ਼ ਕੀਤਾ ਗਿਆ ਹੈ। ਇਸ ਸਮੁੱਚੇ ਪ੍ਰੋਗਰਾਮ ਦੇ ਸਟੇਜ ਸਕੱਤਰ ਦੀ ਭੂਮਿਕਾ ਜੋਗਿੰਦਰ ਸਿੰਘ ਕੁਲੇਵਾਲ ਜੋਨ ਮੁਖੀ ਨਵਾਂ ਸ਼ਹਿਰ ਨੇ ਨਿਭਾਈ। ਹੋਰਨਾਂ ਤੋਂ ਇਲਾਵਾ ਸ੍ਰੀ ਮੁਕੰਦ ਲਾਲ, ਸੁੱਚਾ ਰਾਮ, ਸ਼ਿੰਗਾਰਾ ਰਾਮ ਲੰਗੇਰੀ, ਕਲਮਜੀਤ ਕੌਰ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਵਿਸ਼ੇਸ਼ ਤੌਰ ’ਤੇ ਬਲਜੀਤ ਖਟਕੜ ਅਤੇ ਕੁਲਵਿੰਦਰ ਖਟਕੜ ਨੇ ਨਿਭਾਈ। ਸੈਮੀਨਾਰ ਵਿਚ ਡਾ. ਦਲਵੀਰ ਸਿੰਘ, ਨਿੰਦਰਮਾਈ ਦਿੱਤਾ, ਮੋਹਨ ਬੀਕਾ, ਸੁਰੇਸ਼ ਕਰਨਾਣਾ, ਹਰਜਿੰਦਰ ਸੂਨੀ, ਹਰਚਰਨ ਸਿੰਘ, ਮਾ. ਪਰਮਜੀਤ, ਮਦਨ ਲਾਲ ਆਦਿ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ।







# ਸੁਰਿੰਦਰ ਕੁਮਾਰੀ ਕੋਛੜ ਵੱਲੋਂ ਆਪਣੇ 80ਵੇਂ ਜਨਮ ਦਿਨ 'ਤੇ ਗ਼ਦਰੀ ਮਿਊਜ਼ੀਅਮ ਲਈ 12 ਲੱਖ ਦੀ ਰਾਸ਼ੀ ਸਮਰਪਤ





**ਜਲੰਧਰ–** ਬੱਬਰ ਅਕਾਲੀ ਲਹਿਰ ਦੀ 100ਵੀਂ ਵਰ੍ਹੇ ਗੰਢ ਨੂੰ ਯਾਦ ਕਰਦਿਆਂ ਕਿਸਾਨ ਅੰਦੋਲਨ ਨੂੰ ਸਮਰਪਤ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਪੇਸ਼ ਹੋਣ ਵਾਲੀਆਂ ਕਲਾ ਕਿਰਤਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਸਭਿਆਚਾਰਕ ਵਿੰਗ ਦੀਆਂ ਮੀਟਿੰਗਾਂ 'ਚ ਅੰਤਿਮ ਛੋਹਾਂ ਦਿੱਤੀਆਂ ਗਈਆਂ।

ਸਥਾਨਕ ਦੇਸ਼ ਭਗਤ ਯਾਦਾਰ ਹਾਲ ਅੰਦਰ ਗ਼ਦਰ ਮੈਮੋਰੀਅਲ ਵਿਖੇ ਗ਼ਦਰੀ ਗੈਲਰੀ ਨੂੰ ਗਦਰੀ ਮਿਊਜ਼ੀਅਮ ਦਾ ਰੂਪ ਦੇਣ, ਇਸ ਵਿਚ ਗ਼ਦਰ ਪਾਰਟੀ ਲਹਿਰ ਨਾਲ ਸੰਬੰਧਿਤ ਚਿੱਤਰਾਂ ਅਤੇ ਅੰਡੇਮਾਨ ਜੇਲ੍ਹ, ਲਾਹੌਰ ਕਿਲ੍ਹਾ, ਲਾਹੌਰ ਜੇਲ੍ਹ ਅਤੇ ਅੰਗਰੇਜ਼ ਸਾਮਰਾਜ ਵਲੋਂ ਬਣਾਏ ਗਏ ਹੋਰ ਤਸੀਹਾ ਕੇਂਦਰਾਂ ਦੇ ਐਪੀਸ਼ੋਡਾਂ ਦੇ ਵੱਡ ਅਕਾਰੀ ਚਿੱਤਰ ਲਗਾਉਣ ਅਤੇ ਅਤੇ ਇਸ ਵਿਚ ਲਾਇਟ ਐਂਡ ਸਾਊਂਡ ਸਿਸਟਮ ਲਗਾਉਣ ਦੇ ਕਾਰਜ ਦੀ ਸ਼ੁਰੂਆਤ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਜੀ ਦੀ ਸਪੁੱਤਰੀ ਸੁਰਿੰਦਰ ਕੁਮਾਰੀ ਕੋਛੜ ਨੇ ਅੱਜ ਆਪਣੇ 80ਵੇਂ ਜਨਮ ਦਿਨ ਮੌਕੇ ਕਾਮਰੇਡ ਗੰਧਰਵ ਸੇਨ ਦੀ ਯਾਦ ਵਿਚ ਇਸ ਕਾਰਜ ਲਈ 12 ਲੱਖ ਰੁਪਏ ਦੀ ਰਾਸ਼ੀ ਕਮੇਟੀ ਨੂੰ ਸਮਰਪਣ ਕੀਤੀ।

ਇਸ ਸ਼ੁਭ ਮੌਕੇ ਦੇਸ਼ ਭਗਤ ਯਾਦਗਾਰ ਹਾਲ ਵਿਚ ਕੀਤੇ ਇਕ ਸਾਦਾ ਸਮਾਰੋਹ ਵਿਚ ਕਮੇਟੀ ਦੇ ਪ੍ਰਧਾਨ ਕਾਮਰੇਡ ਅਜਮੇਰ ਸਿੰਘ ਅਤੇ ਜਨਰਲ ਸਕੱਤਰ ਗੁਰਮੀਤ ਨੇ ਦੇਸ਼ ਭਗਤ ਕੰਪਲੈਕਸ ਅੰਦਰ ਫੋਟੋ ਗੈਲਰੀ ਨੂੰ ਮਿਊਜ਼ੀਅਮ ਦੀ ਸ਼ਕਲ ਦੇਣ ਅਤੇ ਲਾਇਬ੍ਰੇਰੀ ਵਿਚ ਗ਼ਦਰ ਲਹਿਰ ਦੇ ਇਤਿਹਾਸ ਅਤੇ ਪੁਸਤਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।


ਆਪਣੇ 80ਵੇਂ ਜਨਮ ਦਿਨ ਮੌਕੇ ਭੈਣ ਸੁਰਿੰਦਰ ਕੁਮਾਰੀ ਕੋਛੜ ਨੇ ਆਪਣੀਆਂ ਭਾਵਨਾਵਾਂ ਨੂੰ ਵਿਦਿਅਰਥੀਆਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਮੈਂ ਅੱਜ ਗ਼ਦਰੀ ਬਾਬਿਆਂ ਦੀਆਂ ਜ਼ਿੰਦਗੀਆਂ ਦੇ ਇਤਿਹਾਸ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਆਣੇ ਕਰਨ ਲਈ ਇਕ ਛੋਟਾ ਜਿਹਾ ਯਤਨ ਕਰਕੇ ਆਪਣਾ ਬਣਦਾ ਯੋਗਦਾਨ ਪਾਇਆ ਹੈ। ਉਨਾਂ ਕਿਹਾ ਕਿ ਮੈਨੂੰ ਜਥੇਦਾਰ ਖੜਕ ਸਿੰਘ ਜੀ ਦੁਆਰਾ ਦਿੱਤੀ ਦੇਸ਼ ਭਗਤੀ ਦੀ ਗੁੜ੍ਹਤੀ ਵਿਚ ਅਤੇ ਗ਼ਦਰੀ ਬਾਬਾ ਲਾਹੌਰੀ ਰਾਮ ਪ੍ਰਦੇਸੀ ਅਮੀਰ-ਗਰੀਬ ਦੇ ਫਰਕ ਨੂੰ ਸਮਝਾਉਂਦੀਆਂਕਵਿਤਾਵਾਂ ਅੱਜ ਵੀ ਪ੍ਰੇਰਨਾ ਦੇ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ 1959 ਵਿਚ ਬਾਬਾ ਅਮਰ ਸਿੰਘ ਸੰਧਵਾਂ ਜੀ ਨੇ ਦੇਸ਼ ਭਗਤ ਯਾਦਗਾਰ ਹਾਲ ਦਾ ਨੀਂਹ ਪੱਥਰ ਰੱਖਿਆ ਤਾਂ ਉਸ ਵਕਤ ਤੋਂ ਮੇਰਾ ਇਥੇ ਆਉਣਾ ਜਾਣਾ ਹੈ। ਹਾਲ ਵਿਚ ਗ਼ਦਰ ਪਾਰਟੀ ਦੀ ਸਿਲਵਰ ਜੁਬਲੀ ਮੌਕੇ ਜ਼ਿਆਦਾ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੇਰ-ਿਆਂ ਸੇਵਾਵਾਂ ਨੂੰ ਦੇਖਦਿਆਂ 1992 ਵਿਚ ਮੈਨੂੰ ਕਮੇਟੀ ਨੇ ਆਪਣਾ ਮੈਂਬਰ ਚੁਣ ਲਿਆ। 2003 ਵਿਚ ਬਾਬਾ ਭਗਤ ਸਿੰਘ ਜੀ ਬਿਲਗਾ ਅਤੇ ਕਾਮਰੇਡ ਨੌਨਿਹਾਲ ਜੀ ਨੇ ਮੈਨੂੰ ਗ਼ਦਰੀ ਗੁਲਾਬ ਕੌਰ ਦਾ ਇਨਾਮ ਦੇ ਕੇ ਨਿਵਾਜਿਆ।

ਉਨ੍ਹਾਂ ਕਿਹਾ ਕਿ ਮੈਂ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਭਾਰੀ ਹਾਂ ਜਿਹਨਾਂ ਇਕ ਮਿਹਨਤਕਸ਼ ਔਰਤ ਨੂੰ ਗ਼ਦਰੀ ਮਿਊਜ਼ੀਅਮ ਦਾ ਨੀਂਹ ਪੱਥਰ ਰੱਖਣ ਦਾ ਮਾਣ ਦਿੱਤਾ ਹੈ। ਕਮੇਟੀ ਨੇ ਮੇਰਾ ਜਨਮ ਦਿਨ ਮਨਾ ਕੇ ਔਰਤਾਂ ਦਾ ਮਾਣ ਵਧਾਇਆ ਹੈ।

ਇਸ ਸਮਾਰੋਹ ਮੌਕੇ ਕਮੇਟੀ ਦੇ ਖਜਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਤੋਂ ਇਲਾਵਾ ਸਮੂਹ ਸਟਾਫ਼, ਪਰਿਵਾਰਕ ਮੈਂਬਰ, ਲਾਇਬ੍ਰੇਰੀ ਵਿਦਿਆਰਥੀ ਵੱਡੀ ਗਿਣਤੀ ਵਿਚ ਸ਼ਾਮਲ ਸਨ।

# ਨੈਸ਼ਨਲ ਬੁੱਕ ਟਰੱਸਟ ਤਿੰਨ ਦਿਨਾਂ ਪੁਸਤਕ ਪ੍ਰਦਰਸ਼ਨੀ ਜਲੰਧਰ ਵਿੱਚ



**ਜਲੰਧਰ–** ਨੈਸ਼ਨਲ ਬੁੱਕ ਟਰੱਸਟ ਆਫ਼ ਇੰਡੀਆ ਵੱਲੋਂ ਤਿੰਨ ਦਿਨਾਂ ਪੁਸਤਕ ਪ੍ਰਦਰਸ਼ਨੀ ਅੱਜ ਜਲੰਧਰ ਵਿਖੇ ਸ਼ੁਰੂ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾ. ਗੁਰਮੀਤ ਨੇ ਇਸ ਪ੍ਰਦਰਸ਼ਨੀ ਦਾ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਉਦਘਾਟਨ ਕੀਤਾ। ਪ੍ਰਦਰਸ਼ਨੀ ਦੇ ਇੰਚਾਰਜ ਸੁਰੇਸ਼ ਕੁਮਾਰ ਅਤੇ ਉਨ੍ਹਾਂ ਦੇ ਸਹਿਯੋਗੀ ਓਪਿੰਦਰ ਸਿੰਘ, ਅਨਿਲ ਤਿਵਾੜੀ ਤੇ ਨਰਿੰਦਰ ਨੇ ਦੱਸਿਆ ਕਿ ਨੈਸ਼ਨਲ ਬੁੱਕ ਟਰੱਸਟ ਵੱਲੋਂ ਇਹ ਪ੍ਰਦਰਸ਼ਨੀ ਲਗਾਤਾਰ ਤਿੰਨ ਦਿਨ ਜਲੰਧਰ ਵਿਖੇ ਵੱਖ-ਵੱਖ ਥਾਵਾਂ 'ਤੇ ਵੀ ਲੱਗੇਗੀ ਅਤੇ ਮੁੱਖ ਤੌਰ 'ਤੇ ਪ੍ਰਦਰਸ਼ਨੀ ਵਾਲੀ ਇਸ ਬੱਸ ਦਾ ਮੁਕਾਮ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਰਹੇਗਾ। ਉਨ੍ਹਾਂ ਦੱਸਿਆ ਕਿ ਸਾਹਿਤ, ਸੱਭਿਆਚਾਰ, ਬਾਲ ਸਾਹਿਤ ਅਤੇ ਹੋਰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਇਸ ਪ੍ਰਦਰਸ਼ਨੀ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ ਭਾਸ਼ਾ ਵਿੱਚ ਉਪਲੱਬਧ ਹਨ ਅਤੇ ਪ੍ਰਦਰਸ਼ਨੀ ਦੌਰਾਨ ਇਨ੍ਹਾਂ ਕਿਤਾਬਾਂ 'ਤੇ ਵਿਸ਼ੇਸ਼ ਡਿਸਕਾਊਂਟ ਵੀ ਦਿੱਤਾ ਜਾ ਰਿਹਾ ਹੈ। ਉਦਘਾਟਨ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਲਾਇਬ੍ਰੇਰੀ ਦੇ ਮੈਂਬਰ ਹਾਜ਼ਰ ਸਨ।




RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





Chicago's Pizza with a Twist

Call: 1-209-398-2221









Parvinder Dhesi

Kulwant Sandhu

1471 B St., Unit B, Livingston, CA 95334

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਕੈਲੀਫੋਰਨੀਆ 'ਚ ਗੋਲੀਬਾਰੀ ਕਾਰਨ ਹੋਈ 1 ਮੌਤ, 1 ਜਖਮੀ

**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰ-ਨੀਆ ਦੇ ਸ਼ਹਿਰ ਓਕਲੈਂਡ ਵਿੱਚ ਸ਼ਨੀਵਾਰ ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਦੌਰਾਨ ਇੱਕ ਆਦਮੀ ਦੀ ਮੌਤ ਹੋ ਜਾਣ ਦੇ ਨਾਲ ਇੱਕ ਔਰਤ ਜ਼ਖਮੀ ਹੋ ਗਈ। ਪੁਲਿਸ ਵਿਭਾਗ ਅਨੁਸਾਰ ਅਧਿਕਾਰੀਆਂ ਨੇ ਸ਼ਨੀਵਾਰ ਨੂੰ ਗੋਲੀਬਾਰੀ ਦੀਆਂ ਖਬਰਾਂ ਦੇ ਜਵਾਬ ਵਿੱਚ ਸ਼ਹਿਰ ਦੇ ਮੈਕਸਵੈੱਲ ਇਲਾਕੇ ਵਿੱਚ ਕਾਰਵਾਈ ਦੌਰਾਨ ਇੱਕ ਆਦਮੀ ਅਤੇ ਇੱਕ ਔਰਤ ਨੂੰ ਗੋਲੀ ਲੱਗਣ ਨਾਲ ਜਖਮੀ ਪਾਇਆ। ਆਦਮੀ ਨੂੰ ਮੌਕੇ 'ਤੇ ਮੁੱਢਲੀ ਸਹਾਇਤਾ ਦਿੱਤੀ ਗਈ ਪਰ ਉਸਨੂੰ ਮ੍ਰਿਤਕ




ਐਲਾਨ ਦੇ ਦਿੱਤਾ ਗਿਆ, ਜਦੋਂ ਕਿ ਔਰਤ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਪੁਲਿਸ ਦੁਆਰਾ ਫਿਲਹਾਲ ਮ੍ਰਿਤਕ ਦਾ ਨਾਮ, ਉਮਰ ਅਤੇ ਹੋਰ ਪਛਾਣ ਦੀ ਜਾਣਕਾਰੀ ਸਾਂਝੀ ਨਹੀਂ ਕੀਤੀ ਸੀ ਜਦਕਿ ਪੁਲਿਸ ਵੱਲੋਂ ਗੋਲੀਬਾਰੀ ਦੀ ਜਾਂਚ ਕੀਤੀ ਜਾ ਰਹੀ ਸੀ। ਇਸ ਜਾਨਲੇਵਾ ਗੋਲੀਬਾਰੀ ਨੇ ਇਸ ਸਾਲ ਓਕਲੈਂਡ ਵਿੱਚ ਹੱਤਿਆਵਾਂ ਦੀ ਗਿਣਤੀ 105 ਤੱਕ ਪਹੁੰਚਾ ਦਿੱਤੀ ਹੈ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 132 ਪ੍ਰਤੀਸ਼ਤ ਅਤੇ 2019 ਦੇ ਮੁਕਾਬਲੇ 70 ਪ੍ਰਤੀਸ਼ਤ ਵੱਧ ਹੈ।

# ਟੈਕਸਾਸ 'ਚ ਸਕੂਲ ਦੇ ਪ੍ਰਿੰਸੀਪਲ ਨੂੰ ਸਾਬਕਾ ਵਿਦਿਆਰਥੀ ਨੇ ਮਾਰੀ ਗੋਲੀ

**ਫਰਿਜ਼ਨੋ (ਕੈਲੀਫੋਰਨੀਆ)–**ਟੈਕਸਾਸ ਦੇ ਹਿਊਸਟਨ ਵਿੱਚ ਇੱਕ ਪਬਲਿਕ ਚਾਰਟਰ ਸਕੂਲ ਦੇ ਇੱਕ ਸਾਬਕਾ ਵਿਦਿਆਰਥੀ ਨੇ ਸ਼ੁੱਕਰਵਾਰ ਨੂੰ ਕੈਂਪਸ ਦੇ ਪ੍ਰਿੰਸੀਪਲ ਨੂੰ ਸਵੇਰੇ 11:45 ਦੇ ਕਰੀਬ ਰਾਈਫਲ ਨਾਲ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ।

ਇਸ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਹਿਊਸਟਨ ਦੇ ਪੁਲਿਸ ਮੁਖੀ ਟਰੋਏ ਫਿਨਰ ਨੇ ਦੱਸਿਆ ਕਿ 25 ਸਾਲਾਂ ਦੇ ਇੱਕ ਵਿਅਕਤੀ ਜੋ ਕਿ ਸਕੂਲ ਦਾ ਸਾਬਕਾ ਵਿਦਿਆਰਥੀ ਸੀ , ਨੇ ਯੇਸ ਪ੍ਰੈਪ ਸਾਊਥਵੈਸਟ ਸੈਕੰਡਰੀ ਵਿਖੇ ਇੱਕ ਬੰਦ ਕੀਤੇ ਕੱਚ ਦੇ ਦਰਵਾਜ਼ੇ ਰਾਹੀਂ ਪ੍ਰਿੰਸੀਪਲ ਨੂੰ ਗੋਲੀ ਮਾਰੀ, ਜਦਕਿ ਇਸ ਗੋਲੀਬਾਰੀ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਸੱਟ ਨਹੀਂ ਲੱਗੀ। ਪੁਲਿਸ ਨੇ ਸ਼ੁਰੂ ਵਿੱਚ ਜ਼ਖਮੀ



ਦੀ ਪਛਾਣ ਇੱਕ ਸਕੂਲ ਕਰਮਚਾਰੀ ਵਜੋਂ ਕੀਤੀ ਸੀ, ਪਰ ਬਾਅਦ ਵਿੱਚ ਯੈਸ ਪ੍ਰੈਪ ਚਾਰਟਰ ਸਿਸਟਮ ਦੇ ਇੱਕ ਬਿਆਨ ਨੇ ਉਸਦੀ ਪਛਾਣ ਪ੍ਰਿੰਸੀਪਲ ਐਰਿਕ ਐਸਪਿਨੋਜ਼ਾ ਵਜੋਂ ਕੀਤੀ। ਅਧਿਕ-ਾਰੀਆਂ ਅਨੁਸਾਰ ਪ੍ਰਿੰਸੀਪਲ ਨੂੰ ਗੋਲੀ ਲੱਗਣ ਕਾਰਨ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਪੁਲਿਸ ਨੇ ਗੋਲੀ ਚਲਾਉਣ ਵਾਲੇ ਦਾ ਨਾਮ ਨਹੀਂ ਦੱਸਿਆ ਪਰ ਕਿਹਾ ਕਿ ਉਸ ਦੀ ਪਛਾਣ ਇੱਕ ਸਾਬਕਾ ਵਿਦਿਆਰਥੀ ਵਜੋਂ ਹੋਈ । ਪੁਲਿਸ ਨੇ ਦੱਸਿਆ ਕਿ ਇਸ ਗੋਲੀਬਾਰੀ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਦਕਿ ਹਮਲਾ ਕਰਨ ਵਾਲੇ ਨੇ ਪੁਲਿਸ ਨੂੰ ਆਤਮ ਸਮਰਪਣ ਕਰ ਦਿੱਤਾ ਸੀ। ਇਸ ਹਾਦਸੇ ਨਾਲ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਵਿੱਚ ਸਹਿਮ ਪੈਦਾ ਹੋ ਗਿਆ ਹੈ।

# ਕੈਲੀਫੋਰਨੀਆ ਵਿੱਚ ਜਰੂਰੀ ਹੋਵੇਗੀ ਸਕੂਲੀ ਵਿਦਿਆਰਥੀਆਂ ਲਈ ਕੋਵਿਡ ਵੈਕਸੀਨ

**ਫਰਿਜ਼ਨੋ (ਕੈਲੀਫੋਰਨੀਆ)–**ਕੈਲੀਫੋਰਨੀਆ ਵਿੱਚ ਸਕੂਲੀ ਵਿਦਿਆਰਥੀਆਂ ਲਈ ਕੋਰੋਨਾ ਵੈਕਸੀਨ ਦੀ ਜਰੂਰਤ ਲਾਗੂ ਕੀਤੀ ਜਾਵੇਗੀ। ਜਿਸ ਨਾਲ ਕੈਲੀ-ਫੋਰਨੀਆ ਵਿਦਿਆਰਥੀਆਂ ਲਈ ਕੋਵਿਡ -19 ਟੀਕੇ ਲਾਜ਼ਮੀ ਕਰਨ ਵਾਲਾ, ਦੇਸ਼ ਦਾ ਪਹਿਲਾ ਰਾਜ ਬਣ ਜਾਵੇਗਾ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿ-ਊਸਮ ਨੇ ਸ਼ੁੱਕਰਵਾਰ ਸਵੇਰੇ ਸਾਨ ਫਰਾਂਸਿਸਕੋ ਦੇ ਬਾਲਬੋਆ ਪਾਰਕ ਨੇੜਲੇ ਇਲਾਕੇ ਦੇ ਡੈਨਮੈਨ ਮਿਡਲ ਸਕੂਲ ਵਿੱਚ ਇਸ ਜਰੂਰਤ ਲਈ ਐਲਾਨ ਕੀਤਾ। ਗਵਰਨਰ ਅਨੁਸਾਰ ਅਮਰੀਕੀ ਏਜੰਸੀ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੁਆਰਾ ਵੱਖੋ ਵੱਖਰੇ ਉਮਰ ਸਮੂਹਾਂ ਲਈ ਵੈਕਸੀਨ ਮਨਜੂਰੀ ਮਿਲਣ ਤੋਂ ਬਾਅਦ ਹੀ ਕੋਵਿਡ ਟੀਕਾ ਵਿਦਿਆਰਥੀਆਂ ਨੂੰ ਵਿਅਕਤੀਗਤ ਰੂਪ ਵਿੱਚ ਸਕੂਲ ਜਾਣ ਲਈ ਲੋੜੀਂਦੇ ਟੀਕਿਆਂ ਦੀ ਸੂਚੀ



ਵਿੱਚ ਸ਼ਾਮਲ ਕੀਤਾ ਜਾਵੇਗਾ।

ਮੌਜੂਦਾ ਸਮੇਂ ਫਾਈਜ਼ਰ ਦੀ ਕੋਵਿਡ ਵੈਕਸੀਨ 16 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਐਫ ਡੀ ਏ ਦੁਆਰਾ ਮਨਜੂਰਸ਼ੁਦਾ ਹੈ ਜਦਕਿ ਇਸ ਲਈ ਸਿਰਫ 12 ਤੋਂ 15 ਸਾਲ ਦੇ ਬੱਚਿਆਂ ਲਈ ਐਮਰਜੈਂਸੀ ਅਧਿਕਾਰ ਦਿੱਤੇ ਗਏ ਹਨ। ਐੱਫ ਡੀ ਏ ਦੁਆਰਾ ਇਸ ਉਮਰ ਸਮੂਹ ਲਈ ਟੀਕੇ ਦੀ ਵਰਤੋਂ ਨੂੰ ਪੂਰਾ ਅਧਿਕਾਰ ਦਿੱਤੇ ਜਾਣ ਦੇ ਬਾਅਦ ਕੈਲੀਫੋਰਨੀਆ ਵਿੱਚ 7 ਤੋਂ 12 ਗ੍ਰੇਡ ਦੇ ਵਿਦਿਆਰਥੀਆਂ ਨੂੰ ਪਬਲਿਕ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਟੀਕੇ ਦੀ ਜਰੂਰਤ ਹੋਵੇਗੀ। ਇਸਦੇ ਇਲਾਵਾ ਸੂਬੇ ਵਿੱਚ ਕਿੰਡਰਗਾਰਡਨ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਕੋਵਿਡ -19 ਟੀਕੇ ਦੀ ਲੋੜ ਉਦੋਂ ਹੀ ਹੋਵੇਗੀ ਜਦੋਂ ਐਫ ਡੀ ਏ ਦੁਆਰਾ 5 ਤੋਂ 11ਸਾਲ ਦੇ ਉਮਰ ਗਰੁੱਪ ਨੂੰ ਟੀਕੇ ਲਈ ਅੰਤਮ ਪ੍ਰਵਾਨਗੀ ਦਿੱਤੀ ਜਾਵੇਗੀ। ਹਾਲਾਂਕਿ ਇਸ ਜਰੂਰਤ ਤਹਿਤ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਡਾਕਟਰੀ ਛੋਟਾਂ ਦਿੱਤੀਆਂ ਜਾਣਗੀਆਂ।

# ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਮੇਲਾ ਯਾਦਗਾਰੀ ਹੋ ਨਿਬੜਿਆ








**ਫਰਿਜ਼ਨੋ, ਕੈਲੀਫੋਰਨੀਆਂ–** ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਅਤੇ ਸਹਿਯੋਗੀਆਂ ਵੱਲੋਂ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਤ ਯਾਦਗਾਰੀ ਮੇਲਾ ਸ਼ਹਿਰ ਦੇ ਪੈਨਜੈਕ ਪਾਰਕ ਵਿਖੇ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾਉਣ ਨਾਲ ਹੋਈ। ਇਸ ਉਪਰੰਤ ਯਮਲਾ ਜੀ ਦੇ ਸਗਿਰਦ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਕੀਤੀ। ਇਸ ਉਪਰੰਤ ਸੁਰੂ ਹੋਇਆ ਗਾਇਕੀ ਦਾ ਖੁਲ੍ਹਾਂ ਅਖਾੜਾ, ਜਿਸ ਵਿੱਚ ਕਲਾਕਾਰਾ ਨੇ ਆਪਣੀ ਵਿਰਾਸਤੀ ਗਾਇਕੀ ਰਾਹੀ ਹਾਜ਼ਰੀਨ ਦਾ ਮੰਨੋਰੰਜਨ ਕਰਨ ਦੀ ਕੋਸ਼ਸ਼ਿ ਕੀਤੀ। ਗਾਇਕਾ ਅਤੇ ਬੁਲਾਰਿਆਂ ਵਿੱਚ ਰਾਜ ਬਰਾੜ ਤੋਂ ਇਲਾਵਾ ਖਾਸ ਤੌਰ 'ਤੇ ਗਾਇਕ ਬਰਜਿੰਦਰ ਮਚਲਾ ਜੱਟ, ਅਵਤਾਰ ਗਰੇਵਾਲ, ਪੱਪੀ ਭਦੌੜ, ਕੁੰਦਨ ਧਾਮੀ, ਗੁਰਬਿੰਦਰ ਬਰਾੜ, ਹਰਜੀਤ ਸਿੰਘ ਅਤੇ ਨਾਜ਼ਰ ਸਿੰਘ ਕੂਨਰ ਆਦਿਕ ਨੇ ਹਾਜ਼ਰੀ ਭਰੀ। ਜਦ ਕਿ ਦਿਲਦਾਰ ਬ੍ਰਦਰਜ਼ ਕੈਲੀਫੋਰਨੀਆ ਮਿਊਜ਼ੀਕਲ ਗਰੁੱਪ ਦੇ ਗਾਇਕ ਸੰਗੀਤਕਾਰਾਂ ਦੀ ਅਣਹੋਂਦ ਕਰਕੇ ਗਾਉਣ ਤੋਂ ਅਸਮ-ਰੱਥ ਰਹੇ। ਮੇਲੇ ਦੌਰਾਨ ਲੋਕਾ ਦੀ ਘੱਟ ਹਾਜ਼ਰੀ ਵੀ ਮਹਿਸੂਸ ਹੋਈ। ਇਸੇ ਤਰਾਂ ਮੇਲੇ ਵਿੱਚ ਗਾਇਕਾ ਨੂੰ



ਸੰਗੀਤ ਦੇਣ ਵਾਲੀ ਟੀਮ ਦਾ ਮੁੱਕਰ ਜਾਣਾ ਅਤੇ ਨਾ ਪਹੁੰਚਣਾ ਵੀ ਕਿਸੇ ਤਰਾਂ ਨਾਲ ਪ੍ਰਬੰਧਕਾਂ ਨੂੰ ਅੱਗੇ ਤੋਂ ਸਬਕ ਦੇ ਗਿਆ। ਜਦ ਕਿ ਸਾਡੇ ਆਪਣੇ ਸਥਾਨਕ ਕਲਾਕਾਰਾ ਵਿੱਚ ਅਵਤਾਰ ਗਰੇਵਾਲ ਅਤੇ ਪੱਪੀ ਭਦੌੜ ਨੇ ਸੰਗੀਤ ਦੇ ਸਟੇਜ਼ 'ਤੇ ਕਲਾਕਾਰਾਂ ਨੂੰ ਪੂਰਾ ਸਾਥ ਦਿੱਤਾ। ਮੇਲੇ ਦੌਰਾਨ "ਧਾਲੀਆਂ ਅਤੇ ਮਾ-ਛੀਕੇ ਮੀਡੀਆਂ ਯੂ.ਐਸ.ਏ." ਵੱਲੋਂ ਹਮੇਸਾ ਵਾਂਗ ਨਿ-ਰਧੱੜਕ ਸੇਵਾਵਾ ਦਿੱਤੀਆਂ ਗਈਆਂ। ਸਟੇਜ਼ ਸੰਚਾਲਨ ਦੀ ਸੇਵਾ ਰੇਡੀਓ ਹੋਸ਼ਟ ਜਗਤਾਰ ਗਿੱਲ ਨੇ ਬਾਖੂਬੀ ਨਿਭਾਈ। ਮੇਲੇ ਦੌਰਾਨ ਸ਼ੌਕਤ ਅਲੀ ਵੱਲੋਂ ਸੰਸਥਾ ਸੰਸਥਾ ਦੇ ਸਹਿਯੋਗ ਨਾਲ ਚਾਹ-ਪਕੌੜੇ, ਜਲੇਬੀਆਂ ਆਦਿਕ ਦੇ ਲੰਗਰ ਚੱਲੇ। ਇਹ ਨਿਰੋਲ ਪੰਜਾਬੀ ਸੱਭਿਆਚਾਰ ਦਾ ਸੁਨੇਹਾ ਦਿੰਦਾ ਹੋਇਆ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਤ ਮੇਲਾ ਯਾਦਗਾਰੀ ਹੋ

# ਅਮਰੀਕਾ ਵਿੱਚ 7 ਲੱਖ ਤੋਂ ਪਾਰ ਹੋਈ ਕੋਰੋਨਾ ਮੌਤਾਂ ਦੀ ਗਿਣਤੀ



**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਵਿੱਚ ਵੱਡੀ ਪੱਧਰ 'ਤੇ ਚੱਲ ਰਹੀ ਕੋਰੋਨਾ ਵੈਕਸੀਨ ਮੁਹਿੰਮ ਦੇ ਬਾਵਜੂਦ ਕੋਰੋਨਾ ਮੌਤਾਂ ਦੀ ਗਿਣਤੀ 7 ਲੱਖ ਤੋਂ ਪਾਰ ਹੋ ਗਈ ਹੈ। ਅਮਰੀਕਾ ਵਿੱਚ ਇਸ ਭਿਆਨਕ ਮਹਾਂਮਾਰੀ ਦੀ ਵਜ੍ਹਾ ਨਾਲ ਮਰਨ ਵਾਲੇ ਲੋਕਾਂ ਦੀ ਇਹ ਗਿਣਤੀ ਸ਼ੁੱਕਰਵਾਰ ਨੂੰ ਦਰਜ ਕੀਤੀ ਗਈ ਹੈ। ਜੋਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਦੇ ਅਨੁਸਾਰ, ਇਹ ਅੰਕੜੇ 1918 ਦੀ ਫਲੂ ਮਹਾਂਮਾਰੀ ਨਾਲ ਹੋਈਆਂ ਮੌਤਾਂ ਨੂੰ ਕੱਟਣ ਦੇ ਬਾਅਦ ਦੋ ਹਫਤਿਆਂ ਤੋਂ ਵੀ ਘੱਟ ਸਮੇਂ ਬਾਅਦ ਸਾਹਮਣੇ ਆਇਆ ਹੈ। ਅੰਕੜਿਆਂ ਦੇ ਅਨੁਸਾਰ, ਰਾਸ਼ਟਰੀ ਕੋਵਿਡ -19 ਮੈਟ੍ਰਿਕਸ ਦੁਆਰਾ ਗਿਰਾਵਟ ਦੇ ਸੰਕੇਤ ਦਿਖਾਉਣ ਦੇ ਬਾਵਜੂਦ, ਲਗਭਗ 1,500 ਅਮਰੀਕੀ ਹਰ ਦਿਨ ਵਾਇਰਸ ਨਾਲ ਮਰ ਰਹੇ ਹਨ। ਇਸੇ ਦੌਰਾਨ ਰੋਜ਼ਾਨਾ ਕੇਸਾਂ ਦਾ ਮੌਜੂਦਾ ਪੱਧਰ ਤਕਰੀਬਨ 117,625 ਕੇਸ ਪ੍ਰਤੀ ਦਿਨ ਹੈ, ਜਦਕਿ ਦੇਸ਼ ਵਿੱਚ ਮੌਤਾਂ ਦੀ ਗਿਣਤੀ 600,000 ਤੋਂ 700,000 ਤੱਕ ਸਿਰਫ 3 ਮਹੀਨਿਆਂ ਵਿੱਚ ਪਹੁੰਚ ਗਈ। ਸੀ ਡੀ ਸੀ ਦੇ ਅੰਕੜਿਆਂ ਦੇ ਅਨੁਸਾਰ, ਅਮਰੀਕਾ ਦੀ ਆਬਾਦੀ ਦੇ ਸਿਰਫ 56 ਪ੍ਰਤੀਸ਼ਤ ਹਿੱਸੇ ਦਾ ਹੀ ਪੂਰੀ ਤਰ੍ਹਾਂ ਕੋਰੋਨਾ ਟੀਕਾਕਰਨ ਕੀਤਾ ਗਿਆ ਹੈ।

# ਨਿਊਯਾਰਕ: ਅਪਾਰਟਮੈਂਟ ਬਿਲਡਿੰਗ ਵਿੱਚ ਲੱਗੀ ਅੱਗ ਕਾਰਨ ਹੋਏ 16 ਲੋਕ ਜ਼ਖਮੀ



**ਫਰਿਜ਼ਨੋ (ਕੈਲੀਫੋਰਨੀਆ)–** ਨਿਊਯਾਰਕ ਦੇ ਬਰੁਕਲਿਨ ਵਿੱਚ ਸ਼ੁੱਕਰਵਾਰ ਦੀ ਰਾਤ ਨੂੰ ਇੱਕ ਅਪਾਰਟਮੈਂਟ ਬਿਲਡਿੰਗ ਵਿੱਚ ਅੱਗ ਲੱਗਣ ਦੀ ਘਟਨਾ ਵਾਪਰੀ, ਜਿਸ ਵਿੱਚ ਇੱਕ ਬੱਚੇ ਸਮੇਤ 16 ਲੋਕ ਜ਼ਖਮੀ ਹੋ ਗਏ। ਅੱਗ ਲੱਗਣ ਦੀ ਸੂਚਨਾ ਮਿਲਣ ਉਪਰੰਤ ਫਾਇਰ ਫਾਈਟਰਜ਼ ਨੇ ਰਾਤ 11:20 ਵਜੇ ਦੇ ਕਰੀਬ ਸਨਸੈੱਟ ਪਾਰਕ ਵਿੱਚ 530 45 ਵੀਂ ਸਟ੍ਰੀਟ ਵਿੱਚ ਇੱਕ ਤਿੰਨ ਮੰਜ਼ਲਿਾ ਇਮਾਰਤ ਦੀ ਦੂਜੀ ਮੰਜ਼ਲਿ 'ਤੇ ਅੱਗ ਬੁਝਾਉਣ ਲਈ ਕਾਰਵਾਈ ਕੀਤੀ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਬਰੂਕਲਿਨ ਅਪਾਰਟਮੈਂਟ ਦੀ ਇਸ ਘਟਨਾ ਵਿੱਚ ਜ਼ਖਮੀ ਹੋਏ 16 ਲੋਕਾਂ ਵਿੱਚੋਂ 4 ਦੀ ਹਾਲਤ ਗੰਭੀਰ ਸੀ। ਇਸ ਅੱਗ ਨੂੰ ਬੁਝਾਉਣ ਲਈ 12 ਯੂਨਿਟਾਂ ਦੇ 60 ਫਾਇਰ ਫਾਈਟਰਜ਼ ਘਟਨਾ ਵਾਲੀ ਥਾਂ 'ਤੇ ਪਹੁੰਚੇ ਅਤੇ ਉਹਨਾਂ ਨੇ&; ਅੱਗ ਨੂੰ 45 ਮਿੰਟਾਂ ਵਿੱਚ ਕਾਬੂ ਕੀਤਾ। ਅਧਿਕਾਰੀਆਂ ਦੁਆਰਾ ਇਸ ਅੱਗ ਲੱਗਣ ਦੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਅਰੀਜ਼ੋਨਾ ਵਿੱਚ ਟ੍ਰੇਨ 'ਚ ਹੋਈ ਗੋਲੀਬਾਰੀ, 1 ਅਧਿਕਾਰੀ ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਅਰੀਜ਼ੋਨਾ ਵਿੱਚ ਐਮਟਰੈਕ ਟ੍ਰੇਨ ਵਿੱਚ ਸੋਮਵਾਰ ਨੂੰ ਹੋਈ ਗੋਲੀਬਾਰੀ ਵਿੱਚ 1 ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ (ਡੀ ਈ ਏ) ਏਜੰਟ ਦੀ ਮੌਤ ਹੋਣ ਦੇ ਨਾਲ 2 ਅਧਿਕਾਰੀ ਜ਼ਖਮੀ ਹੋਏ ਹਨ। ਪੁਲਿਸ ਅਨੁਸਾਰ ਅਰੀਜ਼ੋਨਾ ਦੇ ਟਕਸਨ ਵਿੱਚ ਹੋਈ ਇਸ ਗੋਲੀਬਾਰੀ ਵਿੱਚ ਇੱਕ ਬੰਦੂਕਧਾਰੀ ਹਮਲਾਵਰ ਦੀ ਮੌਤ ਵੀ ਹੋਈ ਹੈ। ਇਸ ਗੋਲੀਬਾਰੀ ਬਾਰੇ ਜਾਣਕਾਰੀ ਦਿੰਦਿਆਂ ਟਕਸਨ ਪੁਲਿਸ ਨੇ ਦੱਸਿਆ ਕਿ ਗੈਰਕਾਨੂੰਨੀ ਬੰਦੂਕਾਂ, ਪੈਸੇ ਅਤੇ ਨਸ਼ੀਲੇ ਪਦਾਰਥਾਂ ਦੀ ਨਿਯਮਤ ਜਾਂਚ ਕਰਨ ਲਈ ਸੋਮਵਾਰ ਸਵੇਰੇ ਡੀ ਈ ਏ ਅਧਿਕਾਰੀ ਇਸ ਰੇਲਗੱਡੀ ਵਿੱਚ ਸਵਾਰ ਹੋਏ ਅਤੇ ਡਬਲ-ਡੇਕਰ ਐਮਟਰੈਕ ਟ੍ਰੇਨ ਦੇ ਦੂਜੇ ਲੈਵਰ 'ਤੇ ਦੋ ਲੋਕਾਂ ਦਾ ਸਾਹਮਣਾ ਕੀਤਾ। ਗੱਲਬਾਤ ਦੌਰਾਨ ਇਹਨਾਂ ਵਿੱਚੋਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਪਰ ਦੂਜੇ ਵਿਅਕਤੀ ਨੇ ਇੱਕ ਪਿਸਤੌਲ ਨਾਲ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਵਿੱਚ ਇੱਕ ਡੀ ਈ ਏ ਏਜੰਟ ਮਾਰਿਆ ਗਿਆ ਅਤੇ ਇੱਕ ਹੋਰ ਡੀ ਈ ਏ ਏਜੰਟ ਗੰਭੀਰ ਹਾਲਤ ਜਖਮੀ ਹੈ। ਇਸੇ ਦੌਰਾਨ ਇੱਕ ਟਕਸਨ ਪੁਲਿਸ ਅਧਿਕਾਰੀ, ਜੋ ਪਲੇਟਫਾਰਮ 'ਤੇ ਸੀ, ਨੇ ਗੋਲੀਬਾਰੀ ਦੀ ਆਵਾਜ਼ ਸੁਣੀ ਅਤੇ ਟ੍ਰੇਨ ਵੱਲ ਭੱਜਿਆ। ਇਹ ਅਧਿਕਾਰੀ ਵੀ ਗੋਲੀਬਾਰੀ ਵਿੱਚ ਜਖਮੀ ਹੋ ਗਿਆ। ਇਸ ਉਪਰੰਤ ਪੁਲਿਸ ਵੱਲੋਂ ਜਵਾਬੀ ਗੋਲੀਬਾਰੀ ਕੀਤੀ ਗਈ ਪੁਲਿਸ ਅਨੁਸਾਰ ਬੰਦੂਕਧਾਰੀ ਨੇ ਆਪਣੇ ਆਪ ਨੂੰ ਹੇਠਲੇ ਪੱਧਰ ਦੇ ਬਾਥਰੂਮ ਵਿੱਚ ਬੰਦ ਕਰ ਦਿੱਤਾ ਅਤੇ ਬਾਅਦ ਵਿੱਚ ਇਹ ਪਤਾ ਲੱਗਿਆ ਕਿ ਸ਼ੱਕੀ ਬੰਦੂਕਧਾਰੀ ਦੀ ਮੌਤ ਹੋ ਗਈ, ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਉਸਦੀ ਮੌਤ ਕਿਵੇਂ ਹੋਈ।

## ਮਾਮਲਾ 'ਸਾਹਿਤਕ' ਇਨਾਮਾਂ ਦਾ !!

# ਹੈ ਕੋਈ "ਮਾਈ ਦਾ ਲਾਲ" ਜੋ ਸੱਚ ਬੋਲ ਸਕੇ !!



ਕੇਹਰ ਸ਼ਰੀਫ
+49 173 3546050

ਸਾਹਿਤਕ ਇਨਾਮਾਂ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਛੋਟੇ, ਵੱਡੇ ਇਨਾਮ, ਪੁਰਸਕਾਰ ਸਭ ਇਸ ਵਿਚ ਸ਼ਾਮਲ ਹਨ। ਇਸ "ਖੇਤਰ" ਅੰਦਰ ਜੋ ਚਿੱਕੜ ਹੈ ਉਹ ਸਭ ਦੂਜਿਆਂ 'ਤੇ ਹੀ ਸੁੱਟਣਾ ਚਾਹੁੰਦੇ ਹਨ, ਇਸ ਗੰਦ ਦਾ ਕੋਈ ਇਕ "ਛਿੱਟਾ" ਵੀ ਆਪਣੇ-ਆਪ 'ਤੇ ਨਹੀਂ ਪੈਣ ਦਿੰਦੇ। ਆਪ ਸਭ "ਦੁੱਧ-ਧੋਤੇ" ਹੋਣ ਦਾ ਲੁਕਵਾਂ ਦਾਅਵਾ ਵੀ ਨਹੀਂ ਕਰਦੇ। ਬਸ! ਇੱਥੇ ਚੁੱਪ ਹੋ ਜਾਂਦੇ ਹਨ। ਕਾਰਨ ਕੀ ਹਨ ? ਕੀ ਇਸ ਨੂੰ ਪਖੰਡ ਜਾਂ ਬੇਈਮਾਨੀ ਨਾ ਸਮਝਿਆ ਜਾਵੇ ? ਬਹੁਤਾ ਰੌਲ਼ਾ ਸਾਹਿਤ ਅਕਾਦਮੀ (ਤੇ ਭਾਸ਼ਾ ਵਿਭਾਗ ਵਾਲੇ ਵੀ) ਦੇ "ਕਾਰਨਾਮਿਆਂ" ਦਾ ਪੈ ਰਿਹਾ ਹੈ। ਹੁਣ ਜਸਵੀਰ ਭੁੱਲਰ ਵਲੋਂ "ਖਿੱਦੋ" ਨਾਮ ਦਾ ਨਾਵਲ (ਕਈ ਇਸ ਨੂੰ ਨਾਵਲ ਵੀ ਨਹੀਂ ਮੰਨਦੇ - ਖ਼ੈਰ ਉਨ੍ਹਾਂ ਦੀ ਮਰਜ਼ੀ) ਲਿਖਿਆ ਹੈ, ਕਾਫੀ "ਭੇਤ" ਨਸ਼ਰ ਹੋਏ ਹਨ। "ਖਿੱਦੋ" ਬਾਰੇ ਲਿਖਣ ਵਾਲੇ ਤਾਂ ਬਹੁਤੇ ਪਛਾਣੇ ਜਾ ਰਹੇ "ਬੀਬੇ ਚਿਹਰਿਆਂ" 'ਤੇ ਵੀ ਉਂਗਲ ਰੱਖ ਰਹੇ ਹਨ। ਆਮ ਤੌਰ 'ਤੇ ਮੰਨਿਆਂ ਜਾ ਰਿਹਾ ਕਿ ਜਸਵੀਰ ਹੋਰਾਂ ਨੇ ਜੋ ਲਿਖਿਆ ਇਹ ਸਭ ਲੰਮੇ ਸਮੇਂ ਤੋਂ ਸ਼ਰੇਆਮ ਵਾਪਰ ਰਿਹਾ ਹੈ, ਇਸ ਗੱਲ ਨੂੰ ਕਿਸੇ ਨੇ ਵੀ ਨਹੀਂ ਨਕਾਰਿਆ। ਇਕ ਸਵਾਲ ਹੋਰ ਪੈਦਾ ਹੋ ਰਿਹਾ ਹੈ ਜੋ ਵਿਚਾਰਿਆ ਜਾਣਾ ਵੀ ਜ਼ਰੂਰੀ ਹੈ। ਬਹੁਤ ਵੱਡੀ ਗਿਣਤੀ ਇਹ ਕਹਿ ਰਹੀ ਹੈ ਕਿ ਇਨਾਮ ਜੁਗਾੜ ਨਾਲ ਮਿਲਦੇ ਹਨ। ਪੈਸਾ ਤੇ ਦੇਹ ਦੇ ਵਰਤੇ ਜਾਣ ਦਾ ਜ਼ਿਕਰ ਹੁੰਦਾ ਹੈ। ਮਰਦ ਤੇ ਔਰਤ ਲੇਖਕ (ਬਹੁਤ ਸਾਰੇ) ਇਸ "ਹਮਾਮ" ਵਿਚ ਸ਼ਾਮਲ (ਨੰਗੇ) ਹਨ। ਇਨਾਮ ਦੇਣ ਦਾ ਫੈਸਲਾ ਕਰਨ ਵਾਲੇ ਅਤੇ ਇਨਾਮ ਪ੍ਰਾਪਤ ਕਰਨ ਵਾਲੇ ਬਹੁਤੇ ਅਜੇ ਜੀਉਂਦੇ ਹੀ ਹਨ, ਜੇ ਉਹ ਸੱਚਮੁੱਚ ਜੀਉਂਦੇ ਹਨ, ਅਤੇ ਉਨ੍ਹਾਂ ਦੀ ਜ਼ਮੀਰ ਅਜੇ ਮਰੀ ਨਾ ਹੋਵੇ ਤਾਂ ਇਹ ਦੱਸਣ ਦੀ ਖੇਚਲ ਕਰਨ ਕਿ ਉਨ੍ਹਾਂ ਨੇ ਇਨਾਮ ਦੇਣ ਵੇਲੇ ਜਿਨ੍ਹਾਂ ਨਾਵਾਂ ਨੂੰ ਇਨਾਮ ਦੇਣ ਦਾ ਫੈਸਲਾ ਕੀਤਾ (ਉਹ ਨਾਮ ਜਰੂਰ ਲਿਖਣ) ਉਸ ਦੇ ਕੀ ਕਾਰਨ ਸਨ, ਕਿਹੜੇ ਮਿੱਥੇ ਹੋਏ "ਮਿਆਰ" ਪਰਖੇ ਜਾਂ "ਵਰਤੇ" ਸਨ ? ਕਿਸਦੀ ਦੇਹ ਚੱਲੀ ਕਿਸਦਾ ਪੈਸਾ ਚੱਲਿਆ ? ਕਿਸਦਾ ਜੁਗਾੜ ਚੱਲਿਆ? ਉਨ੍ਹਾਂ




ਨੇ ਆਪ ਕਿਹੜੇ ਜੁਗਾੜ ਨਾਲ ਇਨਾਮ ਪ੍ਰਾਪਤ ਕੀਤਾ ? ਜਿਨ੍ਹਾਂ ਸਾਹਿਤਕ ਰਚਨਾਵਾਂ ਨੂੰ ਰੱਦ ਕੀਤਾ ਉਨ੍ਹਾਂ ਰਚਨਾਵਾਂ ਦਾ ਇਨਾਮ ਲਈ ਚੁਣੀਆਂ ਰਚਨਾਵਾਂ ਤੋਂ "ਮੁੱਲ" ਕਿਵੇਂ ਘੱਟ ਸੀ? ਜੇ ਉਹ ਇਹ ਨਹੀਂ ਦੱਸ ਸਕਦੇ ਤਾਂ ਉਹ ਬੇ-ਈਮਾਨ ਕਹੇ ਜਾਣ ਦੇ ਯੋਗ/ ਕਾਬਲ ਗਿਣੇ ਜਾ ਸਕਦੇ ਹਨ। ਫੇਰ ਉਹ ਆਪਣੀ ਕਲਮ ਨੂੰ ਬਾਂਝ ਸਮਝ ਕੇ ਖੁਦਕੁਸ਼ੀ ਕਰ ਹੀ ਲੈਣ ਦੇਣ ਪਰ, ਜੇ ਸੱਚ-ਪੁੱਤਰ / ਧੀਆਂ ਹਨ ਤਾਂ ਸੱਚ ਬੋਲਣ।

ਹੋ ਸਕਦਾ ਬਾਕੀ ਭਾ-ਸ਼ਾਵਾਂ ਵਿਚ ਵੀ ਅਜਿਹਾ ਹੁੰਦਾ ਹੋਵੇ, ਜੋ ਸੰਭਵ ਹੈ। ਪੰਜਾਬੀ ਵਾ-ਲਿਆਂ ਨੂੰ ਚਾਹੀਦਾ ਹੈ ਉਹ ਪਹਿਲ ਕਰਨ ਤੇ ਆਪਣੀ ਭਾਸ਼ਾ ਵਿਚ ਇਸ ਕੁਲੱਛਣ ਦਾ ਆਪਣਾ ਸੱਚ ਨੰਗਾ ਕਰਨ। ਕਹਿੰਦੇ ਪੰਜਾਬੀ ਅਗਵਾਈ ਕਰਦੇ ਹੁੰਦੇ ਆ - "ਸਾਹਿਤਕਾਰੋ" ਵਾਰੀ ਆਈ ਐ ਤਾਂ ਕਰੋ ਅਗਵਾਈ - ਬੋਲੋ ਸੱਚ।

ਹੁਣ ਦੇਖਦੇ ਹਾਂ ਪੰਜਾਬੀ ਵਿਚ ਹੈ ਕੋਈ ਸੱਚ ਪੁੱਤਰ / ਧੀ ਜੋ ਹਿੱਕ ਠੋਕ ਕੇ ਕਹੇ ਕਿ ਇਨਾਮ ਲੈਣ ਲਈ ਮੈਂ ਜੁਗਾੜ ਕੀਤਾ ਜਾਂ ਮੈਂ ਜੁਗਾੜ ਨਹੀਂ ਕੀਤਾ, ਇਹ ਵੀ ਦੱਸੇ ਕਿ ਜੇ ਜੁਗਾੜ ਨਹੀਂ ਕੀਤਾ ਤਾਂ ਇਨਾਮ ਕਿਵੇਂ ਮਿਲਿਆ? ਫੈਸਲੇ ਵਾਲੀ ਜੀਉਰੀ ਦੇ ਮੈਂਬਰ "ਬਣਨ ਵਾਲੇ" ਵੀ ਦੱਸਣ ਉਨ੍ਹਾਂ ਦੀ ਮੈਂਬਰ ਬਣਨ ਦੀ "ਸਪੈਸ਼ਲ ਯੋਗਤਾ" ਕੀ ਸੀ ? ਕਿਸੇ ਯੂਨੀਵਰਸਿਟੀ ਦਾ ਅਧਿਆਪਕ ਹੋਣਾ ਇਨਾਮ ਯੋਗ ਸਾਹਿਤ ਪਰਖਣ ਦੀ ਕੋਈ ਯੋਗਤਾ ਨਹੀਂ। ਮੂੰਹ ਵਿਚ ਘੁੰਙਣੀਆਂ ਪਾ ਕੇ ਬੈਠਣ ਵਾਲੇ ਇਤਹਾਸ ਦੇ ਦੋਸ਼ੀ ਰਹਿਣਗੇ।

ਇਨਾਮਾਂ ਵਾਲੇ ਸੂਰਮਿਉਂ! ਨਿੱਤਰੋ ਮੈਦਾਨੇ ਤੇ ਕਰੋ ਸੱਚ ਝੂਠ ਦਾ ਨਿਤਾਰਾ।

# ਕਾਲਾ ਪ੍ਰਭਾਕਰ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਅਤੇ ਚਰਨਜੀਤ ਸਿੰਘ ਚੱਕ ਹਕੀਮ ਨੂੰ ਫਗਵਾੜਾ ਦਿਹਾਤੀ ਦਾ ਪ੍ਰਧਾਨ ਲਾਇਆ



**ਫਗਵਾੜਾ 29 ਸਤੰਬਰ (ਬੀ.ਕੇ.ਰੱਤੂ)-** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਬਸਪਾ ਦੇ 25 ਸਾਲਾਂ ਤੋਂ ਨਿਰੰਤਰ ਵਰਕਰ ਚੱਲੇ ਆ ਰਹੇ ਕਾਲਾ ਪ੍ਰਭਾਕਰ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਕਾਲਾ ਪ੍ਰਭਾਕਰ ਨੂੰ ਜ਼ਿਲ੍ਹਾ ਕਪੂਰਥਲਾ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਜਦਕਿ ਚਰਨਜੀਤ ਸਿੰਘ ਚੱਕ ਹਕੀਮ ਨੂੰ ਫਗਵਾੜਾ ਦਿਹਾਤੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਵੱਲੋਂ ਫਗਵਾੜਾ ਵਿਧਾਨਸਭਾ ਹਲਕਾ ਦੇ ਚੋਣਵੇਂ ਸਾਥੀਆਂ ਨਾਲ ਕੀਤੀ ਗਈ ਮੀਟਿੰਗ ਵਿੱਚ 9 ਅਕਤੂਬਰ ਨੂੰ ਹੋਣ ਵਾਲੀ ਭੁੱਲ ਸੁਧਾਰ ਰੈਲੀ ਦੀਆਂ ਤਿਆਰੀਆਂ ਲਈ ਰੂਪਰੇਖਾ ਤੇ ਵਿਚਾਰਾਂ ਕੀਤੀਆਂ ਗਈਆਂ।

# 'ਮੀਰਾ ਚਲੀ ਸਤਿਗੁਰੂ ਕੇ ਧਾਮ' ਸਾਂਝੀਵਾਲਤਾ ਯਾਤਰਾ ਦਾ ਫਗਵਾੜਾ 'ਚ ਆਗਮਨ 29 ਨਵੰਬਰ ਨੂੰ

## ਸ਼੍ਰੀ ਗੁਰੂ ਰਵਿਦਾਸ ਮਹਾਰਾਜ ਤੇ ਮੀਰਾ ਨਾਲ ਸਬੰਧਤ ਚਿੰਨ੍ਹ ਹੋਣਗੇ ਸ਼ਰਧਾ ਦਾ ਕੇਂਦਰ



**ਫਗਵਾੜਾ 1 ਅਕਤੂਬਰ (ਬੀ.ਕੇ.ਰੱਤੂ)** ਰਾਜਸਥਾਨ ਦੇ ਮੇੜਤਾ ਤੋਂ 19 ਨਵੰਬਰ ਨੂੰ ਚਾਲੇ ਪਾ ਰਹੀ ਸਾਂਝੀਵਾਲਤਾ ਯਾਤਰਾ 'ਮੀਰਾ ਚਲੀ ਸਤਿਗੁਰ ਕੇ ਧਾਮ' ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਚਰਨਛੋਹ ਪ੍ਰਾਪਤ ਧਰਤੀ ਇਤਿਹਾਸਕ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਫਗਵਾੜਾ ਵਿਖੇ 29 ਨਵੰਬਰ ਨੂੰ ਪਹੁੰਚੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮੰਦਰ ਦੇ ਗੱਦੀ ਨਸ਼ੀਨ ਮਹੰਤ ਪੁਰਸ਼ੋਤਮ ਦਾਸ ਨੇ ਦੱਸਿਆ ਕਿ ਇਸ ਯਾਤਰਾ ਵਿਚ ਗੁਰੂ ਰਵਿਦਾਸ ਮਹਾਰਾਜ ਅਤੇ ਮੀਰਾ ਨਾਲ ਸਬੰਧਤ ਇਤਿਹਾਸਕ ਚਿੰਨ੍ਹ ਜਿਹਨਾਂ ਵਿਚ ਗੁਰੂ ਮਹਾਰਾਜ ਦਾ ਚਾਂਦੀ ਦਾ ਆਸਨ, ਖੜ-ਾਉਂ, ਮੀਰਾ ਦਾ ਇਕ ਤਾਰਾ, ਗੁਰੂ ਸਾਹਿਬ ਦਾ ਸੰਖ ਤੋਂ ਇਲਾਵਾ ਚਤੁਰਨਾਥ ਜੀ ਦੀ ਪ੍ਰਤਿਮਾ ਜੋ ਕਿ ਸਤਿਗੁਰੂ ਮਹਾਰਾਜ ਨੇ ਮੀਰਾ ਬਾਈ ਨੂੰ ਦਿੱਤੀ ਸੀ, ਸੰਗਤਾਂ ਦੀ ਸ਼ਰਧਾ ਦਾ ਕੇਂਦਰ ਰਹਿਣਗੀਆਂ। ਇਹ ਯਾਤਰਾ ਦੋ ਦਿਨ ਰਾਜਸਥਾਨ ਤੇ ਬਾਕੀ ਅੱਠ ਦਿਨ ਪੰਜਾਬ ਦੇ ਤਕਰੀਬਨ ਹਰ ਜਿਲ੍ਹੇ ਵਿਚੋਂ ਵੱਖ ਵੱਖ ਇਤਿਹਾਸਕ ਧਾਰਮਿਕ ਅਸਥਾਨਾ ਦੀ ਯਾਤਰਾ ਕਰਦਿਆਂ 29 ਨਵੰਬਰ ਨੂੰ ਦੇਹਰਾ ਮੰਦਰ ਵਿਖੇ ਪੁੱਜੇਗੀ। ਜਿੱਥੇ ਇਸ ਯਾਤਰਾ ਦਾ ਵੱਡੀ ਗਿਣਤੀ 'ਚ ਸ਼ਰਧਾਲੂ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਨਾਲ ਨਿੱਘਾ ਸਵਾਗਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ 30 ਨਵੰਬਰ ਤੋਂ 5 ਦਸੰਬਰ ਤੱਕ ਗੁਰੂ ਦਰਬਾਰ ਵਿਚ ਸੁਸ਼ੋਭਿਤ ਇਸ ਇਤਿਹਾਸਕ ਵਿਰਾਸਤੀ ਚਿੰਨ੍ਹਾਂ ਦੇ ਦਰਸ਼ਨ ਦੀਦਾਰ ਸੰਗਤਾਂ ਨੂੰ ਕਰਵਾਏ ਜਾਣਗੇ। ਰੋਜਾਨਾ ਹੀ ਸਵੇਰੇ ਤੋਂ ਸ਼ਾਮ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿਚ ਗੁਰੂ ਮਹਿਮਾ ਦਾ ਸੁੰਦਰ ਗੁਣਗਾਨ ਹੋਵੇਗਾ। ਮਹੰਤ ਪੁਰਸ਼ੋਤਮ ਦਾਸ ਨੇ ਦੱਸਿਆ ਕਿ ਦੇਹਰਾ ਸ੍ਰੀ ਗੁਰੂ ਰਵਿਦਾਸ ਅਸਥਾਨ ਚੱਕ ਹਕੀਮ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਨੇ ਸੰਤ ਕਬੀਰ ਜੀ ਦੇ ਨਾਲ 1485 ਈ. ਵਿਚ 70 ਦਿਨ ਤੱਕ ਨਿਵਾਸ ਕੀਤਾ ਸੀ ਅਤੇ ਆਪਣੇ ਹੱਥੀਂ ਇਕ ਬਾਉਲੀ ਸਾਹਿਬ ਦੀ ਉਸਾਰੀ ਵੀ ਕੀਤੀ ਸੀ। ਇਸੇ ਲਈ ਸਾਂਝੀਵਾਲਤਾ ਯਾਤਰਾ ਦਾ ਨਾਮ 'ਮੀਰਾ ਚਲੀ ਸਤਿਗੁਰੂ' ਕੇ ਧਾਮ ਰੱਖਿਆ ਗਿਆ ਹੈ। ਇਸ ਮੌਕੇ ਅਮਿਤ ਆਸ਼ੂ, ਤੇਜਸਵੀਰ ਭਾਰਦਵਾਜ, ਅਸ਼ੋਕ ਦੁੱਗਲ ਤੇ ਰਵੀ ਕੁਮਾਰ ਮੰਤਰੀ ਆਦਿ ਵੀ ਹਾਜਰ ਸਨ।

# ਅਕਾਲੀ ਦਲ ਅਤੇ ਬਸਪਾ ਦੀ ਸਾਂਝੀ ਮੀਟਿੰਗ ਹੋਈ

**ਖੁਮਾਣੋਂ 4 ਅਕਤੂਬਰ (ਸਾਗਰ)** ਹਲਕਾ ਬੱਸੀ ਪਠਾਣਾਂ ਦੇ ਅਧੀਨ ਭੜੀ ਸਰਕਲ ਵਿੱਖੇ ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਅਲਾਇੰਸ ਦੀ ਸਮੂਹ ਲੀਡਰ ਸ਼ਿਪ ਅਤੇ ਸਮੂਹ ਵਰਕਰ ਸਾਹਿਬਾਨ ਦੀ ਸਾਂਝੀ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਸ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਤੋਂ ਇਲਾਵਾ ਰਾਮ ਸਿੰਘ ਗੋਗੀ ਜਰਨਲ ਸਕੱਤਰ ਪੰਜਾਬ ਪਹੁੰਚੇ।

ਐਡਵੋਕੇਟ ਸ਼ਿਵ ਕੁਮਾਰ ਕਲਿਆਣ ਉ-ਮੀਦਵਾਰ ਹਲਕਾ ਬਸੀ ਪਠਾਣਾਂ ਵੱਲੋਂ 09 ਅਕਤੂਬਰ 2021 ਦਿਨ ਸ਼ਨੀਵਾਰ ਨੂੰ ਸਾਹਿਬ ਸਲਾਮ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਕੀਤੀ ਜਾ ਰਹੀ "ਭੁੱਲ ਸੁਧਾਰ ਰੈਲੀ" ਨੂੰ ਕਾਮਯਾਬ ਬਣਾਉਣ ਲਈ ਸਮੂਹ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਇਸ ਮੌਕੇ ਮਹਾਂ ਰੈਲੀ ਦੇ ਪੋਸਟਰ ਰਿਲੀਜ ਕੀਤਾ ਗਿਆ ਅਤੇ ਬਸਪਾ ਅਕਾਲੀ ਗਠਜੋੜ ਵਲੋਂ ਐਲਾਨੇ ਗਏ 13 ਨੁਕਾਤੀ ਪ੍ਰੋਗਰਾਮ ਨੂੰ ਘਰ-ਘਰ ਪਹੁੰਚਾਉਣ ਲਈ ਮੁਹਿੰਮ ਚਲਾਈ ਗਈ। ਇਸ ਮੌਕੇ ਸ ਲਾਲ ਸਿੰਘ ਸੁਲਹਾਣੀ ਜਰਨਲ ਸਕੱਤਰ ਪੰਜਾਬ ਬਸਪਾ ਤੇ ਅਬਜਰਵਰ ਹਲਕਾ ਬਸੀ ਪਠਾਣਾਂ ਨੇ ਬਸਪਾ ਅਕਾਲੀ ਗਠਜੋੜ ਦੀ ਅਹਿਮੀਅਤ ਬਾਰੇ ਦਸਦਿਆਂ ਕਿਹਾ ਕਿ ਇਹ ਗਠਜੋੜ ਇਤਿਹਾਸ ਸਿਰਜੇਗਾ ਗਠਜੋੜ ਹੂੰਝਾ ਫੇਰ ਜਿੱਤ ਹਾਸਲ ਕਰੇਗਾ।

ਨੌਂ ਅਕਤੂਬਰ ਦੀ ਸਾਂਝੀ ਮਹਾਂ ਰੈਲੀ ਵਿਰੋਧੀ ਪਾਰਟੀਆਂ ਦੇ ਸਾਰੇ ਭੁਲੇਖੇ ਦੂਰ ਕਰ ਦੇਵੇਗੀ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਰਿਆ ਮੈਬਰ, ਜਤਿੰਦਰ ਸਿੰਘ ਜ਼ਲ੍ਹਿਾ ਪ੍ਰਧਾਨ ਬਸਪਾ ਜ਼ਲ੍ਹਿਾ ਫਤਹਿਗੜ੍ਹ ਸਾਹਿਬ, ਜਸਮੇਲ ਸਿੰਘ ਬਡਲਾ, ਕੁਲਵੰਤ ਸਿੰਘ ਹਲਕਾ ਪ੍ਰਧਾਨ, ਰਘਵੀਰ ਸਿੰਘ ਬਡਲਾ, ਪਰਲਾਦ ਸਿੰਘ ਅਜਨੇਰ ਯੂਥ ਪ੍ਰਧਾਨ, ਗੁਰਿੰਦਰ ਸਿੰਘ ਮਿੰਟੂ ਸਾਬਕਾ ਸਰਪੰਚ ਭੜੀ, ਸੂਬੇਦਾਰ ਬਾਬੂ ਸਿੰਘ ਸੀਨੀਅਰ ਮੀਤ ਪ੍ਰਧਾਨ, ਸੁਖਵੀਰ ਕੌਰ ਸਰਕਲ ਪ੍ਰਧਾਨ, ਤਰਲੋਚਨ ਸਿੰਘ ਸੈਣੀ ਲੋਕ ਸਭਾ ਇੰਚਾਰਜ, ਕੁਲਦੀਪ ਸਿੰਘ ਜ਼ਲਿਾ ਸੈਕਟਰੀ, ਕੁਲਵਿੰਦਰ ਸਿੰਘ ਲਾਲੀ, ਦਰਸ਼ਨ ਸਿੰਘ ਫਤਿਹਗੜ੍ਹ ਸਾਹਿਬ, ਐਡਵੋਕੇਟ ਕਮਲਜੀਤ ਸਿੰਘ ਮੱਟੂ, ਸੂਬੇਦਾਰ ਸੱਜਣ ਸਿੰਘ, ਪਿਆਰਾ ਸਿੰਘ, ਜਸਵਿੰਦਰ ਸਿੰਘ ਬਡਲਾ, ਸੂਬੇਦਾਰ ਜਸਵੀਰ ਸਿੰਘ, ਗੁਰਮੁੱਖ ਸਿੰਘ ਬਡਲਾ, ਅਮਰੀਕ ਸਿੰਘ, ਕੁਲਵੰਤ ਸਿੰਘ, ਵਰਿੰਦਰ ਸਿੰਘ, ਰਾਜਵਿੰਦਰ ਸਿੰਘ, ਜਸਵੀਰ ਸਿੰਘ ਜੱਸਾ, ਜਗਪਾਲ ਸਿੰਘ ਸੈਕਟਰ ਪ੍ਰਧਾਨ ਖੇੜੀ, ਬੰਟੀ ਅਜਨੇਰ, ਮੇਜਰ ਸਿੰਘ, ਕਰਮ ਸਿੰਘ, ਜੱਜ ਪਾਲ, ਸਵਰਨ ਸਿੰਘ ਸਾਬਕਾ ਪੰਚ, ਜਸਵੰਤ ਸਿੰਘ, ਸ਼ਿੰਗਾਰਾ ਸਿੰਘ, ਅਵਤਾਰ ਸਿੰਘ, ਸੇਵਾ ਸਿੰਘ, ਜਸਵੀਰ ਸਿੰਘ, ਜਗਦੀਪ ਸਿੰਘ, ਰਣਧੀਰ ਸਿੰਘ, ਜੋਗਾ ਸਿੰਘ, ਸ਼ਿੰਗਾਰਾ ਸਿੰਘ, ਸੁਖਦੇਵ ਸਿੰਘ, ਰਾਮ ਜੀ ਦਾਸ, ਨਾਇਬ ਸਿੰਘ, ਬਲਵੀਰ ਸਿੰਘ, ਮਹਿੰਦਰ ਸਿੰਘ, ਗੁਰਨਾਮ ਸਿੰਘ, ਜਗਰੂਪ ਸਿੰਘ, ਹਰਪਾਲ ਸਿੰਘ, ਅਮਰੀਕ ਸਿੰਘ, ਰਜਿੰਦਰ ਸਿੰਘ, ਬਲਵੀਰ ਸਿੰਘ, ਮੇਜਰ ਸਿੰਘ, ਸਵਰਨ ਸਿੰਘ, ਰਾਜਿੰਦਰ ਸਿੰਘ, ਵਰਿੰਦਰ ਪਾਲ ਸਿੰਘ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਸੁਭਾਸ਼ ਕੁਮਾਰ, ਰਣਜੀਤ ਸਿੰਘ, ਸੂਬੇਦਾਰ ਸੱਜਣ ਸਿੰਘ, ਪਿਆਰਾ ਸਿੰਘ, ਗੁਰਦੀਪ ਸਿੰਘ, ਮਨਜੀਤ ਸਿੰਘ, ਮਨੀ ਮੋਦਗਿੱਲ, ਸੁਰਿੰਦਰ ਕਲਿਆਣ,ਅਨੰਤ ਕਲਿਆਣ, ਜਸਕਰਨ ਸਿੰਘ, ਹਰਜੋਤ ਸਿੰਘ, ਗੁਰਪ੍ਰੀਤ ਸਿੰਘ ਹਰਿਉ ਕਲਾਂ ਆਦਿ ਹਾਜ਼ਰ ਸਨ।

****

# ਇਟਲੀ 'ਚ ਭਾਰਤੀ ਭਾਈਚਾਰੇ ਦਾ ਨਾਂ ਰੌਸ਼ਨ ਕਰਨ ਵਾਲੀ ਸਤਿੰਦਰ ਕੌਰ ਸੋਨੀਆ ਦਾ ਵਿਸ਼ੇਸ਼ ਸਨਮਾਨ





**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਇਟਲੀ ਦੇ ਪੁਲਿਸ ਵਿਭਾਗ ਚ ਬਿਹਤਰੀਨ ਸੇਵਾਵਾਂ ਨਿਭਾਉਣ ਵਾਲੀ ਪੰਜਾਬਣ ਲੜਕੀ ਸਤਿੰਦਰ ਕੌਰ ਸੋਨੀਆ ਦਾ ਇਟਲੀ ਰਹਿੰਦੇ ਭਾਰਤੀ ਭਾਈਚਾਰੇ ਦੁਆਰਾ ਵੈਰੋਨਾ ਨੇੜਲੇ ਸ਼ਹਿਰ ਸਨਬੋਨੀਫਾਚੋ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ "ਧੀ ਪੰਜਾਬ ਦੀ" ਖਿਤਾਬ ਦੇ ਨਾਲ਼ ਨਿਵਾਜਿਆ ਗਿਆ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਤਿੰਦਰ ਕੌਰ ਸੋਨੀਆ ਨੇ ਆਪਣੀ ਮਿਹਨਤ ਤੇ ਲਿਆਕਤ ਦੇ ਸਦਕਾ ਇਟਾਲੀਅਨ ਪੁਲਿਸ ਵਿਭਾਗ ਚ ਨੌਕਰੀ ਹਾਸਿਲ ਕਰਕੇ ਸਮੁੱਚੇ ਭਾਰਤੀ ਭਾਈਚਾਰੇ ਦਾ ਨਾਂ ਉੱਚਾ ਕੀਤਾ ਹੈ। ਇਸ ਮੌਕੇ ਬੋਲਦਿਆਂ ਸਤਿੰਦਰ ਕੌਰ ਸੋਨੀਆ ਨੇ ਕਿਹਾ ਕਿ ਇਟਾਲੀ ਚ ਪੁਲਿਸ ਪ੍ਰਬੰਧ ਦੀ ਨੌਕਰੀ ਕਰਕੇ ਉਸ ਨੂੰ ਬਹੁਤ ਹੀ ਚੰਗਾ ਮਹਿਸੂਸ ਹੋ ਰਿਹਾ ਹੈ ਅਤੇ ਹਰੇਕ ਲੜਕੀ ਨੂੰ ਆਪਣੇ ਜੀਵਨ ਵਿੱਚ ਸਫਲ ਹੋਣ ਦੇ ਲਈ ਲਗਨ ਨਾਲ਼ ਮਿਹਨਤ ਕਰਨੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਦੇ ਨਾਲ਼- ਨਾਲ਼ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸਨਬੋਨੀਫਾਚੋ ਦੀ ਪ੍ਰਬੰਧਕ ਕਮੇਟੀ,ਗੁਰਦੁਆਰਾ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ ਲੋਨੀਗੋ ਦੀ ਪ੍ਰਬੰਧਕ ਕਮੇਟੀ, ਸਨਾਤਨ ਧਰਮ ਮੰਦਿਰ ਕਮੇਟੀ ਆਰਜੀਨਿਆਨੋ, ਇੰਡੀਅਨ ਸਪੋਰਟਸ ਐਂਡ ਕਲਚਰ ਕਲੱਬ ਵਿਚੈਂਸਾ ਦੇ ਆਹੁਦੇਦਾਰ,ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਇਟਲੀ ਇਕਾਈ ਦੇ ਆਗੂ, ਇਟਲੀ ਦੇ ਖੇਡ ਅਤੇ ਸਮਾਜਿਕ ਭਲਾਈ ਦੇ ਖੇਤਰ ਦੀਆਂ ਅਨੇਕਾਂ ਮਾਣਮੱਤੀਆਂ ਸ਼ਖਸ਼ੀਅਤਾਂ ਹਾਜਿਰ ਸਨ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 24, 25, 26 ਸਤੰਬਰ 2021 ਨੂੰ ਬਹੁਤ ਹੀ ਸ਼ਰਧਾ ਪੂਰਵਕ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਦੌਰਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਜਸਪਾਲ ਸਿੰਘ ਅਤੇ ਭਾਈ ਗੁਰਦੀਪ ਸਿੰਘ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ 25 ਸਤੰਬਰ ਦਿਨ ਸ਼ਨਿਚਰਵਾਰ ਨੂੰ ਸ਼ਾਮ ਦੇ ਦੀਵਾਨ ਦੌਰਾਨ ਮਾਤਾ ਤ੍ਰਿਪਤਾ ਜੀ ਐਜੂਕੇਸ਼ਨ ਫਾਊਂਡੇਸ਼ਨ ਕੈਲੇਫੋਰਨੀਆ ਦੇ ਬੱਚਿਆਂ ਵੱਲੋਂ ਤੰਤੀ ਸਾਜਾਂ ਨਾਲ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਦੌਰਾਨ ਅਦਾਰਾ 'ਦੇਸ਼ ਦੁਆਬਾ' ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ।










All pictures credit: Prem K. Chumber
Ambedkar Times / Desh Doaba





# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 29ਵਾਂ ਸਥਾਪਨਾ ਦਿਵਸ 8, 9, 10 ਅਕਤੂਬਰ 2021 ਨੂੰ ਮਨਾਇਆ ਜਾਵੇਗਾ

## ਗੁਰੂ ਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਦਾ 29ਵਾਂ ਸਥਾਪਨਾ ਦਿਵਸ 8, 9, 10 ਅਕਤੂਬਰ 2021 ਨੂੰ ਸਾਧਸੰਗਤਿ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਟੇਜ ਸਕੱਤਰ ਸ੍ਰੀ ਬਲਜੀਤ ਸਿੰਘ ਕਾਹਮਾ ਨੇ "ਦੇਸ਼ ਦੋਆਬਾ" ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ੁੱਕਰਵਾਰ 8 ਅਕਤੂਬਰ 2021 ਨੂੰ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ ਆਰੰਭ ਹੋਣਗੇ।

ਸ਼ਨੀਵਾਰ 9 ਅਕਤੂਬਰ ਬਾਅਦ ਦੁਪਹਿਰ 3:00 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ, ਜਿਸ ਉਪਰੰਤ ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ ਜਿਨ੍ਹਾਂ ਵਿਚ ਭਾਈ ਜਸਪਾਲ ਸਿੰਘ, ਭਾਈ ਗੁਰ-ਦੀਪ ਸਿੰਘ, ਭਾਈ ਚਰਨਜੀਤ ਸਿੰਘ (ਗੁਰੂਘਰ ਦਾ ਹਜ਼ੂਰੀ ਰਾਗੀ ਜਥਾ) ਅਤੇ ਭਾਈ ਜਗਜੀਤ ਸਿੰਘ ਯੋਗੀ ਜੀ ਦਾ ਕੀਰਤਨੀ ਜਥਾ ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਐਤਵਾਰ 10 ਅਕਤੂਬਰ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10:00 ਵਜੇ ਪਏ ਜਾਣਗੇ ਉਪਰੰਤ ਸਵੇਰੇ 11:00 ਵਜੇ ਤੋਂ 1:30 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ ਜਿਨ੍ਹਾਂ ਵਿਚ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ; (ਗੁਰੂਘਰ ਦਾ ਹਜ਼ੂਰੀ ਰਾਗੀ ਜਥਾ) ਅਤੇ ਭਾਈ ਨਿਰਮਲ ਸਿੰਘ ਨਾਗਪੁਰੀ ਜੀ ਦਾ ਕੀਰਤਨੀ ਜਥਾ ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ ਇਨ੍ਹਾਂ ਸਮਾਗਮਾਂ ਦੀ ਸੇਵਾ ਸ੍ਰੀ ਸ਼ੁਭਾਸ ਬੰਗਾ ਅਤੇ ਬੰਗਾ ਪਰਿਵਾਰ, ਸ੍ਰੀ ਅਵਤਾਰ ਜੱਸਲ ਅਤੇ ਜੱਸਲ ਪਰਿਵਾਰ ਅਤੇ ਸਮੂਹ ਸਾਧਸੰਗਤਿ ਵਲੋਂ ਹੋ ਰਹੀ ਹੈ।

ਸ਼ਨੀਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ ਸ੍ਰੀ ਪਿਰਥੀ ਪਾਲ ਸਿੰਘ, ਬੀਬੀ ਜਸਵੰਤ ਕੌਰ ਦੇ ਪਰਿਵਾਰ ਅਤੇ ਸਮੂਹ ਸਾਧਸੰਗਤਿ ਵਲੋਂ ਹੋ ਰਹੀ ਹੈ।

ਆਪ ਸਮੂਹ ਸਾਧਸੰਗਤਿ ਨੂੰ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

ਗੁਰੂਘਰ ਦਾ ਪਤਾ: ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street , Rio Linda, CA 95673

ਗੁਰੂਘਰ ਦੀ ਨਵੀ ਇਮਾਰਤ ਦੀ ਉਸਾਰੀ ਅਧੀਨ ਹੈ, ਸੇਵਾ ਪ੍ਰਾਪਤੀ ਅਤੇ ਹੋਰ ਜਾਣਕਾਰੀ ਲਈ ਸੰਪਰਕ:

ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜਨਰਲ ਸਕੱਤਰ) 916-276-2538
ਗੁਰੂਘਰ ਫ਼ੋਨ: (916) 992-1710

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ ਵਲੋਂ ਅਦਾਰਾ ਦੇਸ਼ ਦੁਆਬਾ, ਅੰਬੇਡਕਰ ਟਾਈਮਜ਼ ਦਾ ਗੁਰੂਘਰ ਦੀ ਮੀਡੀਆ ਕਵਰੇਜ਼ ਲਈ ਧੰਨਵਾਦ ਕੀਤਾ ਜਾਂਦਾ ਹੈ।

# 11 ਸਾਲਾਂ ਵਿਦਿਆਰਥਣ ਨੂੰ ਮੇਨਸਾ ਆਈ ਕਿਊ ਸੰਸਥਾ ਵਿੱਚ ਸ਼ਾਮਲ ਹੋਣ ਲਈ ਮਿਲਿਆ ਸੱਦਾ

**ਗਲਾਸਗੋ–** ਸਕਾਟਲੈਂਡ ਦੀ ਇੱਕ ਸਮਾਰਟ 11 ਸਾਲਾਂ ਸਕੂਲੀ ਵਿਦਿਆਰਥਣ ਨੂੰ ਉਸ ਦੁਆਰਾ ਮਸ਼ਹੂਰ ਆਈ ਕਿਊ ਟੈਸਟ ਦੇ ਵਿੱਚ ਮਾਣਮੱਤੀ ਪ੍ਰਾਪਤੀ ਕਰਨ ਦੇ ਬਾਅਦ, ਆਈ ਕਿਊ ਟੈਸਟ ਸੰਸਥਾ ਮੇਨਸਾ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ। ਇਸ 11 ਸਾਲਾਂ ਵਿਦਿਆਰਥਣ ਦਾ ਨਾਮ ਰੁਚਾ ਚਾਂਦੋਰਕਰ ਹੈ, ਪਰ ਉਸਦੇ ਟੈਸਟ ਉਸਨੂੰ 2% ਬੁੱਧੀ-ਜੀਵੀ ਆਬਾਦੀ ਵਿੱਚ ਸ਼ਾਮਲ ਕਰਦੇ ਹਨ। ਦੱਸਣਯੋਗ ਹੈ ਕਿ ਮੇਨਸਾ ਦੁਨੀਆ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਪੁਰਾਣੀ ਆਈ ਕਿਊ ਸੋਸਾਇਟੀ ਹੈ। ਬੁੱਧੀਜੀਵੀਆਂ ਨੂੰ ਮੇਨਸਾ ਵਿੱਚ ਆਉਣ ਲਈ ਕੈਟੇਲ ਬੀ ਟੈਸਟ ਵਿੱਚ 148 ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਮੇਨਸਾ ਸਕੋਰਿੰਗ ਦੇ ਤਹਿਤ, ਕੈਟੇਲ ਬੀ ਦੇ 148 ਤੋਂ ਉਪਰ ਦੇ ਕਿਸੇ ਵੀ ਨਤੀਜੇ ਤੋਂ ਇਹ ਸੁਝਾਅ ਮਿਲਦਾ ਹੈ ਕਿ ਤੁਸੀਂ ਖਾਸ ਹੋ ਅਤੇ ਇਹ ਆਈ ਕਿਊ ਟੈਸਟ ਮੌਖਿਕ ਅਤੇ ਨੁਮੈਰੀਕਲ ਸਮੇਤ ਬਹੁਤ ਸਾਰੇ ਖੇਤਰਾਂ



ਵਿੱਚ ਯੋਗਤਾ ਦੀ ਭਾਲ ਕਰਦਾ ਹੈ। ਇਸਦੇ ਟੈਸਟ ਸੈਸ਼ਨਾਂ ਵਿੱਚ ਦੋ ਟੈਸਟ ਪੇਪਰ ਸ਼ਾਮਲ ਹੁੰਦੇ ਹਨ। ਰੁਚਾ ਨੇ ਇਸ ਵਿੱਚ ਸ਼ਾਨਦਾਰ 162 ਅੰਕ ਪ੍ਰਾਪਤ ਕੀਤੇ ਹਨ। ਪੂਰਬੀ ਰੇਨਫਰਿਊਸ਼ਾਇਰ ਦੇ ਕਲਾਰਕਸਟਨ ਵਿੱਚ ਰਹਿਣ ਵਾਲੀ ਰੁਚਾ ਦੇ ਮਾਪਿਆਂ ਰੁਤਵਿਕ ਅਤੇ ਸੋਨਾਲੀ ਅਨੁਸਾਰ ਉਹ ਬਹੁਤ ਰਚਨਾਤਮਕ ਹੈ ਅਤੇ ਉਸਨੇ ਆਪਣੇ ਭਰਾ ਅਖਿਲੇਸ਼ ਦੀ ਤੁਲਨਾ ਵਿੱਚ ਪ੍ਰਦਰਸ਼ਨ ਲਈ ਟੈਸਟ ਦਿੱਤਾ, ਜਿਸਨੇ 2016 ਵਿੱਚ ਪ੍ਰੀਖਿਆ ਦਿੱਤੀ ਅਤੇ 160 ਅੰਕ ਪ੍ਰਾਪਤ ਕੀਤੇ ਸਨ। ਉਸਨੇ ਆਪਣੇ ਵੱਡੇ ਭਰਾ ਅਖਿਲੇਸ਼ ਨੂੰ ਹਰਾਉਣ ਦੀ ਉਮੀਦ ਨਹੀਂ ਕੀਤੀ ਸੀ, ਜੋ ਉਸਦਾ ਰੋਲ ਮਾਡਲ ਰਿਹਾ ਹੈ। ਇੰਨਾ ਹੀ ਨਹੀਂ ਰੁਚਾ ਇੱਕ ਉਭਰਦੀ ਕਲਾਕਾਰ ਵੀ ਹੈ, ਜਿਸਨੇ ਤਾਲਾਬੰਦੀ ਦੌਰਾਨ ਆਪਣੀ ਵੈਬਸਾਈਟ ਸ਼ੁਰੂ ਕੀਤੀ ਤਾਂ ਕਿ ਉਹ ਆਪਣੀ ਡਰਾਇੰਗ ਰਾਹੀਂ ਲੋੜਵੰਦ ਬੱਚਿਆਂ ਲਈ ਪੈਸਾ ਇਕੱਠਾ ਕਰ ਸਕੇ।

# ਸਕਾਟਲੈਂਡ ਦੀ ਸਭ ਤੋਂ ਬਜ਼ੁਰਗ 109 ਸਾਲਾਂ ਔਰਤ ਦਾ ਹੋਇਆ ਦੇਹਾਂਤ



**ਗਲਾਸਗੋ–** ਸਕਾਟਲੈਂਡ ਦੀ ਸਭ ਤੋਂ ਬਜੁਰਗ ਮਹਿਲਾ ਨੇ ਇੱਕ ਸਦੀ ਤੋਂ ਉੱਪਰ ਆਪਣੀ ਜਿੰਦਗੀ ਬਿਤਾਉਣ ਦੇ ਬਾਅਦ 109 ਸਾਲਾਂ ਸਾਲ ਦੀ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਿਹਾ ਹੈ। ਇਸ ਬਜੁਰਗ ਮਹਿਲਾ ਦਾ ਨਾਮ ਲੁਈਸਾ ਵਿਲਸਨ ਹੈ, ਜਿਸਨੇ ਦੋ ਵਿਸ਼ਵ ਯੁੱਧ ਅਤੇ ਮਹਾਂਮਾਰੀ ਦੇ ਦੌਰਾਨ ਜੀਉਣ ਤੋਂ ਬਾਅਦ ਆਪਣੇ ਪਰਿਵਾਰ ਵਿੱਚ ਪ੍ਰਾਣ ਤਿਆਗੇ। ਆਪਣੀ ਮੌਤ ਤੋਂ ਪਹਿਲਾਂ ਉਸਨੇ ਆਪਣਾ 109 ਵਾਂ ਜਨਮ ਦਿਨ ਮਨਾਇਆ ਸੀ, ਅਤੇ ਰਾਣੀ ਤੋਂ ਇੱਕ ਕਾਰਡ ਵੀ ਪ੍ਰਾਪਤ ਕੀਤਾ ਸੀ। ਉਹ ਆਪਣੇ ਮਾਪਿਆਂ ਦੀ ਸਭ ਤੋਂ ਵੱਡੀ ਬੱਚੀ ਸੀ, ਅਤੇ ਉਸਦੇ ਪਿਤਾ ਦਾ ਛੋਟੀ ਉਮਰ ਵਿੱਚ ਹੀ ਦੇਹਾਂਤ ਹੋ ਗਿਆ ਸੀ, ਇਸ ਲਈ ਉਸਨੇ ਆਪਣੀ ਭੈਣ -ਭਰਾਵਾਂ ਦੀ ਦੇਖਭਾਲ ਵਿੱਚ ਆਪਣੀ ਮਾਂ ਦੀ ਸਹਾਇਤਾ ਕੀਤੀ। ਵੱਡੀ ਹੋਣ 'ਤੇ ਲੁਈਸਾ ਨੇ ਪੈਜ਼ਲੀ ਦੀ ਇੱਕ ਟੈਕਸਟਾਈਲ ਫੈਕਟਰੀ ਵਿੱਚ ਕਲਰਕ ਸਹਾਇਕ ਵਜੋਂ ਕੰਮ ਕੀਤਾ। ਲੁਈਸਾ ਦਾ 1940 ਵਿੱਚ ਰੌਬਰਟ ਵਿਲਸਨ ਨਾਲ ਵਿਆਹ ਹੋਇਆ। ਫਿਰ ਇਹ ਦੋਵੇਂ ਆਇਰ ਚਲੇ ਗਏ ਜਿੱਥੇ ਉਨ੍ਹਾਂ ਦੀਆਂ ਦੋ ਧੀਆਂ, ਮੂਰੀਅਲ ਅਤੇ ਏਲੇਨੋਰ ਨੇ ਜਨਮ ਲਿਆ ਜੋ ਉਸਦੀ ਮੌਤ ਸਮੇਂ ਉਸਦੇ ਨਾਲ ਸਨ। ਜਦਕਿ ਲੁਈਸਾ ਦੇ ਪਤੀ ਵਿਲਸਨ ਦੀ 1989 ਵਿੱਚ ਮੌਤ ਹੋ ਗਈ ਸੀ।

# ਪਿਛਲੇ ਪੰਜ ਸਾਲਾਂ ਦੌਰਾਨ ਸਾਈਕਲ ਚੋਰੀ ਹੋਣ ਦੀਆਂ ਹਜ਼ਾਰਾਂ ਰਿਪੋਰਟਾਂ ਦਰਜ

**ਗਲਾਸਗੋ–** ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਪੁਲਿਸ ਦੁਆਰਾ ਪਿਛਲੇ ਤਕਰੀਬਨ 5 ਸਾਲਾਂ ਵਿੱਚ ਸਾਈਕਲ ਚੋਰੀ ਹੋਣ ਦੀਆਂ ਹਜ਼ਾਰਾਂ ਰਿਪੋਰਟਾਂ ਦਰਜ ਕੀਤੀਆਂ ਹਨ। ਸਕਾਟਲੈਂਡ ਦੁਆਰਾ ਨਵੇਂ ਜਾਰੀ ਕੀਤੇ ਅੰਕੜਿਆਂ ਅਨੁਸਾਰ, ਪਿਛਲੇ ਪੰਜ ਸਾਲਾਂ ਵਿੱਚ ਗਲਾਸਗੋ 'ਚ 6,000 ਤੋਂ ਵੱਧ ਸਾਈਕਲ ਚੋਰੀ ਦੀਆਂ ਰਿਪੋਰਟਾਂ ਰਜਿਸਟਰ ਕੀਤੀਆਂ ਗਈਆਂ ਹਨ।

ਅੰਕੜਿਆਂ ਅਨੁਸਾਰ 2015 ਤੋਂ ਸ਼ਹਿਰ ਵਿੱਚ ਕੁੱਲ 6,522 ਸਾਈਕਲ ਚੋਰੀ ਹੋਏ ਹਨ ਅਤੇ ਜਿਨ੍ਹਾਂ ਵਿੱਚੋਂ 6112 ਮਾਮਲੇ ਅਜੇ ਵੀ ਅਣਸੁਲਝੇ ਹਨ। ਇਹਨਾਂ



ਅੰਕੜਿਆਂ ਅਨੁਸਾਰ ਗਲਾਸਗੋ ਸ਼ਹਿਰ ਨੇ 2016 ਤੋਂ ਲੈ ਕੇ ਹਰ ਸਾਲ ਤਕਰੀਬਨ 1,600 ਸਾਈਕਲਾਂ ਦੀਆਂ ਚੋਰੀਆਂ ਦਾ ਸਾਹਮਣਾ ਕੀਤਾ ਹੈ, ਜੋ ਕਿ ਹਰ ਮਹੀਨੇ 108 ਚੋਰੀਆਂ ਦੇ ਬਰਾਬਰ ਹੈ। ਸਕਾਟਲੈਂਡ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਸਭ ਤੋਂ ਵੱਧ ਸਾਈਕਲ ਚੋਰੀ ਹੋਣ ਵਾਲੇ 20 ਕੌਂਸਲ ਵਾਰਡਾਂ ਵਿੱਚੋਂ ਸੱਤ ਗਲਾਸਗੋ ਵਿੱਚ ਹਨ, ਜਿਹਨਾਂ ਵਿੱਚੋਂ ਐਂਡਰਸਟਨ/ ਸਿਟੀ/ਯੌਰਕਖਿਲ ਖੇਤਰ ਵਿੱਚ ਸਭ ਤੋਂ ਵੱਧ ਚੋਰੀਆਂ ਦੇਖਣ ਨੂੰ ਮਿਲੀਆਂ। ਇਸਦੇ ਨਾਲ ਹੀ ਹਿੱਲਹੈਡ, ਸਾਊਥਸਾਈਡ ਸੈਂਟਰਲ, ਗੋਵਨ, ਪਾਰਟਿਕ ਈਸਟ/ਕੇਲਵਿੰਡਲੇ, ਕੈਲਟਨ ਅਤੇ ਪੋਲੋਕਸ਼ੀਲਡਸ ਵੀ ਇਹਨਾਂ ਖੇਤਰਾਂ ਵਿੱਚ ਸ਼ਾਮਲ ਹਨ।

# ਗੁਮਨਾਮ, ਮਹਾਨਾਇਕਾ- ਦੁਰਗਾ ਭਾਬੀ!

**(ਸਫਾ 6 ਦੀ ਬਾਕੀ)**

ਪਤਨੀ ਦੇ ਭੇਸ ਵਿੱਚ, ਰੇਲਵੇ ਦੇ ਪਹਿਲੇ ਦਰਜੇ ਦੇ ਡੱਬੇ ਵਿੱਚ ਚੜ੍ਹ ਗਏ, ਤੇ ਰਾਜਗੁਰੂ ਉਹਨਾਂ ਦੇ ਨੌਕਰ ਦੇ ਭੇਸ ਚ ਨੌਕਰਾਂ ਆਲੇ ਡੱਬੇ ਚ ਵੜ ਨਿਕਲ ਗਏ ਅਤੇ ਅੰਗਰੇਜ਼ਾਂ ਨੂੰ ਸ਼ੱਕ ਵੀ ਨਹੀਂ ਹੋ ਸਕਿਆ।

28 ਮਈ 1930 ਦੁਰਗਾ ਭਾਬੀ ਅਤੇ ਪੂਰੇ ਦੇਸ਼ ਲਈ ਬਹੁਤ ਹੀ ਦੁਖਦਾਈ ਦਿਨ ਸੀ ਸੀ। ਅਸਲ ਚ, ਭਗਵਤੀ ਚਰਨ ਵੋਹਰਾ ਨੇ ਇਰਵਿਨ ਦੀ ਰੇਲਗੱਡੀ ਤੇ ਬੰਬ ਸੁੱਟ ਕੇ ਸਾਰੇ ਕ੍ਰਾਂਤੀਕਾਰੀਆਂ, ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਜੇਲ੍ਹ ਤੋਂ ਰਿਹਾਅ ਕਰਵਾਉਣ ਦੀ ਵੱਡੀ ਯੋਜਨਾ ਬਣਾਈ ਸੀ, ਪਰ ਰਾਵੀ ਨਦੀ ਦੇ ਕੰਢੇ ਬੰਬ ਦੇ ਪ੍ਰੀਖਣ ਦੌਰਾਨ, ਬਦਕਿਸਮਤੀ ਨਾਲ ਭਗਵਤੀ ਚਰਨ ਵੋਹਰਾ ਦੀ ਸ਼ਹਾਦਤ ਹੋ ਗਈ। ਆਹ! ਦੁਰਗਾ ਭਾਬੀ ਤੇ ਤਾਂ ਦੁੱਖਾਂ ਦਾ ਪਹਾੜ ਟੁੱਟ ਪਿਆ, ਛੋਟੀ ਉਮਰ ਚ ਵਿਧਵਾ ਹੋਣ ਦਾ ਸੰਤਾਪ, ਪਰ ਇਹ ਮਹਾਦਲੇਰ ਧੀ, ਆਪਣੇ ਪਤੀ ਦੀ ਸ਼ਹਾਦਤ ਤੋਂ ਬਾਅਦ ਟੁੱਟੀ ਨਹੀਂ, ਸਗੋਂ ਆਪਣੇ ਪਤੀ ਦੀ ਸ਼ਹੀਦੀ ਦਾ ਬਦਲਾ ਤੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀਕਾਰੀਆਂ ਨਾਲ ਹੋਰ ਸਮਰਪਿਤ ਹੋ ਲੱਗ ਗਈ।

ਦੁਰਗਾ ਭਾਬੀ ਹੁਣ ਚਾਹੇ ਪੈਸੇ ਨਾਲ ਤਾਂ ਅਮੀਰ ਨੀਂ ਰਹੀ ਸੀ ਪਰ ਦਿੱਲ ਦੀ ਅਮੀਰੀ ਵੇਖੋ, ਅਸੈਂਬਲੀ ਕਾਂਡ ਤੋਂ ਬਾਅਦ ਗਿਰਫਤਾਰ ਭਗਤ ਸਿੰਘ ਤੇ ਸਾਥੀਆਂ ਦੀ ਰਿਹਾਈ ਲਈ ਵਕੀਲ ਨੂੰ ਫੀਸ ਦੇਣ ਲਈ ਦੁਰਗਾ ਭਾਬੀ ਨੇਂ, ਆਪਣੇ ਸਾਰੇ ਗਹਿਣੇ ਵੇਚ 3000 ਰੁਪਏ ਫੀਸ ਭਰੀ। ਹੌਂਸਲਾ ਤੇ ਦਲੇਰੀ ਦੇਖੋ, ਅਕਤੂਬਰ 1930 ਵਿੱਚ ਈ, ਦੁਰਗਾ ਭਾਬੀ ਨੇਂ ਗਵਰਨਰ ਹੈਲੀ ਤੇ ਬੰਬ ਸੁੱਟ ਦਿੱਤਾ, ਹੈਲੀ ਬੱਚ ਤਾਂ ਗਿਆ ਪਰ ਸਾਥੀਆਂ ਸਣੇ ਬੁਰੀ ਤਰਾਂ ਫੱਟੜ ਹੋ ਗਿਆ। ਫੇਰ ਜਾਲਮ ਪੁਲਿਸ ਕਮਿਸ਼ਨਰ ਨੂੰ ਵੀ ਦੁਰਗਾ ਭਾਬੀ ਨੇ ਗੋਲੀ ਮਾਰੀ ਸੀ। ਫਿਰੰਗੀ ਸਰਕਾਰ, ਦੁਰਗਾ ਭਾਬੀ ਦੇ ਕਾਰਨਾਮੇ ਵੇਖ ਘਬਰਾ ਗਈ, ਪੁਲਿਸ ਕੁੱਤੇ ਵਾਂਗ ਦੁਰਗਾ ਭਾਬੀ ਦੇ ਮਗਰ ਪੈ ਗਈ, ਅਖੀਰ ਦੁਰਗਾ ਭਾਬੀ ਨੂੰ ਮੁੰਬਈ ਤੋਂ ਗ੍ਰਿਫਤਾਰ ਕਰ ਲਿਆ ਗਿਆ ਤੇ ਤਿੰਨ ਸਾਲਾਂ ਲਈ ਜੇਲ੍ਹ ਭੇਜ ਦਿੱਤਾ ਗਿਆ।

7 ਅਕਤੂਬਰ 1930 ਨੂੰ ਦੁਰਗਾ ਭਾਬੀ ਨੂੰ ਉਸਦੇ ਜਨਮਦਿਨ ਤੇ ਬਹੁਤ ਹੀ ਦੁਖਦਾਈ ਖ਼ਬਰ ਮਿਲੀ, ਅਦਾਲਤ ਨੇ ਦੁਰਗਾ ਭਾਬੀ ਦੇ ਪੁੱਤਰ ਵਰਗੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ, ਇੰਨਾਂ ਮਹਾਨ ਕ੍ਰਾਂਤੀਕਾਰੀਆਂ ਦੀ ਸ਼ਹੀਦੀ ਤੋਂ ਬਾਅਦ ਦੁਰਗਾ ਭਾਬੀ ਇਕੱਲੀ ਪੈ ਗਈ।

ਪੰਜ ਸਾਲਾ ਬੇਟੇ ਸ਼ਚਿੰਦਰ ਨੂੰ ਪੜਾਉਣ ਦੇ ਉਦੇਸ਼ ਨਾਲ ਦੁਰਗਾ ਭਾਬੀ ਦਿੱਲੀ ਆ ਗਈ ਪਰ ਅੰਗਰੇਜ਼ ਸਰਕਾਰ ਤੇ ਪੁਲਿਸ ਉਨਾਂ ਨੂੰ ਪ੍ਰੇਸ਼ਾਨ ਕਰਦੀ ਰਹੀ, ਅਖੀਰ ਉਹ ਦਿੱਲੀ ਤੋਂ ਲਾਹੌਰ ਚਲੀ ਗਈ, ਪਰ ਇੱਥੇ ਵੀ ਉਹਨਾ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। 1935 ਤਕ ਉਹ ਬਹੁਤ ਪ੍ਰੇਸ਼ਾਨ ਰਹੀ, ਪਰ ਹੁਣ ਬ੍ਰਿਟਿਸ਼ ਸਰਕਾਰ ਦਾ ਪ੍ਰਭਾਵ ਘੱਟ ਗਿਆ ਸੀ।

ਉਹ ਕੁਝ ਸਮੇਂ ਲਈ ਗਾਜ਼ੀਆਬਾਦ ਦੇ ਇੱਕ ਸਕੂਲ ਵਿੱਚ ਅਧਿਆਪਕਾ ਰਹੀ ਤੇ ਫਿਰ ਦੁਬਾਰਾ ਦਿੱਲੀ ਆ, ਕਾਂਗਰਸ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ । ਪਰ ਇੱਥੇ ਕੁੱਝ ਕੁ ਮੌਕਾਪ੍ਰਸਤ ਲੋਕ, ਦੁਰਗਾ ਭਾਬੀ ਦੀ ਵਿਲੱਖਣ ਤੇ ਈਮਾਨਦਾਰ ਸ਼ਖਸੀਅਤ ਬਰਦਾਸ਼ਤ ਕਰਨ ਵਿੱਚ ਅਸਮ-ਰੱਥ ਸਨ ਅਤੇ ਇਸ ਸ਼ੇਰਨੀ ਨੇ ਸਿਧਾਂਤਾਂ ਨਾਲ ਸਮਝੌਤਾ ਕਰਨਾ ਤਾਂ ਸਿਖਿਆ ਹੀ ਨਹੀਂ ਸੀ, ਇਹਨਾਂ ਨੇ 1937 ਵਿੱਚ ਕਾਂਗਰਸ ਛੱਡ ਦਿੱਤੀ ਤੇ ਮਦਰਾਸ ਚਲੀ ਗਈ, ਮਾਰੀਆ ਮੌਂਟੇਸਰੀ ਤੋਂ ਮੌਂਟੇਸਰੀ ਵਿਧੀ ਦੀ ਸਿਖਲਾਈ ਲਈ ਅਤੇ 1940 ਵਿੱਚ ਸਿਰਫ ਪੰਜ ਬੱਚਿਆਂ ਦੇ ਨਾਲ ਮਾਂਟੈਸਰੀ ਸਕੂਲ, ਲਖਨਊ ਦੇ ਇੱਕ ਨਿੱਜੀ ਘਰ ਵਿੱਚ ਖੋਲਿਆ, ਅੱਜ ਇਹ ਸਕੂਲ ਲਖਨਊ ਦੇ ਮਸ਼ਹੂਰ ਮੋਂਟੇਸਰੀ ਇੰਟਰ ਕਾਲਜ ਵਜੋਂ ਜਾਣਿਆ ਜਾਂਦਾ ਹੈ।


ਆਜ਼ਾਦੀ ਤੋਂ ਬਾਅਦ, ਇਸ ਮਹਾਨ ਮਹਿਲਾ ਨੇਂ, ਲਗਭਗ 50 ਸਾਲ ਗੁਮਨਾਮ ਜਿੰਦਗੀ ਬਤੀਤ ਕੀਤੀ, ਤੁਸੀਂ ਹੈਰਾਨ ਅਤੇ ਸ਼ਰਮਿੰਦਾ ਹੋਵੋਗੇ ਕਿ, 14 ਅਕਤੂਬਰ 1999 ਨੂੰ ਗਾਜ਼ੀਆਬਾਦ ਚ ਇਸ ਭੈਣ ਦਾ ਚਲਾਣਾ ਹੋਇਆ ਤਾਂ ਉਸਦੇ ਗੁਆਂਢੀ ਵੀ ਇਸ ਮਹਾਨਾਇਕਾ ਦੀ ਸੁਨਹਿਰੀ ਕੁਰਬਾਨੀਆਂ ਤੋਂ ਅਣਜਾਣ ਸਨ।

ਦੁਰਗਾ ਭਾਬੀ, ਅੱਜ ਸਾਰਾ ਦੇਸ਼ ਤੁਹਾਡੀ ਬੇਅੰਤ ਕੁਰਬਾਨੀਆਂ ਅਤੇ ਬਹਾਦਰੀ ਲਈ ਤੁਹਾਡੇ ਜਨਮ ਦਿਹਾੜੇ, ਤੁਹਾਨੂੰ ਦਿੱਲੋਂ ਸਲਾਮ ਕਰਦਾ ਹੈ।

ਮੈਂ ਉਮੀਦ ਕਰਦਾ ਹਾਂ ਕਿ ਤੁਹਾਡਾ ਮਹਾਨ ਜੀਵਨ-ਸੰਘਰਸ਼, ਮੇਰੇ ਦੇਸ਼ ਦੀ ਜਵਾਨੀ ਨੂੰ ਦੇਸ਼ ਦੀ ਦਿਸ਼ਾ ਤੇ ਦਸ਼ਾ ਬਦਲਣ ਲਈ ਪ੍ਰੇਰਿਤ ਕਰੇਗਾ।

# ਸਾਹਰੁਖ ਖਾਨ ਦੇ ਮੁੰਡੇ ਦੀ ਗ੍ਰਿਫਤਾਰੀ- ਕੀ ਹੁੰਦੀ ਹੈ ਰੇਵ ਪਾਰਟੀ ?

**ਨਵੀਂ ਦਿੱਲੀ–** ਨਾਰਕੋਟਿਕਸ ਕੰਟਰੋਲ ਬਿਊਰੋ ਨੇ ਮੁੰਬਈ ਤੋਂ ਗੋਆ ਜਾ ਰਹੇ ਕਰੂਜ਼ ਸ਼ਿਪ 'ਤੇ ਛਾਪਾ ਮਾਰ ਕੇ ਹਾਈ ਪ੍ਰੋਫਾਈਲ ਰੇਵ ਪਾਰਟੀ ਦਾ ਭਾਂਡਾ ਭੰਨ੍ਹ ਦਿੱਤਾ ਹੈ। ਇਸ ਦੌਰਾਨ ਭਾਰੀ ਮਾਤਰਾ 'ਚ ਡਰੱਗ ਵੀ ਬਰਾਮਦ ਕੀਤਾ ਗਿਆ ਹੈ। ਹਾਲਾਂਕਿ, ਇਹ ਇਸ ਤਰ੍ਹਾਂ ਦਾ ਕੋਈ ਪਹਿਲਾਂ ਮਾਮਲਾ ਨਹੀਂ ਹੈ। ਦਿੱਲੀ, ਮੁੰਬਈ, ਬੈਂਗਲੁਰੂ ਸਮੇਤ ਕਈ ਸ਼ਹਿਰਾਂ 'ਚ ਰੋਜ਼ਾਨਾ ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਰੇਵ ਪਾਰਟੀਆਂ ਹੁੰਦੀਆਂ ਹਨ, ਜਿਥੇ ਖੁੱਲ੍ਹੇਆਮ ਆਯਾਸ਼ੀ ਦਾ ਪੂਰਾ ਇੰਤਜ਼ਾਮ ਹੁੰਦਾ ਹੈ। ਸ਼ਰਾਬ, ਡਰੱਗਸ ਅਤੇ ਨਾਚ-ਗਾਣੇ ਦੇ ਇਕ ਕਾਕਟੇਲ ਨੂੰ ਬੇਹੱਦ ਗੁਪਚੁੱਪ ਤਰੀਕੇ ਨਾਲ ਕਰਵਾਇਆ ਜਾਂਦਾ ਹੈ, ਜਿਸਦੀ ਕਿਸੇ ਨੂੰ ਭਿਣਕ ਤਕ ਨਹੀਂ ਲੱਗ ਪਾਉਂਦੀ। ਰੇਵ ਪਾਰਟੀਆਂ ਜ਼ਿਆਦਾਤਰ ਭੀੜਭਾੜ ਤੋਂ ਦੂਰ ਕਰਵਾਈਆਂ ਜਾਂਦੀਆਂ ਹਨ।



### ਕੀ ਹੁੰਦੀ ਹੈ ਰੇਵ ਪਾਰਟੀ

ਦੁਨੀਆ 'ਚ ਰੇਵ ਪਾਰਟੀਆਂ ਦੀ ਦੌਰ ਕਾਫੀ ਤੇਜ਼ੀ ਨਾਲ ਵੱਧਜਾ ਜਾ ਰਿਹਾ ਹੈ। ਮੰਨਿਆ ਜਾਂਦਾ ਹੈ ਕਿ 80 ਅਤੇ 90 ਦੇ ਦਹਾਕਿਆਂ 'ਚ ਹੀ ਇਨ੍ਹਾਂ ਪਾਰਟੀਆਂ ਦੀ ਸ਼ੁਰੂਆਤ ਹੋ ਗਈ ਸੀ। ਜੇਕਰ ਰੇਵ ਪਾਰਟੀ ਦੀ ਗੱਲ ਕਰੀਏ ਤਾਂ ਇਸਦਾ ਮਤਲਬ ਜੋਸ਼ ਅਤੇ ਮੌਜ ਮਸਤੀ ਨਾਲ ਭਰੀ ਮਹਿਫ਼ਲ ਤੋਂ ਹੈ। ਇਨ੍ਹਾਂ ਪਾਰਟੀਆਂ 'ਚ ਧੜੱਲੇ ਨਾਲ ਗ਼ੈਰ-ਕਾਨੂੰਨੀ ਡਰੱਗਜ਼ ਦਾ ਇਸਤੇਮਾਲ ਕੀਤਾ ਜਾਂਦਾ ਹੈ। ਬੇਹੱਦ ਗੁੱਪਚੁੱਪ ਤਰੀਕੇ ਨਾਲ ਹੋਣ ਵਾਲੀਆਂ ਇਨ੍ਹਾਂ ਪਾਰਟੀਆਂ 'ਚ ਰਈਸਜ਼ਾਦਿਆਂ ਦਾ ਮਜ਼ਮਾ ਲੱਗਾ ਹੁੰਦਾ ਹੈ। ਇਥੇ ਤੇਜ਼ ਮਿਊਜ਼ਿਕ ਵੱਜਦਾ ਹੈ। ਨਸ਼ੇ 'ਚ ਡੁੱਬੇ ਅਮੀਰਜ਼ਾਦੇ ਪੂਰੀ ਰਾਤ ਨਸ਼ਾ ਕਰਦੇ ਹਨ ਅਤੇ ਨੱਚਦੇ ਹਨ। ਇਨ੍ਹਾਂ ਪਾਰਟੀਆਂ 'ਚ ਜੰਮ ਕੇ ਪੈਸਾ ਵਹਿੰਦਾ ਹੈ। ਨਸ਼ੀਲੇ ਪਦਾਰਥ ਵੇਚਣ ਵਾਲਿਆਂ ਲਈ ਇਹ ਪਾਰਟੀਆਂ ਕਿਸੀ ਲਾਟਰੀ ਤੋਂ ਘੱਟ ਨਹੀਂ ਹੁੰਦੀਆਂ।

### ਕਿਹੜੇ-ਕਿਹੜੇ ਡਰੱਗ ਦਾ ਹੁੰਦਾ ਹੈ ਇਸਤੇਮਾਲ

ਰੇਵ ਪਾਰਟੀਆਂ 'ਚ ਹਰ ਕੋਈ ਸ਼ਾਮਿਲ ਨਹੀਂ ਹੋ ਸਕਦਾ ਹੈ। ਇਸਦੇ ਲਈ ਮੋਟੀ ਰਕਮ ਚੁਕਾਉਣੀ ਪੈਂਦੀ ਹੈ। ਇਨ੍ਹਾਂ ਪਾਰਟੀਆਂ 'ਚ ਗਾਂਜਾ, ਚਰਸ, ਕੋਕੀਨ, ਹਸ਼ੀਸ਼, ਐੱਲ ਐੱਸ ਡੀ, ਮੇਫੇਡ੍ਰੋਨ ਜਿਹੇ ਡਰੱਗਜ਼ ਦਾ ਇਸਤੇਮਾਲ ਹੁੰਦਾ ਹੈ। ਇਨ੍ਹਾਂ 'ਚੋਂ ਜ਼ਿਆਦਾ ਡਰੱਗਸ ਦਾ ਅਸਰ ਕਰੀਬ 7 ਤੋਂ 8 ਘੰਟਿਆਂ ਤਕ ਰਹਿ ਸਕਦਾ ਹੈ। ਰੇਵ ਪਾਰਟੀਆਂ 'ਚ ਜ਼ਿਆਦਾਤਰ ਡਰੱਗਜ਼ ਇਸਦੇ ਪ੍ਰਬੰਧਕ ਹੀ ਉਪਲੱਬਧ ਕਰਵਾਉਂਦੇ ਹਨ। ਇਸ ਤਰ੍ਹਾਂ ਦੀਆਂ ਪਾਰਟੀਆਂ 'ਚ ਸਿਰਫ਼ ਲੜਕੇ ਹੀ ਨਹੀਂ ਬਲਕਿ ਲੜਕੀਆਂ ਦੀ ਗਿਣਤੀ ਵੀ ਵੱਧ ਹੁੰਦੀ ਹੈ।

# ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਆਏ ਵਿਗਾੜਾਂ ਲਈ ਜ਼ਿੰਮੇਂਵਾਰ ਕੌਣ?

ਜਰਨਲ ਆਫ਼ ਦੀ ਇੰਡੀਅਨ ਸੋਸ਼ਲ ਸਾਇੰਸ ਇੰਸਟੀਚਿਊਸ਼ਨਜ਼ ਦੇ ਜੁਲਾਈ-ਸਤੰਬਰ 2021 ਦੇ ਅੰਕ ਵਿਚ ਡੀਪਾਰਟਮੈਂਟ ਆਫ਼ ਇਕਨੌਮਿਕਸ, ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡੀਵੈਲਮੈਂਟ ਚੰਡੀਗੜ੍ਹ ਦੇ ਪੀਐੱਚ.ਡੀ. ਸਕਾਲਰ ਕਰੀਤੀ ਜੈਨ ਅਤੇ ਸੀਨੀਅਰ ਪ੍ਰੋਫ਼ੈਸਰ ਸੁੱਚਾ ਸਿੰਘ ਗਿੱਲ ਦੇ ਛਪੇ ਇਕ ਖੋਜ ਪਰਚੇ "ਇਨਵਾਇਰਨਮੈਂਟ ਇਮਪੈਕਟਸ ਆਫ਼ ਗਰਾਊਂਡਵਾਟਰ ਇਰੀਗੇਸ਼ਨ ਇਕੌਨਮੀ : ਏ ਕੇਸ ਸਟੱਡੀ ਆਫ਼ ਇੰਡੀਅਨ ਪੰਜਾਬ" ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਨਾਲ ਚੱਲ ਰਹੇ ਖੇਤੀਬਾੜੀ ਢਾਂਚੇ ਵਿਚ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਂਦੇ ਆਦਾਨਾਂ ਦੇ ਵਾਤਾਵਰਨ ਨੂੰ ਸਦਾ ਦਰੁਸਤ ਰੱਖਣ ਦੇ ਸੰਬੰਧ ਵਿਚ ਵੱਖ ਵੱਖ ਪੱਖਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਅਧਿਐਨ ਪੰਜਾਬ ਦੇ 4 ਜ਼ਿਲ੍ਹਿਆਂ ਦੇ 320 ਕਿਸਾਨ ਪਰਿਵਾਰਾਂ ਦੇ ਸਰਵੇਖਣ ਉੱਪਰ ਆਧਾਰਿਤ ਹੈ। ਇਸ ਅਧਿਐਨ ਦੇ ਨਤੀਜੇ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਪੰਜਾਬ ਵਿਚ ਖੇਤੀਬਾੜੀ ਦੀਆਂ ਅਪਣਾਈਆਂ ਗਈਆਂ ਵਿਧੀਆਂ ਨਾ.ਲ ਵਾਤਾਵਰਨ ਨੂੰ ਦਰੁਸਤ ਨਹੀਂ ਰੱਖਿਆ ਜਾ ਸਕਿਆ ਹੈ। ਉੱਚੀ ਫ਼ਸਲੀ ਘਣਤਾ ਅਤੇ ਆਦਾਨਾਂ ਦੀ ਵਰਤੋਂ ਨਾ.ਲ ਭਰਪੂਰ ਖੇਤੀਬਾੜੀ ਢਾਂਚੇ ਦੁਆਰਾ ਧਰਤੀ, ਹਵਾ, ਪਾਣੀ, ਅਤੇ ਮਨੁੱਖਾਂ ਵਿਚ ਵਿਗਾੜ ਆਏ ਹਨ। ਭਾਵੇਂ ਮਸ਼ੀਨੀਕਰਨ ਨਾ.ਲ ਖੇਤੀਬਾੜੀ ਉਤਪਾਦਕਤਾ ਵਧੀ ਹੈ, ਪਰ ਇਸ ਕਾਰਨ ਵਾਤਾਵਰਨ ਵਿਚ ਵਿਗਾੜ ਆਏ ਹਨ। ਐੱਨ.ਸੀ. ਆਰ. ਅਤੇ ਇਸ ਨਾ.ਲ ਲੱਗਦੇ ਸੂਬਿਆਂ ਵਿਚ ਝੋਨੇ ਦੀ ਫ਼ਸਲ ਦੀ ਕਟਾਈ ਕਾਰਨ ਪੈਦਾ ਕੀਤੀ ਗਈ 'ਧੁਆਂਖੀ ਧੁੰਦ' ਕਾਰਨ ਸੜਕ ਹਾਦਸਿਆਂ ਅਤੇ ਸਿਹਤ ਸੰਬੰਧੀ ਆਫ਼ਤਾਂ ਕਾਰਨ ਹਰ ਇਕ ਸਾਲ ਵੱਡੀ ਗਿਣਤੀ ਵਿਚ ਮੌਤਾਂ ਹੁੰਦੀਆਂ ਹਨ। ਇਨ੍ਹਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਵਰਤਮਾਨ ਖੋਜ ਅਧਿਐਨ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਸਾਨਾਂ ਵਿਚ ਮਿੱਟੀ ਦੀ ਪਰਖ ਕਰਵਾਉਣ ਦੇ ਫ਼ਾਇਦੇ ਅਤੇ ਜੈਵਿਕ ਖਾਦਾਂ ਅਤੇ ਜੈਵਿਕ-ਕੀਟਨਾਸ਼ਕਾਂ ਦੀ ਵਰਤੋਂ ਸੰਬੰਧੀ ਜਾਗਰੂਕਤਾ ਫੈਲਾਉਣ ਦੀ ਸਖ਼ਤ ਜ਼ਰੂਰਤ ਹੈ। 'ਹਰੇ ਇਨਕਲਾਬ' ਕਾਰਨ ਉਪਜਾਊ ਭੂਮੀ ਘਟੀ ਹੈ, ਕੁਦਰਤੀ ਫ਼ਸਲੀ-ਵਿਭਿੰਨਤਾ ਨੂੰ ਵੀ ਢਾਹ ਲੱਗੀ ਹੈ ਜਿਸ ਦੇ ਨਤੀਜੇ ਵਜੋਂ ਪੰਜਾਬ ਨੂੰ ਬਹੁਤਾਤਾਂ ਦੀ ਜਗ੍ਹਾਂ ਥੁੜ੍ਹਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਵਿਗੜਦੇ ਵਾਤਾਵਰਨ ਲਈ ਕਿਸਾਨਾਂ ਦੀ ਅਗਿਆਨਤਾ ਨੂੰ ਕੇਂਦਰ ਬਿੰਦੂ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਇਸ ਵਿਚ ਭੋਰਾ ਵੀ ਸ਼ੱਕ ਨਹੀਂ ਹੈ ਕਿ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਧਰਤੀ, ਹਵਾ, ਪਾਣੀ, ਅਤੇ ਆਰਥਿਕਤਾ ਵਿਚ ਵੱਡੇ ਪੱਧਰ ਉੱਪਰ ਵਿਗਾੜ ਆਏ ਹਨ ਜਿਨ੍ਹਾਂ ਦਾ ਇੱਥੋਂ ਦੇ ਰਹਿਣ ਵਾ.ਲੇ ਜੀਵਾਂ ਦੀ ਜ਼ਿੰਦਗੀ ਉੱਪਰ ਮਾਰੂ ਅਸਰ ਹੋ ਰਿਹਾ ਹੈ। ਕੁਝ ਦਹਾਕੇ ਪਹਿਲਾਂ ਕੁਦਰਤੀ ਫ਼ਸਲੀ-ਵਿਭਿੰਨਤਾ ਦੇ ਸਦਕਾ ਇੱਥੋਂ ਦੀ ਧਰਤੀ ਉਪਜਾਊ, ਹਵਾ ਅਤੇ ਪਾਣੀ ਦੇ ਸ਼ੁੱਧ ਹੋਣ ਕਾਰਨ ਵਾਤਾਵਰਨ ਦਰੁਸਤ, ਅਤੇ ਵੱਖ-ਵੱਖ ਪੱਖਾਂ ਤੋਂ ਆਰਥਿਕਤਾ ਆਮ ਤੌਰ ਉੱਤੇ ਮੁਲਕ ਦੇ ਬਾਕੀ ਦੇ ਸਾਰੇ ਸੂਬਿਆਂ ਨਾਲੋਂ ਅੱਗੇ ਹੋਣ ਦੇ ਨਾ.ਲ ਨਾ.ਲ ਇੱਥੋਂ ਦੇ ਰਹਿਣ ਵਾ.ਲੇ ਲੋਕਾਂ ਦੇ ਸਮਾਜਿਕ ਸੰਬੰਧ ਬਹੁਤ ਨਿੱਘੇ ਸਨ।

ਮੁਲਕ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਅਤੇ ਦਿੱਤੀਆਂ ਸ਼ਹੀਦੀਆਂ ਵਿਚ ਭੂਗੋਲਿਕ ਤੌਰ ਉੱਤੇ ਬਹੁਤ ਹੀ ਛੋਟੇ ਜਿਹੇ (1.53 ਫ਼ੀਸਦ) ਸੂਬੇ ਦੇ ਰਹਿਣ ਵਾ.ਲੇ ਲੋਕਾਂ ਨੇ 80 ਫ਼ੀਸਦ ਤੋਂ ਵੱਧ ਹਿੱਸਾ ਪਾਇਆ। ਸਾਡੇ ਗਵਾਂਢੀ ਮੁਲਕ ਪਾਕਿਸਤਾਨ ਨਾ.ਲ ਲੱਗੀਆਂ ਤਿੰਨ ਜੰਗਾਂ ਵਿਚ ਪੰਜਾਬ ਦੇ ਲੋਕਾਂ ਨੇ ਤਨ, ਮਨ, ਅਤੇ ਧਨ ਦੇ ਪੱਖੋਂ ਸਲਾਘਾਯੋਗ ਯੋਗਦਾਨ ਪਾਇਆ। ਪੰਜਾਬ ਮੁਲਕ ਦਾ ਬਾਰਡਰ ਸੂਬਾ ਹੋਣ ਕਾਰਨ ਲਗਾਤਾਰ ਵੱਖ ਵੱਖ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਮਜਬੂਰ ਹੈ।

ਦੂਜੀ ਸੰਸਾਰ ਜੰਗ ਦੌਰਾਨ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਅਤੇ ਇਨ੍ਹਾਂ ਦੀਆਂ ਹੱਦੋਂ ਵੱਧ ਵਧਦੀਆਂ ਕੀਮਤਾਂ ਦਾ ਸਾਹਮਣਾ ਕਰ ਰਿਹਾ ਸੀ ਅਤੇ ਇਹ ਸਮੱਸਿਆਵਾਂ ਮੁਲਕ ਦੀ ਆਜ਼ਾਦੀ ਮੌਕੇ ਵੀ ਡਰਾ ਰਹੀਆਂ ਸਨ। ਪਹਿਲੀ ਪੰਜ ਸਾਲਾਂ ਯੋਜਨਾ (1951-56) ਦੌਰਾਨ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੇ ਜਾਣ ਸਦਕਾ ਇਨ੍ਹਾਂ ਸਮੱਸਿਆਵਾਂ ਉੱਤੇ ਪਾਇਆ ਜਾ ਸਕਿਆ। ਪਰ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਕੇਂਦਰ ਸਰਕਾਰ ਵੱਲੋਂ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਜਗ੍ਹਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦਿੱਤੇ ਜਾਣ ਕਾਰਨ ਮੁਲਕ ਨੂੰ ਮੁੜ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ। 1964-66 ਦਰਮਿਆਨ ਦੇ ਦੋ ਸਾਲਾਂ ਵਿਚ ਮੁਲਕ ਦੇ ਜ਼ਿਆਦਾ ਭਾਗਾਂ ਵਿਚ ਸੋਕਾ ਪੈਣ ਕਾਰਨ ਅਨਾਜ ਪਦਾਰਥਾਂ ਦੀ ਥੁੜ੍ਹ ਵਿਚ ਭਾਰੀ ਵਾਧਾ ਹੋਇਆ। ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਇੰਨੀ ਜ਼ਿਆਦਾ ਵਧ ਗਈ ਸੀ ਕਿ ਉਸ ਸਮੇਂ ਦੀ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਵੀ ਸਾਹਮਣਾ ਕਰਨਾ ਪਿਆ। ਆਖ਼ੀਰ ਵਿਚ ਜਾਕੇ ਕੇਂਦਰ ਸਰਕਾਰ ਨੇ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਾਵਇਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਕੀਤਾ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾ.ਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨ-ਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇੱਕ ਪੁਲੰਦਾ ਸੀ। ਕੇਂਦਰ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਲੈਣ ਤੋਂ ਬਾਅਦ ਮੁਲਕ ਦੇ ਵੱਖ ਵੱਖ ਖੇਤਰਾਂ ਦੇ ਵੱਖ ਵੱਖ ਪਹਿਲੂਆਂ ਦਾ ਅਧਿਐਨ ਕਰਦੇ ਹੋਏ ਇਸ ਜੁਗਤ ਨੂੰ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰੀ ਦੁਆਰਾ ਕੀਤੀ ਜਾਂਦੀ ਸਖ਼ਤ ਮਿਹਨਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ-ਉਪਜਾਊ ਭੂਮੀ, ਧਰਤੀ ਹੇਠਲੇ ਪਾਣੀ ਦਾ ਠੀਕ ਪੱਧਰ, ਵੱਖ ਵੱਖ ਫ਼ਸਲਾਂ ਲਈ ਢੁਕਵੀਆਂ ਜਲਵਾਯੂ ਹਾਲਤਾਂ ਆਦਿ ਨੂੰ ਧਿਆਨ ਵਿਚ ਰੱਖਦੇ ਹੋਏ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕੀਤਾ। ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀ ਮਿਹਨਤ ਅਤੇ ਇਥੋਂ ਦੇ ਅਮੀਰ ਕੁਦਰਤੀ ਸਾਧਨਾਂ ਦੀ ਲੋੜੋਂ ਵੱਧ ਵਰਤੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਉੱਪਰ ਕਾਬੂ ਪਾਉਣ ਵਿਚ ਇੰਨੇ ਜ਼ਿਆਦਾ ਕਾਮਯਾਬ ਹੋਏ ਕਿ ਉਸ ਸਮੇਂ ਦੀ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ।

ਪੰਜਾਬ ਵਿਚ ਸ਼ੁਰੂ ਕੀਤੀ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਅਧੀਨ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ, ਜਿਸ ਨੂੰ ਲੰਮੇ ਸਮੇਂ ਲਈ ਬਣਾਏ ਰੱਖੇ ਜਾ ਸਕਿਆ, ਜਿਸ ਨਾ.ਲ ਕੁਝ ਬੁਨਿਆਦੀ ਤਬਦੀਲੀਆਂ ਆਈਆਂ, ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ। ਕੇਂਦਰ ਸਰਕਾਰ ਨੇ ਪੰਜਾਬ ਦੁਆਰਾ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ। ਝੋਨੇ ਦੀ ਫ਼ਸਲ ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਂ ਫ਼ਸਲ ਨਹੀਂ ਸੀ। ਉਸ ਸਮੇਂ ਦੌਰਾਨ ਸਾਉਣੀ ਦੌਰਾਨ ਮੁੱਖ ਤੌਰ ਉੱਤੇ ਕਪਾਹ-ਨਰਮਾ, ਅਤੇ ਮੱਕੀ ਦੀਆਂ ਫ਼ਸਲਾਂ ਪ੍ਰਮੁੱਖ ਸਨ ਅਤੇ ਕੁਝ ਇਕ ਸ਼ਿਵਾਲਕ ਨੀਮ ਪਹਾੜੀ ਖੇਤਰਾਂ ਵਿਚ ਬਾਸਮਤੀ ਝੋਨੇ ਦੀ ਲਵਾਈ ਹੁੰਦੀ ਸੀ। ਸਾਉਣੀ ਦੀਆਂ ਹੋਰ ਖੇਤੀਬਾੜੀ ਜਿਨਸਾਂ ਦੇ ਮੁਕਾਬਲੇ ਵਿਚ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵੱਧ ਰੱਖਣ ਅਤੇ ਸਰਕਾਰ ਦੁਆਰਾ ਇਸ ਦੀ ਖ਼ਰੀਦਦਾਰੀ ਦੇ ਯਕੀਨੀ ਬਣਾਏ ਜਾਣ ਕਾਰਨ ਕਣਕ ਅਤੇ ਝੋਨਾ ਪੰਜਾਬ ਦੀਆਂ ਮੁੱਖ ਫ਼ਸਲਾਂ ਬਣ ਗਈਆਂ ਅਤੇ ਬਣੀਆਂ ਹੋਈਆਂ ਹਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀ ਮਿਹਨਤ ਅਤੇ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਲੋੜਾਂ ਤੋਂ ਕਿਤੇ ਵੱਧ ਵਰਤੋਂ ਨੇ ਕੇਂਦਰ ਸਰਕਾਰ ਦਾ ਅਨਾਜ ਭੜੋਲਾ ਤਾਂ ਨੱਕੋ-ਨੱਕ ਭਰੀ ਰੱਖਿਆ ਹੈ, ਪਰ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ ਹਨ।



ਪੰਜਾਬ ਵਿਚ ਖੇਤੀਬਾੜੀ ਉਤਪਾਦਨ ਵਿਚ ਵਰਤੀਆਂ ਜਾਣ ਵਾ.ਲੀਆਂ ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਇਣਾਂ, ਅਤੇ ਝੋਨੇ ਦੀ ਫ਼ਸਲ ਲਈ 'ਛੱਪੜ ਸਿੰਚਾਈ' ਵਿਧੀ ਕਾਰਨ ਇੱਥੋਂ ਦੀ ਭੂਮੀ ਦੀ ਉਪਜਾਊ ਸ਼ਕਤੀ ਲਗਾਤਾਰ ਘਟੀ ਅਤੇ ਘਟ ਰਹੀ ਹੈ। ਇਸ ਤੋਂ ਬਿਨਾਂ ਕੁਝ ਭੂਮੀ ਜਾਂ ਤਾਂ ਬੰਜਰ ਹੋ ਗਈ ਹੈ ਜਾਂ ਬੰਜਰ ਹੋਣ ਦੇ ਕਿਨਾਰੇ ਹੈ। ਰਸਾਇਣਾਂ, ਝੋਨੇ ਲਈ 'ਛੱਪੜ ਸਿੰਚਾਈ' ਅਤੇ ਮਜਬੂਰੀਵੱਸ ਝੋਨੇ ਦੀ ਪਰਾਲੀ ਅਤੇ ਕਣਕ ਦੀ ਨਾੜ ਨੂੰ ਅੱਗ ਲਗਾਉਣਾ ਇੱਥੋਂ ਦੇ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੇ ਹਨ। ਅੱਜਕਲ੍ਹ ਪੰਜਾਬ ਦਾ ਰੋਮ ਰੋਮ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਇੱਥੇ ਰਹਿਣ ਵਾਲੇ ਜੀਵ ਅਕਸਰ ਅਣਗਿਣਤ ਖ਼ਤਰਨਾਕ ਅਤੇ ਜਾਨਲੇਵਾ ਬਿਮਾਰੀਆਂ ਦੀ ਲਪੇਟ ਵਿਚ ਆਏ ਰਹਿੰਦੇ ਹਨ।

ਮੁਲਕ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਅਤੇ ਉਸਦੇ ਮਿਆਰ ਦੇ ਪੱਖੋਂ ਪੰਜਾਬ ਮੁਲਕ ਦੇ ਸਾਰੇ ਸੂਬਿਆਂ ਵਿਚੋਂ ਅੱਵਲ ਸੀ। ਝੋਨੇ ਦੀ ਫ਼ਸਲ ਲਵਾਈ/ਬਿਜਾਈ ਕਾਰਨ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਚਲਿਆ ਗਿਆ। ਡਾ. ਗਿਆਨ ਸਿੰਘ (ਲੇਖਕ), ਡਾ. ਸੁਰਿੰਦਰ ਸਿੰਘ, ਅਤੇ ਹਰਵਿੰਦਰ ਸਿੰਘ ਦੁਆਰਾ ਕੀਤਾ ਗਿਆ ਖੋਜ ਅਧਿਐਨ 'ਗਰਾਊਂਡਵਾਟਰ ਡਿਵੈਲਪਮੈਂਟ ਇਨ ਪੰਜਾਬ' ਤੋਂ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਜਿਨ੍ਹਾਂ ਖੇਤਰਾਂ ਵਿਚ ਕਣਕ-ਝੋਨੇ ਦੀਆਂ ਫ਼ਸਲਾਂ ਬੀ-ਜੀਆਂ/ਲਾਈਆਂ ਜਾਂਦੀਆਂ ਹਨ ਉਹ ਖੇਤਰਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਗਿਆ ਹੈ। ਇਹ ਖੇਤਰ ਪੰਜਾਬ ਤਿੰਨ-ਚੌਥਾਈ ਤੋਂ ਵੱਧ ਹਨ। 1960-61 ਵਿਚ ਪੰਜਾਬ ਵਿਚ ਸਿਰਫ਼ 7445 ਟਿਊਵੈੱਲ ਸਨ ਅਤੇ ਵਰਤਮਾਨ ਸਮੇਂ ਦੌਰਾਨ ਝੋਨੇ ਦੀ ਲਵਾਈ ਕਾਰਨ ਇਨ੍ਹਾਂ ਦੀ ਗਿਣਤੀ 15 ਲੱਖ ਦੇ ਕਰੀਬ ਹੋ ਗਈ ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਕਾਰਨ ਮੋਨੋਬਲਾਕ ਮੋਟਰਾਂ ਕੰਮ ਛੱਡ ਗਈਆਂ ਜਿਸ ਦੇ ਨਤੀਜੇ ਵਜੋਂ ਸਬਮਰਸੀਬਲ ਮੋਟਰਾਂ ਲਾਉਣੀਆਂ ਪਈਆਂ ਜਿਨ੍ਹਾਂ ਦੀਆਂ ਉੱਚੀਆਂ ਕੀਮਤਾਂ ਅਤੇ ਉਨ੍ਹਾਂ ਦੇ ਲਗਾਤਾਰ ਡੂੰਘੇ ਹੋ ਰਹੇ ਬੋਰਾਂ ਉੱਪਰ ਵਧ ਰਹੇ ਖ਼ਰਚ ਕਿਸਾਨਾਂ ਸਿਰ ਕਰਜ਼ੇ ਦਾ ਇਕ ਕਾਰਨ ਬਣ ਗਏ ਹਨ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਪੰਜਾਬ ਵਿਚ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਖੇਤੀਬਾੜੀ ਰੁਜ਼ਗਾਰ ਨੂੰ ਵੱਡੀ ਢਾਹ ਲਾਈ ਹੈ। ਇਸਦਾ ਮਾਰੂ ਅਸਰ ਖੇਤੀਬਾੜੀ ਖੇਤਰ ਉੱਪਰ ਨਿਰਭਰ ਸਾਰੇ ਵਰਗਾਂ ਉੱਤੇ ਹੋਇਆ ਹੈ, ਪਰ ਇਸਦੀ ਵੱਡੀ ਮਾਰ ਸੀਮਾਂਤ, ਅਤੇ ਛੋਟੇ ਕਿਸਾਨਾਂ, ਬੇਜ਼ਮੀਨ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਕਾਰੀਗਰਾਂ ਉੱਪਰ ਪਈ ਹੈ।

ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਹੇਠਲੇ ਉਹ ਦੋ ਡੰਡੇ ਹਨ ਜੋ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨ੍ਹਾਂ ਨੂੰ ਠੰਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਇਨ੍ਹਾਂ ਵਰਗਾਂ ਕੋ.ਲ ਆਪਣੀ ਕਿਰਤ ਨੂੰ ਵੇਚਣ ਤੋਂ ਬਿਨਾਂ ਉਤਪਾਦਨ ਦਾ ਕੋਈ ਹੋਰ ਸਾਧਨ ਨਹੀਂ ਹੈ।

ਆਰਥਿਕਤਾ ਦੇ ਪੱਖੋਂ ਲੰਮੇ ਸਮੇਂ ਲਈ ਪੰਜਾਬ ਮੁਲਕ ਦਾ ਅੱਵਲ ਸੂਬਾ ਰਿਹਾ ਹੈ। ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ, ਦੀਆਂ ਖੇਤੀਬਾੜੀ ਨੀਤੀਆਂ ਕਾਰਨ ਪੰਜਾਬ ਦਾ ਦਰਜਾ ਬਹੁਤ ਥੱਲੇ ਆ ਗਿਆ ਹੈ। ਪੰਜਾਬ ਦੇ ਨੌਜਵਾਨ ਬੱਚੇ ਰੁਜ਼ਗਾਰ ਦੀ ਅਣਹੋਂਦ ਅਤੇ ਪ੍ਰਾਪਤ ਰੁਜ਼ਗਾਰ ਦੇ ਬਹੁਤ ਹੀ ਨੀਵੇਂ ਮਿਆਰ ਕਾਰਨ ਵਿਦੇਸ਼ਾਂ ਨੂੰ ਜਾ ਰਹੇ ਹਨ। ਅਜਿਹਾ ਵਰਤਾਰਾ ਪੰਜਾਬ ਨੂੰ ਬੌਧਿਕ ਅਤੇ ਪੂੰਜੀ ਹੂੰਝਿਆਂ ਦੇ ਨਾ.ਲ ਨਾ.ਲ ਜਨਸੰਖਿਅਕ ਲਾਭ ਅੰਸ਼ ਤੋਂ ਵਿਹੂਣਾ ਕਰ ਰਿਹਾ ਹੈ ਜਿਸ ਦੀ ਲੋਕ ਅੱਜਕਲ ਬਹੁਤ ਵੱਡੀ ਕੀਮਤ ਦੇ ਰਹੇ ਹਨ ਅਤੇ ਇਹ ਵਰਤਾਰਾ ਆਉਣ ਵਾ.ਲੇ ਸਮੇਂ ਵਿਚ ਕਿਹੜੀਆਂ ਹੋਰ ਸਮੱਸਿਆ/ਵਿਗਾੜ ਪੈਦਾ ਕਰੇਗਾ ਉਸਦਾ ਆਸਾਨੀ ਨਾ.ਲ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਉੱਪਰਲੇ ਤੱਥਾਂ, ਉਨ੍ਹਾਂ ਦੇ ਵਿਸ਼ਲੇਸ਼ਣ ਅਤੇ ਕਿਸਾਨ ਸੰਘਰਸ਼ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਕਿਸਾਨ ਅਤੇ ਖੇਤੀਬਾੜੀ ਨਾ.ਲ ਸੰਬੰਧਿਤ ਹੋਰ ਵਰਗ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਂਦੇ ਆਦਾਨਾਂ ਬਾਰੇ ਬਹੁਤ ਚੰਗੀ ਤਰ੍ਹਾਂ ਜਾਣੂ ਹਨ, ਇਸ ਲਈ ਉਨ੍ਹਾਂ ਨੂੰ ਜਾਗਰੂਕ ਕਰਨ ਅਤੇ ਸਿਖਲਾਈ ਦੇਣ ਬਾਰੇ ਨਸ਼ੀਹਤਾਂ ਕੋਈ ਵੀ ਅਰਥ ਨਹੀਂ ਰੱਖਦੀਆਂ ਹਨ। ਪੰਜਾਬ ਦੀ ਧਰਤੀ, ਹਵਾ, ਪਾਣੀ, ਅਤੇ ਆਰਥਿਕਤਾ ਦੇ ਵਿਗਾੜਾਂ ਉੱਪਰ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ, ਅਪਣਾ ਫਰਜ਼ ਨਿਭਾਉਣ ਤਾਂ ਕਿ ਮੁਲਕ ਦੀ ਅਨਾਜ ਸੁਰੱਖਿਆ ਖ਼ਤਰੇ ਵਿਚ ਨਾ ਪਵੇ।

# ਕਿਸਾਨ ਫਸਲ ਬੀਮਾ ਯੋਜਨਾ ਪੰਜਾਬ ਗੁਆਂਢੀ ਸੂਬੇ ਹਰਿਆਣਾ ਵਿੱਚ ਲਾਗੂ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਵਲੋਂ ਵੀ ਚਾਲੂ ਕੀਤੀ ਜਾਵੇ-ਰਾਜੇਸ਼ ਬਾਘਾ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ ਨੇ ਮਾਲਵੇ ਵਿੱਚ ਕਿਸਾਨਾਂ ਦੀ ਗੁਲਾਬੀ ਸੁੰਡੀ ਵਲੋਂ ਨੁਕਸਾਨੀਆਂ ਗਈਆਂ ਨਰਮੇ ਦੀਆਂ ਫਸਲਾਂ ' ਤੇ ਕਿਹਾ ਕਿ ਇਹ ਸਭ ਕੁਝ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੀ ਪੰਜਾਬ ਕਾਂਗਰਸ ਦੀ ਸਰਕਾਰ ਵੱਲੋਂ ਕੀਤੇ ਗਏ ਨਕਲੀ ਬੀਜ ਘੁਟਾਲਿਆਂ, ਖਾਦ ਘੁਟਾਲਿਆਂ, ਨਕਲੀ ਦਵਾਈਆਂ ਦੇ ਘੁਟਾਲਿਆਂ ਅਤੇ ਕਿਸਾਨਾਂ ਨਾਲ ਕੀਤੇ ਧੋਖੇ ਦਾ ਨਤੀਜਾ ਹੈ। ਜਿਸ ਕਾਰਨ ਬਹੁਤ ਸਾਰੇ ਕਿਸਾਨਾਂ ਨੇ ਆਪਣੀ ਫਸਲ ਨੂੰ ਹੋਏ ਨੁਕਸਾਨ ਨੂੰ ਵੇਖਦਿਆਂ ਫਸਲਾਂ ਨੂੰ ਵਾਹ ਦਿੱਤਾ ਹੈ। ਰਾਜੇਸ਼ ਬਾਘਾ ਨੇ ਕਿਹਾ ਕਿ ਕਿਸਾਨਾਂ ਦਾ ਬਹੁਤ ਵਿੱਤੀ ਨੁਕਸਾਨ ਹੋਇਆ ਹੈ ਅਤੇ ਇਸ ਦੀ ਭਰਪਾਈ ਕੌਣ ਕਰੇਗਾ?

ਉਨ੍ਹਾਂ ਕਿਹਾ ਕਿ ਸੂਬੇ ਦੀ ਕਾਂਗਰਸ ਸਰਕਾਰ ਦਾ ਖਜਾਨਾ ਖਾਲੀ ਹੈ ਅਤੇ ਅਜਿਹੀ ਸਥਿਤੀ ਵਿੱਚ ਕਿਸਾਨਾਂ ਨੂੰ ਮੁਆਵਜਾ ਕੌਣ ਅਤੇ ਕਿਵੇਂ ਦੇਵੇਗਾ? ਰਾਜੇਸ਼ ਬਾਘਾ ਨੇ ਕੇਂਦਰ ਦੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਤੋਂ ਮੰਗ ਕੀਤੀ ਕਿ ਉਹ ਖੁਦ ਇਸ ਮਾਮਲੇ ਵਿੱਚ ਦਾ ਇਲਾਜ ਲੱਭਣ ਤਾਕਿ ਆਉਣ ਵਾਲੇ ਸੀਜਨ ਵਿੱਚ ਕਿਸਾਨਾਂ ਦੀਆਂ ਫਸਲਾਂ ਨੂੰ ਕਿਸੇ ਵੀ ਤਰੀਕੇ ਦੀ ਬਰਬਾਦੀ ਤੋਂ ਬਚਾਇਆ ਜਾ ਸਕੇ ਰਾਜੇਸ਼ ਬਾਘਾ ਨੇ ਕਿਹਾ ਕਿ ਪੰਜਾਬ ਦੇ ਖੇਤੀਬਾੜੀ ਮੰਤਰੀ ਅਤੇ ਉਨ੍ਹਾਂ ਦਾ ਵਿਭਾਗ ਆਪਣੀ ਨਾਕਾਮੀ ਲੁਕਾਉਣ ਲਈ ਘੱਟ ਨੁਕਸਾਨ ਦੱਸ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਦੋਸ਼ ਹੈ ਕਿ ਇਸ ਵਾਰ ਉਨ੍ਹਾਂ ਨੂੰ ਨਕਲੀ ਨਰਮੇ ਦੇ ਬੀਜ ਦਿੱਤੇ ਗਏ ਹਨ, ਜਿਸ ਕਾਰਨ ਫਸਲ ' ਤੇ ਹਮਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵਿਰੁੱਧ ਕਿਸਾਨਾਂ ਨੇ ਫਸਲਾਂ ਦੀ ਬਰਬਾਦੀ ਨੂੰ ਲੈ ਕੇ ਗੁਲਾਬੀ ਕੀੜੇ ਕਾਰਨ ਬਰਬਾਦ ਦੀ 80 ਤੋਂ 90 ਫੀਸਦੀ ਫਸਲ ਨੁਕਸਾਨੀ ਗਈ ਹੈ। ਕਿਸਾਨਾਂ ਨੇ ਸਰਕਾਰ ਤੋਂ ਮੁਆਵਜੇ ਦੀ ਮੰਗ ਕੀਤੀ ਹੈ, ਪਰ ਹੁਣ ਤੱਕ ਖੋਖਲੇ ਵਾਅਦਿਆਂ ਨੂੰ ਛੱਡ ਕੇ



ਕਾਂਗਰਸ ਸਰਕਾਰ ਵੱਲੋਂ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ। ਰਾਜੇਸ਼ ਬਾਘਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਫਸਲਾਂ ਦੀ ਬਰਬਾਦੀ ਹੋਣ ਦੀ ਸੂਰਤ ਵਿੱਚ ਕਿਸਾਨਾਂ ਦੀ ਭਰਪਾਈ ਲਈ ਕਿਸਾਨ ਫਸਲ ਬੀਮਾ ਯੋਜਨਾ ਸੁ਼ਰੂ ਕੀਤੀ ਸੀ।

ਇਹ ਸਕੀਮ ਪੰਜਾਬ ਗੁਆਂਡੀ ਸੂਬੇ ਹਰਿਆਣਾ ਵਿੱਚ ਲਾਗੂ ਕੀਤੀ ਗਈ ਹੈ ਅਤੇ ਉੱਥੋਂ ਦੇ ਕਿਸਾਨ ਇਸ ਦਾ ਲਾਭ ਲੈ ਰਹੇ ਹਨ। ਕਿਸਾਨ ਆਪਣੇ ਮਰਜੀ ਮੁਤਾਬਿਕ ' ਫਸਲ ਬੀਮਾ ਯੋਜਨਾ ਦਾ ਲਾਭ ਲੈਣ ਲਈ ਬਹੁਤ ਘੱਟ ਫੀਸ 'ਤੇ ਇਹ ਬੀਮਾ ਲੈ ਸਕਦੇ ਹਨ ਇਸ ਦੇ ਲਈ ਉਨ੍ਹਾਂ 'ਤੇ ਕੋਈ ਜਬਰਦਸਤੀ ਨਹੀਂ ਹੈ ਪਰ ਇਹ ਪੰਜਾਬ ਦੇ ਕਿਸਾਨਾਂ ਦੀ ਬਦਕਿਸਮਤੀ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ, ਜੋ ਆਪਣੇ ਆਪ ਨੂੰ ਕਿਸਾਨ ਹਿਤੈਸੀ ਦੱਸਦੀ ਹੈ, ਨੇ ਇਸ 'ਕਿਸਾਨ ਫਸਲ ਬੀਮਾ ਯੋਜਨਾ' ਨੂੰ ਪੰਜਾਬ ਵਿੱਚ ਲਾਗੂ ਨਹੀਂ ਕੀਤਾ।

## 1 ਅਕਤੂਬਰ 1873 'ਤੇ ਵਿਸ਼ੇਸ਼

# ਸਿੰਘ ਸਭਾ ਲਹਿਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

29 ਮਾਰਚ 1849 ਨੂੰ ਪੰਜਾਬ ਤੋਂ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਨੇ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ-ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਿਆਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ। ਪਰ ਗੁਰੂ ਡੰਗ ਦਾ ਜ਼ੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿਹਨਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14, 15, 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ, ਪੰਡਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖਰਾਜ ਆਦਿ ਨੇ ਅੰਗਰੇਜ਼ੀ ਸ਼ਹਿ ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਗਿਆਨੀ ਗਿਆਨ ਸਿੰਘ, ਸਕੱਤਰ ਸ. ਅਮਰ ਸਿੰਘ, ਮੀਤ ਸਕੱਤਰ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ, ਖਜਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਸੀ। ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ। ਪਰ ਇਸਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸ. ਠਾਕੁਰ ਸਿੰਘ ਸਿੱਖੀ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜੋਸ਼ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ। ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ :

1. ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ। 4. ਪੰਜਾਬੀ ਬੋਲੀ ਵਿਚ ਅਖ਼ਬਾਰ ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਦੇ ਸਰਕਾਰੀ ਅਫਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਿਕ ਵਿੱਦਿਆ ਦੇ ਕੇ ਹਰ ਪੱਖ ਤੋਂ ਜਾਗਰਿਤ ਕਰਨਾ।
7. ਹਕੂਮਤ ਨਾਲ ਟਕਰਾਅ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ, ਜਿੱਥੇ ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਿਤ ਕੀਤਾ। ਇਸ ਵਿਸ਼ੇ ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਕਿ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦਾ ਵੇਰਵਾ ਦਿੱਤਾ।
2. ਵਿੱਦਿਅਕ ਪੰਜਾਬ- ਵਿਦਿਆ ਸਬੰਧੀ ਪ੍ਰਚਾਰ ਹੋਇਆ।
3. ਸੰਨ 1885 ਵਿਚ ਖਾਲਸਾ ਅਖ਼ਬਾਰ।
4. ਸੰਨ 1996 ਵਿਚ ਰਸਾਲਾ ਸੁਧਾਰਕ- ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਖਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ-ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜ੍ਹੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ। ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਕੀਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1876 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। 12 ਨਵੰਬਰ 1879 ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ, ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਜਿਸਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਦੇ ਯਤਨਾਂ ਨਾਲ ਥੋੜ੍ਹੇ ਚਿਰ ਵਿਚ ਹੀ 268 ਮੈਂਬਰਾਂ ਦੀ ਗਿਣਤੀ ਹੋ ਗਈ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ 'ਸਪਤਾਹਿਕ' ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਗੁਰਮੁਖੀ ਅਖ਼ਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ-ਕੋਨੇ 'ਤੇ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ। ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1990 ਦੀ ਸਥਿਤੀ ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੀ ਸੰਭਾਲ ਲਈ ਪੁਜਾਰੀਆਂ ਦਾ ਸੁਧਾਰ ਕਰਨਾ ਵੀ ਸੀ, ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ, ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਹਨਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਂ ਦੇ ਕੇ 'ਖਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

**ਅੰਤਿਕਾ-** ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅੱਪੜੇ। ਜਿਵੇਂ 'ਖਾਲਸਾ ਦੀਵਾਨ ਅੰਮ੍ਰਿਤਸਰ' ਤੋਂ ਬਾਅਦ 'ਖਾਲਸਾ ਦੀਵਾਨ ਲਾਹੌਰ', 'ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ' ਨੇ ਗੁਰਮਰਿਆਦਾ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਮਾ ਇਤਿਹਾਸ ਹੈ।

## ਚੱਕੀ ਬਾਬੇ ਦੀ!

ਹਾਕਮ ਹੁੰਦਿਆਂ ਜਿਨ੍ਹਾਂ ਨੇ ਹਜ਼ਮ ਕੀਤੀ
ਸ਼ਬਦ-ਗੁਰੂ ਦੀ ਹੋਈ ਤੌਹੀਨ ਦੇਖੋ।

ਥਾਂਹ ਤੀਸਰੇ ਡਿਗਿਆਂ ਨੂੰ ਮਿਲ਼ੀ ਨਾਹੀਂ
ਪੈਰ ਰੱਖਣ ਲਈ ਹਾਲੇ 'ਜ਼ਮੀਨ' ਦੇਖੋ।

ਲੈ ਕੇ ਵੋਟਾਂ ਬਿਅਦਬੀ ਦੇ ਹਿਰਖਿਆਂ ਤੋਂ
ਹੁਣ 'ਗ਼ੈਰਾਂ' ਦਰ ਫਿਰਦੇ ਦਾ 'ਸੀਨ' ਦੇਖੋ।

ਏਸ ਮੁੱਦੇ 'ਤੇ ਜਿਨ੍ਹੇਂ ਵੀ ਕਪਟ ਕੀਤਾ
ਪੈਣੀ ਮੰਨਣੀ ਅੰਤ ਨੂੰ 'ਈਨ' ਦੇਖੋ।

ਕੁਦਰਤ ਜਦੋਂ ਨਿਆਂ ਹੈ ਆਪ ਕਰਦੀ
ਪਾਉਂਦੀ ਨੇੜੇ ਦੀ ਫੇਰ 'ਤਰੀਕ' ਯਾਰੋ।

'ਚੱਕੀ ਬਾਬੇ ਦੀ' ਚਲਦੀ ਬੇਸ਼ੱਕ ਹੌਲ਼ੀ
ਐਪਰ ਪੀਂਹਦੀ ਐ ਬਹੁਤ ਬਰੀਕ ਯਾਰੋ!

-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268



# ਕਿਵੇਂ ਦੂਰ ਹੋ ਸਕਦਾ ਹੈ ਵਿਚਾਰਧਾਰਕ ਹਨੇਰਾ



ਹਰਕੀਰਤ ਕੌਰ
91-97791-18066

ਹਨੇਰੇ ਨੂੰ ਵੇਖ ਮਨੁੱਖ ਦਾ ਮਨ ਹਮੇਸ਼ਾ ਤਰਲੋਮੱਛੀ ਹੋ ਉੱਠਦਾ ਹੈ। ਜਦ ਪਹਿਲੀ ਵਾਰ ਮਨੁੱਖ ਨੇ ਸੂਰਜ ਨੂੰ ਛੁਪਦਿਆਂ ਵੇਖਿਆ ਤਾਂ ਮਨੁੱਖ ਬੇਚੈਨ ਹੋ ਇਹ ਸੋਚਣ ਲੱਗਾ ਕਿ ਸ਼ਾਇਦ ਹਨੇਰੇ ਦੀ ਪਸਰੀ ਇਹ ਕਾਲੀ ਡਰਾਉਣੀ ਚਾਦਰ ਦੂਰ ਹੀ ਨਹੀਂ ਹੋਵੇਗੀ! ਸ਼ਾਇਦ ਕਦੇ ਹੁਣ ਰੋਸ਼ਨੀ ਨਾਲ ਭਰੀ ਸਵੇਰ ਦੁਬਾਰਾ ਦਸਤਕ ਹੀ ਨਹੀਂ ਦੇਵੇਗੀ।

ਪਰ ਦੂਰ ਕਿਤੇ ਝੋਪੜੀ ਵਿੱਚ ਬਲਦੇ ਦੀਵੇ ਨੇ ਮਨੁੱਖ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਮੈਂ ਇੱਕ ਛੋਟਾ ਜਿਹਾ ਦੀਪ ਹਾਂ, ਮੈਂ ਆਪਣੀ ਸਮਰੱਥਾ ਅਨੁਸਾਰ ਜਿੰਨੀ ਜਗ੍ਹਾ ਵਿੱਚ ਚਾਨਣ ਕਰ ਸਕਾਂਗਾ ਕਰਾਂਗਾ, ਸਮਾਂ ਬੀਤਦਾ ਗਿਆ ਤੇ ਹਨੇਰੇ ਦੀ ਕਾਲੀ ਬੌਲੀ ਰਾਤ ਨੂੰ ਲੋਕਾਂ ਨੇ ਘਰਾਂ ਵਿੱਚ ਛੋਟੇ ਛੋਟੇ ਦੀਪ ਬਾਲ ਰੁਸ਼ਨਾ ਲਿਆ। ਇਹ ਹਨੇਰਾ ਇੱਕ ਕੁਦਰਤ ਦੀ ਪ੍ਰਕਿਰਿਆ , ਕੁਦਰਤ ਦੇ ਨਿਯਮ ਵਿੱਚ ਬੱਝਾ ਹੋਇਆ ਹਨੇਰਾ ਹੈ, ਇਸ ਹਨੇਰੇ ਨੇ ਆਪਣੇ ਬੱਝਵੇਂ ਸਮੇਂ ਉਪਰੰਤ ਦੂਰ ਹੋਣਾ ਹੀ ਹੁੰਦਾ ਹੈ, ਪਰ ਗੱਲ ਤਾਂ ਸਾਡੀ ਵਿਚਾਰਧਾਰਾ ਵਿੱਚ ਪਸਰ ਰਹੇ ਹਨੇਰੇ ਦੀ ਹੈ, ਉਹ ਹਨੇਰਾ ਜਿਸ ਨੇ ਸਾਡੇ ਮਨਾਂ ਉੱਪਰ ਕਾਲੀ ਰਾਤ ਦੀ ਚਾਦਰ ਵਿਛਾਈ ਹੋਈ ਹੈ। ਇਹ ਹਨੇਰਾ ਪੂਰੇ ਜ਼ੋਰ ਨਾਲ ਹੱਕਾਂ ਦਾ ਇਨਸਾਫ਼ ਦੀ ਅਵਾਜ਼ ਦਾ ਗਲਾ ਘੁੱਟ ਰਿਹਾ ਹੈ, ਮਨੁੱਖ ਡਰ, ਬੇਚੈਨੀ, ਕਾਇਰਤਾ ਦੇ ਆਲਮ ਵਿੱਚ ਦਿਨ - ਬ - ਭਟਕ ਰਿਹਾ ਹੈ।

ਅਜਿਹਾ ਬੇਚੈਨੀ ਜੋ ਮਨੁੱਖ ਨੂੰ ਨਿਰਾਸ਼ਤਾ ਦੇ ਆਲਮ ਵਿੱਚ ਡੋਬ ਰਹੀ ਹੈ। ਸਾਡੀ ਵਿਚਾਰਧਾਰਾ ਵਿੱਚ ਦਿਨੋਂ ਦਿਨ ਨਿਘਾਰ ਆ ਰਿਹਾ ਹੈ, ਅਸੀਂ ਮਨੁੱਖੀ ਕਦਰਾਂ ਕੀਮਤਾਂ ਨੂੰ ਭੁੱਲ ਅਗਿਆਨਤਾ ਰੂਪੀ ਹਨੇਰੇ ਵਿੱਚ ਗਵਾਚਦੇ ਜਾ ਰਹੇ ਹਾਂ।

ਵਿਚਾਰਧਾਰਾ ਵਿੱਚ ਆ ਰਹੀ ਗਿਰਾਵਟ ਦਾ ਕਾਰਨ ਅੱਜ ਮਨੁੱਖਾਂ ਦਾ ਆਪਣੇ ਅਸਲ ਮਕਸਦ ਤੋਂ ਭਟਕਣਾ ਹੈ। ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਸਾਹਿਤ ਬਹੁਤ ਵੱਡਾ ਯੋਗਦਾਨ ਅਦਾ ਕਰ ਸਕਦਾ ਹੈ।

ਸਾਡੀ ਵਿਚਾਰਧਾਰਾ ਵਿੱਚੋਂ ਹਨੇਰਾ ਕੇਵਲ ਸੁਹਜਮਈ ਸੋਚ ਦੇ ਸਦਕਾ ਹੀ ਦੂਰ ਹੋ ਸਕਦਾ ਹੈ । ਵਧੀਆ ਸਾਹਿਤ, ਵਧੀਆ ਲਿਖਤਾਂ ਹੀ ਹਨ ਜੋ ਹਨੇਰੇ ਨੂੰ ਵੰਗਾਰ ਕੇ ਕਹਿ ਸਕਦੀਆਂ ਹਨ ਜਦ ਤੱਕ ਸੁਚੱਜਾ ਸਾਹਿਤ ਅਬਾਦ ਹੈ ਤਦ ਤੱਕ ਚਾਨਣ ਦਾ ਕਤਲ ਨਹੀਂ ਹੋ ਸਕਦਾ। ਵਿਚਾਰਧਾਰਿਕ ਹਨੇਰਾ ਬਹੁਤ ਤਰ੍ਹਾਂ ਦਾ ਹੈ । ਧੀਆਂ ਨੂੰ ਪੁੱਤਰਾਂ ਦੇ ਬਰਾਬਰ ਨਾ ਸਮਝਣਾ, ਔਰਤ ਅਤੇ ਮਰਦ ਵਿੱਚ ਫਰਕ, ਫਿਰਕੂਪੁਣਾ, ਸੌੜੀ ਸੋਚ ਇਹ ਸਭ ਆਦਤਾਂ ਇਸ ਗੱਲ ਦੀਆਂ ਸੰਕੇਤ ਹਨ ਕਿ ਤੁਸੀਂ ਵਿਚਾਰਧਾਰਾ ਦੇ ਹਨੇਰੇ ਵਿੱਚ ਗੁੰਮੇ ਹੋਏ ਹੋ।

ਆਪਣੀ ਸੋਚ ਨੂੰ ਸਹੀ ਸੇਧ ਦੇਣ ਲਈ ਸਾਨੂੰ ਵਧੀਆ ਸਾਹਿਤ ਦਾ ਸਹਾਰਾ ਲੈਣਾ ਚਾਹੀਦਾ ਹੈ, ਇਸ ਤੋਂ ਵੀ ਵੱਡੀ ਗੱਲ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਜੀ ਵਰਗੇ ਚਾਨਣ ਮੁਨਾਰੇ ਹਨ। ਜੋ ਪੈਰ ਪੈਰ ਤੇ ਸਾਡੀ ਅਗਵਾਈ ਕਰਦੇ ਹਨ। ਇੱਕ ਚੰਗੀ ਜੀਵਨ ਜਾਂਚ ਸਿਖਾਉਂਦੇ ਹਨ।

ਜੇਕਰ ਤੁਸੀਂ ਵੀ ਇਸ ਹਨੇਰੇ ਤੋਂ ਬਾਹਰ ਆਉਣਾ ਚਾਹੁੰਦੇ ਹੋ ਜਾਂ ਚਾਹੁੰਦੇ ਹੋ ਕਿ ਤੁਹਾਡੇ ਨਾਲ ਜੁੜੇ ਨੌਜਵਾਨ ਇਸ ਦਲਦਲ ਵਿੱਚ ਨਾ ਜਾਣ ਤਾਂ ਉਹਨਾਂ ਨੂੰ ਸਾਰਥਕ ਸੋਚ ਦੇ ਮਾਲਿਕ ਬਣਾਉ।

ਨੌਜਵਾਨਾਂ ਨੂੰ ਵੱਧ ਤੋਂ ਵੱਧ ਸਾਹਿਤ ਨਾਲ ਜੋੜਿਆ ਜਾਵੇ। ਬਚਪਨ ਤੋਂ ਬੱਚਿਆਂ ਨੂੰ ਚੰਗੀਆਂ ਆਦਤਾਂ ਦੇ ਆਦੀ ਬਨਾਉ ਤਾਂ ਜੋ ਉਹਨਾਂ ਦੀ ਵਿਚਾਰਧਾਰਾ ਦਾ ਦਾਇਰਾ ਬਹੁਤ ਵਿਸ਼ਾਲ ਹੋਵੇ ਅਤੇ ਰੋਸ਼ਨੀ ਨਾਲ ਭਰੀ ਹੋਵੇ।

# ਨਰੋਆ ਤੇ ਰੌਚਕ ਸਾਹਿਤ ਉੱਚੀਆਂ ਮੰਜ਼ਿਲਾਂ 'ਤੇ ਪਹੁੰਚਾਉਂਦਾ ਹੈ- ਬਲਜਿੰਦਰ ਮਾਨ




**ਮਾਹਿਲਪੁਰ-** ਬਾਲ ਸਾਹਿਤ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਉੱਘੇ ਸਾਹਿਤਕਾਰ ਬਲਜਿੰਦਰ ਮਾਨ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰਾਮਪੁਰ ਝੰਜੋਵਾਲ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਰੌਚਿਕ ਤੇ ਨਰੋਆ ਸਾਹਿਤ ਉੱਚੀਆਂ ਮੰਜ਼ਲਾਂ ਤੇ ਪਹੁੰਚਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਅਧਿਆਪਕਾਂ ਤੋਂ ਪ੍ਰੇਰਨਾ ਲੈ ਕੇ ਵੱਧ ਤੋਂ ਵੱਧ ਪਾਠ ਪੁਸਤਕਾਂ ਤੋਂ ਇਲਾਵਾ ਸਾਹਿਤ ਪੜ੍ਹਨਾ ਚਾਹੀਦਾ ਹੈ । ਨਰੋਏ ਸਾਹਿਤ ਦੇ ਜ਼ਰੀਏ ਹੀ ਅਸੀਂ ਆਪਣੀ ਸ਼ਖ਼ਸੀਅਤ ਨੂੰ ਨਿੱਗਰ ਬਣਾ ਸਕਦੇ ਹਾਂ। ਨਿੱਗਰ ਸ਼ਖ਼ਸੀਅਤ ਦਾ ਮਾਲਕ ਹਰ ਖੇਤਰ ਵਿੱਚ ਕਾਮਯਾਬੀ ਹਾਸਲ ਕਰਦਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮਲਕੀਤ ਕੌਰ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਆਖਿਆ ਕਿ ਬਲਜਿੰਦਰ ਮਾਨ ਨੇ ਪੰਜਾਬੀ ਸਾਹਿਤ ਜਗਤ ਵਿੱਚ ਵਿਸ਼ੇਸ਼ ਮੁਕਾਮ, ਮਿਹਨਤ ਤੇ ਲਗਨ ਨਾਲ ਹਾਸਲ ਕੀਤਾ ਹੈ। ਇਸ ਮ ਕ ਬਲਜਿੰਦਰ ਮਾਨ ਨੇ ਆਪਣੀਆਂ ਪੁਸਤਕਾਂ ਦਾ ਸੈੱਟ ਸਕੂਲ ਲਾਇਬ੍ਰੇਰੀ ਲਈ ਭੇਟ ਕੀਤਾ। ਸਕੂਲ ਸਟਾਫ ਵੱਲੋਂ ਉਨ੍ਹਾਂ ਦਾ ਮਾਣ ਸਨਮਾਨ ਵੀ ਕੀਤਾ ਗਿਆ। ਇਸ ਸਕੂਲ ਦੇ ਸਾਹਿਤਕਾਰ ਅਧਿਆਪਕ ਰਘਬੀਰ ਸਿੰਘ ਕਲੋਆ ਨੇ ਬਲਜਿੰਦਰ ਮਾਨ ਦੀਆਂ ਰਚਨਾਵਾਂ ਬਾਰੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਪੱਚੀ ਮੌਲਿਕ ਪੁਸਤਕਾਂ, ਚਾਲੀ ਸੰਪਾਦਤ, ਛੇ ਅਨੁਵਾਦਤ ਅਤੇ ਅਨੇਕਾਂ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਹੈ। ਸਿੱਖਿਆ ਵਿਭਾਗ ਵਿੱਚ ਉਹ ਕੇਂਦਰੀ ਸੰਪਾਦਕੀ ਬੋਰਡ ਦੇ ਮੈਂਬਰ ਵੀ ਹਨ। ਇਸ ਮੌਕੇ ਵਿਦਿਆਰਥੀਆਂ ਤੋਂ ਇਲਾਵਾ ਮੈਡਮ ਕਮਲੇਸ਼ ਕੁਮਾਰੀ, ਬਖਸ਼ੋ ਰਾਣੀ, ਸੁਮਨ ਸਹੋਤਾ

# ਉਹ ਇਤਿਹਾਸ ਨਹੀਂ ਬਣਾ ਸਕਦੇ ਜੋ ਇਤਿਹਾਸ ਨੂੰ ਭੁੱਲ ਜਾਂਦੇ ਹਨ




ਹਰਦੀਪ ਸਿੰਘ ਚੁੰਬਰ
+91-94636-01616

ਦਲਿਤ ਹਿੰਦੂ ਜਾਤੀ ਪ੍ਰਣਾਲੀ ਦੇ ਹੇਠਲੇ ਪੱਧਰ 'ਤੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਦੇ ਕਾਨੂੰਨਾਂ ਦੇ ਬਾਵਜੂਦ, ਉਨ੍ਹਾਂ ਨੂੰ ਅਜੇ ਵੀ ਭਾਰਤ ਵਿੱਚ ਵਿਆਪਕ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਲੇਖ ਬਾਬਾ ਸਾਹਿਬ ਦੀਆਂ ਲਿਖਤਾ ਅਤੇ ਭਾਸਨ ਦੇ ਪੰਜ ਨੰਬਰ ਵਾਲਿਯੂਮ ਵਿੱਚੋ ਲਿਖਤ ਵੇਰਵੇ ਦੇ ਅਧਾਰ ਉੱਤੇ ਮੌਜੂਦਾ ਐਸਸੀ ਐਸਟੀ ਸਮਾਜ ਦੀ ਜਨਰੇਸ਼ਨ ਲਈ ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿ ਰਹੀ ਨਵੀਂ ਪੀੜ੍ਹੀ ਜਿਹਨਾ ਨੂੰ ਉਹਨਾ ਦੇ ਮਾਪਿਆਂ ਨੇ ਭਾਰਤੀ ਸਮਾਜ ਦੇ ਪ੍ਰੰਪਰਾਗਤ ਵਿਵਹਾਰ ਦੀ ਹਵਾ ਨਹੀਂ ਲਗਣ ਦਿਤੀ। ਕਿਉਂ ਉਹਨਾਂ ਦੇ ਲਾਭ ਲਈ ਜਾਤੀ ਪ੍ਰਮਾਣ ਪੱਤਰ ਬਣ ਜਾਂਦੇ ਹਨ। ਕਿੰਨਾ ਸੰਘਰਸ਼ ਉਹਨਾ ਦੇ ਪੂਰਵਜਾਂ ਨੇ ਕੀਤਾ, ਬਹੁਤ ਸਾਰੇ ਨਹੀਂ ਜਾਣਦੇ। ਉਹ, ਓਨਾ ਹੀ ਜਾਣਦੇ ਹਨ ਜਿੰਨਾ ਉਹਨਾ ਨੂੰ ਸਿੱਖਿਆ ਸੰਸਥਾਨਾਦੁਆਰਾ ਪੜਾਇਆ ਜਾਂਦਾ ਹੈ, ਜੋ ਪੂਰਾ ਨਹੀਂ ਹੁੰਦਾ। ਇਸੇ ਕਾਰਨ ਆਪਣੇ ਪੂਰਵਜਾਂ ਦੀਆਂ ਪੁਰਾਣੀਆਂ ਕਹਾਣੀਆਂ ਸਣਦੇ ਹੀ ਬਹੁਤ ਸਾਰੀ ਨੌਜਵਾਨੀ ਬਹੁਤੀ ਵਾਰ ਉਕਤਾਉਂਦੀ ਅਤੇ ਦੂਰ ਦੋੜਨ ਲਗਦੀ ਹੈ। ਉਹ ਬਹੁਤ ਵਾਰੀ ਅਜਿਹਾ ਵਰਤਾਓ ਕਰਦੇ ਹਨ ਉਹ ਆਪ ਮਹਾਰਾਜਿਆਂ ਦੇ ਖਾਨਦਾਨ ਵਿੱਚੋ ਹੋਣ ਅਤੇ ਇਹ ਜਾਣਕਾਰੀ ਦੇਣ ਵਾਲਾ ਕੇਵਲ ਆਪਣੇ ਪੂਰਵਜਾਂ ਦੀ ਗਲ ਕਰਦਾ ਹੋਵੇ।&; ਬਹੁਤ ਵਾਰ ਤਰਕ ਵੀ ਦਿੰਦੇ ਅਤੇ ਬਹਿਸ ਕਰਨ ਵਿੱਚ ਬਹੁਤੇ ਸਾਰੇ ਉਲ਼ਝ ਵੀ ਜਾਂਦੇ ਹਨ ਕਿਉਂ ਉਜੜੀਆਂ ਖੱਡਾਂ ਵਿੱਚ ਪਾਣੀ ਪਾਉਣ ਲਗੇ ਹੋ। ਕੀ ਲਾਭ, ਜਮਾਨਾ ਬਹੁਤ ਅੱਗੇ ਚਲਾ ਗਿਆ ਹੈ, ਤੁਸੀਂ ਲੋਕ ਓਥੇ ਹੀ ਖੜੇ ਹੋ। ਨਾਲ ਹੀ, ਸਿੱਖਿਆ ਵੀ ਦੇ ਜਾਂਦੇ ਹਨ, ਪੜਾਈ ਦੇ ਨਾਲ ਉਹਨਾ ਦੀ ਸਹਾਇਤਾ ਕਰਦਾ ਉਥਾਨ ਵਿੱਚ ਸਹਿਯੋਗ ਕਰਦਾ ਹੈ, ਜਾ ਆਪਣੇ ਸਮਾਜ ਦੇ ਕੰਮਾਂ ਵਿੱਚ ਯੋਗਦਾਨ ਪਾਉਂਦਾ ਹੈ ਤਾਂ ਉਹ ਆਪਣੇ ਸਮਾਜ ਵਿੱਚ ਵੀ, ਆਪਣੇ ਸਾਥੀਆਂ ਵਿੱਚ ਵੀ ਇਜ਼ਤ ਦਾ ਪਾਤਰ ਬਣਦਾ ਹੈ। ਅਗਰ ਉਹ ਅਦਰ-ਕਾਸ਼ਟ ਵਾਲੇ ਉਹਨਾ ਦੇ ਹਮਉਮਰ ਬੱਚਿਆਂ ਬਰਾਬਰੀ ਦੇ ਰਹਿਣ ਸਹਿਣ ਅਤੇ ਸਭ ਹੁੰਦੇ ਹੋਏ ਵੀ ਪਛੜਦਾ ਹੈ, ਤਰਸ ਦਾ ਪਾਤਰ ਬਣਦਾ ਹੈ, ਗਲਤ ਹੈ, ਜਰੂਰ ਹੀ ਆਪਣੇ ਸਮਾਜ ਲਈ ਬੇਕਰਦੀ ਦਾ ਕਾਰਨ ਬਣਦਾ ਹੈ, ਰਿਜਰਵੇਸ਼ਨ ਲੈਂਦੇ ਬੇਕਦਰਾ ਬਣਦਾ ਹੈ। ਬਾਬਾ ਸਾਹਿਬ ਨੇ ਕਿਹਾ ਸੀ, ਉਹ ਇਤਿਹਾਸ ਨਹੀਂ ਬਣਾ ਸਕਦੇ ਜੋ ਇਤਿਹਾਸ ਨੂੰ ਭੁੱਲ ਜਾਂਦੇ ਹਨ।

ਉਹਨਾ ਨੂੰ ਲੋੜ ਹੈ ਉਹ ਆਪਣੇ ਪੂਰਵਜਾਂ ਦੇ ਇਤਿਹਾਸ ਨੂੰ ਜਾਣ ਲੈਣ ਅਤੇ ਅੱਗੇ ਵਧਣ। ਉਹ ਆਪਣੇ ਇਤਿਹਾਸ ਨੂੰ ਜਨਣ ਜਾ ਨਾਂ ਜਾਨਣ ਲੇਕਿਨ ਜਰਨਲ ਸਮਾਜ ਦੇ ਉਸ ਦੇ ਸਾਥੀ ਬਾਖੂਬੀ ਜਾਣਦੇ ਹੁੰਦੇ ਹਨ ਕਿ ਉਹਨਾ ਨੂੰ ਮੇਹਨਤ ਕਰਨੀ ਹੀ ਹੈ, ਉਹਨਾ ਲਈ ਕੋਈ ਰਿਜਰਵੇਸ਼ਨ ਨਹੀਂ। ਇਸ ਲਈ ਜਵਾਨੀ ਦੇ ਜੋਸ਼ ਵਿੱਚ ਆਪਣੇ ਯਾਰਾਂ ਵਿੱਚ ਗੁਲਤਾਨ ਐਸਸੀ ਐਸਟੀ ਸਮਾਜ ਦੀ ਯੁਵੀ ਪੀੜ੍ਹੀ ਨੂੰ ਆਪਣੇ ਪਰਾਤਨ ਇਤਿਹਾਸ ਅਤੇ ਆਪਣੇ ਪੂਰਵਜਾਂ ਦੇ ਦੁੱਖਾਂ ਦਰਦਾਂ ਦੀ ਦਾਸਤਾਨ ਅਤੇ ਉਹਨਾ ਦੀ ਮਿਹਨਤ ਜਿਸ ਨਾਲ ਉਹ ਆਪਣੇ ਭਵਿੱਖ ਦੀਆਂ ਪੀੜ੍ਹੀਆਂ ਉਸ ਹਾਲਾਤਾਂ ਤੋਂ ਨਿਯਾਤ ਦਵਾਈ ਹੈ, ਬਹੁਤ ਹੀ ਗੰਭੀਰਤਾ ਨਾਲ ਜਾਣ ਲੇਣ ਦੀ ਲੋੜ ਹੁੰਦੀ ਹੈ। ਇਸ ਨੂੰ ਜਾਣ ਲੇਣ ਲਈ ਸਭ ਨਾਲ ਉਤਮ ਹੈ ਬਾਬਾ ਸਾਹਿਬ ਦਾ ਨੂੰ ਇੰਨਾ ਦੂਰ ਨਹੀਂ ਜਾਣਾ ਪਿਆ। ਸ਼ਿਮਲਾ ਜ਼ਲਿ ਵਿਚ 'ਕੋਲੀ' ਨਾਮ ਦੀ ਇਕ ਜਾਤੀ ਹੈ ਜਿਸ ਦੇ ਮੈਂਬਰ ਬਹੁਤ ਖੂਬਸੂਰਤ ਅਤੇ ਮਿਹਨਤੀ ਹਨ। ਉਸ ਖੇਤਰ ਦੇ ਹਿੰਦੂ ਉਨ੍ਹਾਂ ਨੂੰ ਅਛੂਤ ਸਮਝਦੇ ਹਨ, ਹਾਲਾਂਕਿ ਉਹ ਅਜਿਹਾ ਕੁਝ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਨੂੰ ਹਿੰਦੂ ਧਰਮ ਦੀਆਂ ਨਜ਼ਰਾਂ ਵਿਚ ਉਹਨਾ ਉੱਤੇ ਇਤਰਾਜ਼ਯੋਗ ਹੋਣ ਦਾ ਲੇਬਲ ਲਗ ਸਕਦਾ ਹੋਵੇ। ਇਸ ਜਾਤੀ ਦੇ ਮੈਂਬਰ ਸ਼ਕਤੀਸ਼ਾਲੀ ਅਤੇ ਸਭਿਆਚਾਰਕ ਹੀ ਨਹੀਂ ਬਲਕਿ ਬੁੱਧੀਮਾਨ ਵੀ ਹਨ। ਸਿਮਲਾ ਪਹਾੜੀਆਂ ਦੇ ਵਸਨੀਕਾਂ ਦੁਆਰਾ ਗਾਏ ਗਏ ਲਗਭਗ ਸਾਰੇ ਗਾਣੇ 'ਕੋਲੀਆਂ' ਦੁਆਰਾ ਤਿਆਰ ਕੀਤੇ ਗਏ ਹਨ। ਇਹ ਲੋਕ ਸਾਰਾ ਦਿਨ ਮਿਹਨਤ ਕਰਦੇ ਹਨ ਅਤੇ ਬ੍ਰਾਹ-ਮਣਾਂ ਦੀ ਬਹੁਤ ਪੂਜਾ ਕਰਦੇ ਹਨ ਪਰ ਫਿਰ ਵੀ ਉਹ ਬ੍ਰਾਹਮਣ ਦੇ ਘਰ ਦੇ ਕੋਲ ਉਹ ਜ਼ਿਆਦਾ ਨਹੀਂ ਲੰਘ ਸਕਦੇ। ਉਨ੍ਹਾਂ ਦੇ ਬੱਚੇ ਸਕੂਲ ਅਤੇ 'ਪਾਠਸ਼ਾਲਾ' (ਧਾਰਮਿਕ ਮੱਠਾਂ ਦੇ ਸਕੂਲ) ਵਿੱਚ ਨਹੀਂ ਪੜ੍ਹ ਸਕਦੇ। ਉਨ੍ਹਾਂ ਦੀਆਂ ਔਰਤਾਂ ਸੋਨੇ ਦੇ ਗਹਿਣੇ ਨਹੀਂ ਪਹਿਨ ਸਕਦੀਆਂ। ਇਹ ਵੀ ਦੱਸਿਆ ਜਾਂਦਾ ਹੈ ਕਿ ਕੁਝ ਕੋਲੀ ਪੰਜਾਬ ਗਏ ਹਨ ਅਤੇ ਕੁਝ ਪੈਸੇ ਕਮਾਏ ਹਨ ਜਿਸ ਤੋਂ ਉਨ੍ਹਾਂ ਨੇ ਸੋਨੇ ਦੀਆਂ ਅੰਗੂਠੀਆਂ ਅਤੇ ਕੰਨ ਦੀਆਂ ਮੁੰਦਰੀਆਂ ਖਰੀਦੀਆਂ ਹਨ। ਹਾਲਾਂਕਿ ਜਦੋਂ ਉਹ ਇਨ੍ਹਾਂ ਨੂੰ ਨਾਲ ਲੈ ਕੇ ਵਾਪਸ ਆਪਣੇ ਘਰ ਆਉਂਦੇ ਹਨ, ਉਹਨਾਂ ਨੂੰ ਕੈਦ ਕਰ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਦੋਂ ਤਕ ਰਿਹਾ ਨਹੀਂ ਕੀਤਾ ਜਾਂਦਾ ਜਦੋਂ ਤੱਕ ਗਹਿਣੇ ਰਾਜ ਦੇ ਅਧਿਕਾਰੀਆਂ ਦੀਆਂ ਜੇਬਾਂ ਵਿੱਚ ਨਹੀਂ ਚਲੇ ਗਏ।"

ਬਾਬਾ ਸਾਹਿਬ ਦੀ ਸਿੱਖਿਆ ਦੀ ਗਲ ਕਰੀਏ ਤਾਂ ਰਜਵਾੜੇ ਦੀ ਧੀ ਨਾਲ ਵਿਆਹ ਕਰ ਸਕਦੇ ਸਨ, ਵਿਦੇਸ਼ ਵਿੱਚ ਆਪਣੇ ਪ੍ਰਿਵਾਰ ਨਾਲ ਪੱਕੇ ਤੌਰ ਤੇ ਰਹਿ ਸਕਦੇ ਸਨ। ਫੇਰ ਵੀ ਉਹਨਾ ਇਹ ਰਾਹ ਕਿਉਂ ਚੁਣਿਆ, ਉੱਚ ਸਿੱਖਿਆ ਪ੍ਰਾਪਤ ਕਰਨ ਬਾਅਦ ਵੀ ਉਹ ਭਾਰਤ ਦੇ ਕੱਚੇ, ਪੱਕੇ ਰਾਹਾਂ ਦੀ ਮਿੱਟੀ ਘੱਟਾ ਛਾਣਦੇ ਰਹੇ, ਗਾਂਧੀ ਅਤੇ ਪਾਰਟੀ ਨਾਲ ਉਲਝਦੇ ਰਹੇ, ਉਹਨਾ ਦੀ ਕਾਂਗਰਸ ਵਿੱਚ ਰਲਕੇ ਉੱਚਾ ਐਹਦਾ ਲੈ ਸਕਦੇ ਸਨ। ਉਹ ਜਾਣਦੇ ਸਨ ਕਿ ਕੁਝ ਵੀ ਕਿਉਂ ਨਾ ਕਰ ਲਿਆ ਜਾਵੇ ਅਛੂਤਤਾ ਦੇ ਕਲੰਕ ਮਿਟਣ ਵਾਲਾ ਨਹੀਂ ਜਦੋਂ ਤਕ ਸਮਾਜ ਵਿੱਚ ਜਾਗਰਤੀ ਨਹੀਂ ਆਉਂਦੀ, ਜਾਗਣ ਨਾਲ ਹੀ ਅਣਖ ਜਾਗਦੀ, ਅਣਖ ਜਾਗਦੀ ਹੈ ਤਾਂ ਅਜਾਦੀ ਦਾ ਦੀਪ ਜਲਦਾ ਹੈ, ਬਰਾਬਰੀ ਦਾ ਦੀਪ ਜਗਦਾ ਹੈ। ਇਕਲਿਆਂ ਦਾ ਨਸਲਾ ਨਹੀਂ ਸਮਾਜਿਕ ਮਸਲਾ ਹੈ। ਇਕੱਲਿਆ ਉਪਰ ਉੱਠਕੇ ਨਹੀ ਸਮੁੱਚਾ ਐਸਸੀ ਐਸਟੀ ਸਮਾਜ ਦਾ ਸਮਾਜਿਕ ਉਥਾਨ ਹੀ ਇਸ ਦਾ ਹੱਲ ਹੈ।

ਉਹਨਾਂ ਦੇ ਕਿਤਾਬ ਵਿੱਚ ਹੋਰ ਖਬਰ ਦਾ ਤੀਜਾ



ਬ੍ਰਾਹਮਣ, ਦਲਿਤ ਔਰਤ ਅਤੇ ਖੂਹ-
'ਹੇ ਦੁਸ਼ਟ ਅਛੂਤ। ਤੁਹਾਨੂੰ ਕਦੋਂ ਤੋਂ ਨਲਕੇ ਨੂੰ ਛੂਹਣ ਦਾ ਅਧਿਕਾਰ ਹੈ '
- ਇਹ ਕਹਿ ਕੇ ਬ੍ਰਾਹਮਣ ਬਜ਼ੁਰਗ ਔਰਤ ਨੂੰ ਝਿੜਕਦਾ ਹੈ।
ਸਰੋਤ: 'ਵਿਅੰਗ ਚਿਤਰਾਵਲੀ' 1930.





ਕੇਸ ਹੈ23 ਅਗਸਤ 1932 ਦੇ 'ਪ੍ਰਕਾਸ਼' ਤੋਂ ਲਿਆ ਗਿਆ ਹੈ, ਖਬਰ ਸੀ: "6 ਅਗਸਤ ਨੂੰ ਤਹਿਸੀਲ ਜਫਰਵਾਲ ਦੇ ਪਿੰਡ ਜਗਵਾਲ ਵਿੱਚ, ਇੱਕ ਵੱਛਾ ਖੂਹ ਵਿੱਚ ਡਿੱਗ ਪਿਆ। ਰਾਮਮਹਾਸ਼ਾਯ, ਜਾਤ ਦੁਆਰਾ ਇੱਕ ਡੋਮ ਇਸ ਸਮੇਂਨੇੜੇ ਖੜ੍ਹਾ ਸੀ। ਉਸ ਨੇ ਝੱਟ ਖੂਹ ਵਿੱਚ ਛਾਲ ਮਾਰ ਦਿੱਤੀ ਅਤੇ ਵੱਛੇ ਨੂੰ ਆਪਣੀਆਂ ਬਾਹਾਂ ਵਿੱਚ ਫੜ ਲਿਆ। ਮਦਦ ਲਈ ਆਉਣ ਵਾਲੇ ਤਿੰਨ ਜਾਂ ਚਾਰ ਆਦਮੀਆਂ ਤੇ, ਵੱਛੇ ਨੂੰ ਖੂਹ ਵਿੱਚੋਂ ਸੁਰੱਖਿਅਤ ਕੱਢਵਾ ਲਿਆ।

ਹਾਲਾਂਕਿ, ਇਹਪਿੰਡ ਦੇ ਹਿੰਦੂਆਂ ਨੇ ਹੀ ਰੌਲਾ ਪਾਇਆ ਸੀ ਕਿਵੱਛਾ ਖੂਹ ਵਿੱਚ ਡਿੱਗ ਪਿਆ। ਪਰ ਹੁਣ ਇਕ ਡੋਮ ਜਾਤੀ ਦੇ ਮਨੁੱਖ ਦੇ ਖੂਹ ਵਿੱਚ ਜਾ ਕੇ ਕੰਮ ਕਰਨ ਦੀ ਸਹਾਇਤਾ ਕਰਨ ਨਾਲ ਹੀ ਵੱਛੇ ਨੂੰ ਖੂਹ ਵਿੱਚੋਂ ਬਾਹਰ ਕਢਣ ਦਾ ਕੰਮ ਹੋ ਸਕਿਆ। ਪਰ ਉਸ ਡੋਮ ਮਨੁੱਖ ਦੇ ਉਨ੍ਹਾਂ ਦਾ ਖੂਹ ਵਿੱਚ ਜਾਣ ਨਾਲ ਖੂਹ ਅਸ਼ੁੱਧ ਹੋ ਗਿਆ ਸੀ। ਬਜਾਇ ਕਿ ਉਸ ਮਨੁੱਖ ਦਾ ਧਨਵਾਦ ਕੀਤਾ ਜਾਂਦਾ ਜਿਸ ਨੇ ਸਹਾਇਤਾ ਕੀਤੀ ਸੀ ਪਰ ਇਸ ਦੇ ਉਲਟ ਉਸ ਉੱਤੇ ਹਮਲਾ ਕੀਤਾ ਗਿਆ ਅਤੇ ਗਰੀਬ ਆਦਮੀ ਨੂੰ ਬੇਰਹਿਮੀ ਨਾਲ ਕੁਟਿਆ ਮਾਰਿਆ ਗਿਆ, ਉਹਨਾ ਦੀ ਹਿੰਸਾ ਦਾ ਸ਼ਿਕਾਰ ਹੋਇਆ ਹੈ। ਖੁਸ਼ਕਿਸਮਤੀ ਨਾਲ, ਇੱਕ ਬੈਰਿਸਟਰ ਘਟਨਾ ਸਥਾਨ ਤੇ ਆਇਆ, ਉਸਨੇ ਸਾਧੂਰਾਮ ਨੂੰ ਤਸੀਹੇ ਦੇਣ ਵਾਲੇ ਆਦਮੀਆਂ ਨੂੰ ਸਖਤ ਝਿੜਕਿਆ ਅਤੇ ਉਸ ਨੂੰ ਹੋਸ਼ ਵਿੱਚ ਲਿਆਂਦਾ। ਇਸ ਤਰ੍ਹਾਂ, ਆਦਮੀ ਦੀ ਜਾਨ ਬਚ ਗਈ ਨਹੀਂ ਤਾਂ ਕੋਈ ਨਹੀਂ

ਇਹ ਸਭ ਛੱਡੋ ਅਤੇ ਅੱਗੇ ਵਧੋ।

ਭਾਈਚਾਰਕ ਇੱਕਠਾਂ, ਜਲਸਿਆਂ ਅਤੇ ਹੋਰ ਪ੍ਰੋਗਰਾਮਾਂ ਦੇ ਕੋਲੋਂ ਇਸ ਤਰਾਂ ਕੰਨੀ ਕਤਰਾਉਂਦੇ ਹਨ ਜਿਵੇਂ ਇਹ ਕਿਸੇ ਹੋਰ ਸਭਿਅਤਾ ਦੀ ਗਲ ਕਰੀ ਜਾ ਰਹੀ ਹੋਵੇ। ਇਹ ਵੀ ਦੇਖਿਆ ਗਿਆ ਹੈ ਨਿੱਜੀ ਲਾਭ ਲੈਣ ਲਈ ਉਹ ਜਾਤੀ ਪ੍ਰਮਾਣ ਪੱਤਰ ਲਗਾ ਹਰ ਹੀਲੇ ਲਾਭ ਲੈਣ ਤੋਂ ਗੁਰੇਜ਼ ਨਹੀਂ ਕਰਦੇ, ਨਾਂ ਹੀ ਉਸ ਸਮੇਂ ਉਹਨਾ ਨੂੰ ਕੋਈ ਝਿਜਕ ਜਾਂ ਸ਼ਰਮ ਮਹਿਸੂਸ ਹੁੰਦੀ ਹੈ। ਉਹਨਾ ਨੂੰ ਬੇਸ਼ੱਕ ਅੰਦਰ ਤੋਂ ਸ਼ਰਮ ਮਹਿਸ਼ੂਸ ਹੁੰਦੀ ਹੋਵੇ। ਇਹ ਲੋਕ ਸਮਝਣਾ ਹੀ ਨਹੀਂ ਚਾਹੁੰਦੇ ਕਿ ਉਹਨਾ ਇਹ ਪ੍ਰਮਾਣ ਪਤਰ ਦੇ ਬਦਲੇ ਦਿਤਾ ਕੀ ਹੈ, ਇਹਨਾ ਨੂੰ ਬੇਗੈਰਤ ਕਹਿਣਾ ਸਹੀ ਹੋ ਸਕਦਾ ਹੈ। ਉਹਨਾ ਉਸ ਲਈ ਕੀ ਕੀਤਾ ਹੁੰਦਾ ਹੈ, ਜਿਸ ਦਾ ਲਾਭ ਲੈਣ ਲਈ ਉਤਾਵਲੇ ਹੋ ਰਹੇ ਹੁੰਦੇ ਹਨ, ਉਹ ਪੂਰਵਜਾਂ ਦਾ ਦੁੱਖਾਂ ਦਰਦਾਂ ਦੀਆਂ ਕਹਾਣਈਆਂ ਸਾਂਝੀਆਂ ਕਰਨ ਦੀ ਲੋੜ ਵੀ ਨਹੀ ਸਮਝਦੇ। ਇਹਨਾ ਦੇ ਇਸ ਰੁੱਖ ਦੇ ਕਾਰਨ ਹੀ ਅਦਰ-ਕਾਸ਼ਟ ਵਾਲੇ ਉਹਨਾ ਦੇ ਹਮਉਮਰ ਬੱਚਿਆਂ ਨੂੰ ਰਿਜਰਵੇਸ਼ਨ ਅਤੇ ਉਸ ਸਾਥੀ ਕੋਲੋਂ ਅੰਦਰ ਤੋਂ ਨਫਰਤ ਹੋਣ ਲਗਦੀ ਹੈ, ਕਿਉਂਕਿ ਬਰਾਬਰ ਖੇਢਦੇ ਪੜਦੇ ਹੋਏ ਉਹ ਐਸਸੀ ਐਸਟੀ ਜਾਤੀ ਪ੍ਰਮਾਣ ਪੱਤਰ ਕਾਰਨ ਆਪਣੇ ਸਾਥੀ ਕੋਲੋਂ ਪਛੜਦੇ ਨਜ਼ਰ ਆਉਂਦੇ ਹਨ। ਜਦੋਂ ਕਿ ਇਹੋ ਜਿਹੇ ਐਸਸੀ ਜਾਤੀ ਦੇ ਵਿਦਿਆਰਥੀ ਦਾ ਐਸਸੀ ਜਾਤੀ ਵਿੱਚ ਜਨਮ ਲੈਣ ਤੋਂ ਬਿਨਾ ਕੋਈ ਯੋਗਦਾਨ ਨਹੀਂ ਹੁੰਦਾ। ਅਗਰ ਐਸਸੀ ਜਾਤੀ ਦਾ ਵਿਦਿਆਰਥੀ ਆਪਣੀ ਪੜਾਈ ਤੋਂ ਇਲਾਵਾ ਆਪਣੇ ਮਾਂ ਬਾਪ ਦੀ ਗਰੀਬੀ ਦੇ ਕਾਰਨ ਜੀਵਨ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਬਹੁਜਨ ਨਾਇਕਾਵਾਂ ਯੋਧਿਆਂ ਅਤੇ ਰਹਿਬਰਾਂ ਦਾ ਜੀਵਨ ਅਤੇ ਸਿਖਿਆਵਾਂ ਨੂੰ ਪੜ੍ਹਨਾ ਅਤੇ ਅਮਲ ਕਰਨਾ। ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸਨ ਦੇ ਖੰਡ ਨੂੰ ਪੰਜ ਵਿਚ ਦਰਜ ਦੀਆਂ ਕੁੱਝ ਉਧਾਰਨਾ ਇੱਥੇ ਅਸੀਂ ਸਾਂਝੀਆਂ ਕਰਾਂਗੇ।

ਬਾਬਾ ਸਾਹਿਬ ਉੱਚ ਸਿੱਖਿਆ ਪਰਾਪਤ, ਪੜ੍ਹੇ ਲਿਖੇ, ਸੋਹਣੇ ਅਤੇ ਚੰਗੀ ਸਿਹਤ ਵਾਲੇ,&; ਨੌਜਵਾਨ, ਚ੍ਰਿਤਰਵਾਨ, ਨਸ਼ਿਆਂ ਤੋ ਮੁਕਤ ਸਿਆਣੇ ਇਨਸ਼ਾਨ ਸਨ। ਫੇਰ ਵੀ ਉਹਨਾ ਨੂੰ ਅਛੂਤ ਹੋਣ ਕਾਰਨ ਜਾਤ ਛੁਪਾਉਣੀ ਪਈ। ਇਹ ਇਸ ਲਈ ਲਿਖ ਰਹੇ ਹਾਂ ਕਿ ਬਹੁਤ ਸਾਰੇ ਐਸਸੀ ਐਸਟੀ ਲੋਕ ਭੁੱਲ ਜਾਂਦੇ ਹਨ, ਕਿ ਅਛੂਤਤਾ ਸੰਸਾਰ ਦੀਆਂ ਗੁਲਾਮੀ ਦੀਆਂ ਪ੍ਰਣਾਲੀਆਂ ਵਿੱਚੋਂ ਸਭ ਨਾਲੋਂ ਕਰੂਰ ਪ੍ਰਣਾਲੀ ਹੈ। ਇਹ ਜਨਮ ਦੇਣ ਵਾਲੇ ਦੀਆਂ ਨਜ਼ਰਾਂ ਵਿੱਚ ਅਛੂਤਾਂ ਵਿੱਚ ਜਨਮ ਲੈਣ ਨਾਲ ਹੀ ਸੁਰੂ ਹੋ ਜਾਂਦੀ ਹੈ, ਮਰਨ ਤੱਕ ਨਾਲ ਹੀ ਰਹਿੰਦੀ ਹੈ। ਬਾਬਾ ਸਾਹਿਬ ਨੂੰ ਪਾਰਸੀ ਧਰਮਸ਼ਾਲਾ ਵਿੱਚ ਕੁਝ ਦਿਨ ਲਈ ਆਪਣੀ ਅਸਲੀ ਪਹਿਚਾਣ ਛੁਪਾਕੇ ਰਹਿਣ ਲਈ ਮਜਬੂਰ ਹੋਣਾ ਪਿਆ। ਉਹ ਅਖਬਾਰਾਂ ਦੀਆਂ ਖਬਰਾਂ ਦੇ ਹਵਾਲੇ ਦਿਤੇ ਅਤੇ ਖਬਰ ਸਬੰਧੀ ਲਿਖਿਆ, ਅਗਲੀ ਖਬਕ 21 ਜਨਵਰੀ 1928 ਨੂੰ 'ਆਰੀਆ ਗਜ਼ਟ' ਤੋਂ ਹੈ:

"ਹੁਣ ਤੱਕ ਹਰੀਜਨ ਦੇ ਅਤਿਆਚਾਰ ਨਾਲ ਸਬੰਧਤ ਸੋਗ ਦੀਆਂ ਕਹਾਣੀਆਂ ਜ਼ਿਆਦਾਤਰ ਮਦਰਾਸ ਪ੍ਰਾਂਤ ਦੀਆਂ ਸਨ, ਪਰ ਹੁਣ ਮਹਾਰਾਣਾ ਦੇ ਸ਼ਿਮਲਾ ਪਹਾੜੀਆਂ ਨਾਲ ਕੀਤੇ ਵਿਹਾਰ ਸਦਕਾ, ਇਨ੍ਹਾਂ ਕਿੱਸਿਆਂ ਨੂੰ ਲੱਭਣ ਲਈ ਕਿਸੇ ਉਹਨਾ ਦੀ ਵਿਦਿਅਕ ਡਿਗਰੀਆਂ ਦੀ ਗਿਣਨੀਆਂ ਵੀ ਆਮ ਇਨਸ਼ਾਨ ਦੇ ਵਸ ਦੀ ਗਲ ਨਹੀਂ। ਔਹਦਿਆਂ ਦੀ ਗਲ ਕਰਾਏ ਤਾਂ ਸਾਡੀ ਨਜ਼ਰ ਵਿੱਚ ਕਿਸੇ ਵੀ ਦੇਸ਼ ਦੀ ਵਿਵਸਥਾ ਲਈ ਕਾਨੂੰਨ ਮੰਤਰੀ ਹੋਣਾ ਸਭ ਨਾਲੋਂ ਉਪਰ ਦਾ ਔਹਦਾ ਹੈ। ਉਸ ਨਾਲੋ ਵੀ ਹੋਰ ਵੱਡਾ ਕੰਮ ਕਾਨੂੰਨ ਦੀ ਕਿਤਾਬ ਸੰਵਿਧਾਨ ਦਾ ਨਿਰਮਾਤਾ ਹੋਣਾ ਹਜਾਰਾਂ ਸਾਲਾਂ ਵਿੱਚ ਸੰਸਾਰ ਦੇ ਗਿਣਵੇਂ ਲੋਕਾਂ ਨੂੰ ਹੀ ਸੋਭਾਗ ਪਰਾਪਤ ਹੁੰਦਾ ਹੈ। ਅਜਿਹਾ ਮਨੁੱਖ ਜਿਸ ਦੀ ਲਿਆਕਤ ਦਾ ਲੋਹਾ ਸੰਸਾਰ ਦੇ ਅੱਧੇ ਦੇਸ਼ਾ ਉੱਤੇ ਰਾਜ ਕਰਨ ਵਾਲੇ ਅੰਗਰੇਜ਼ ਵੀ ਮੰਨਦੇ ਸਨ, ਪਰ ਉਹ ਵੀ ਕਦੀ ਅਛੂਤਤਾ ਤੋਂ ਮੁਕਤ ਨਹੀਂ ਹੋ ਪਾਏ। ਇਸ ਦਾ ਕਾਰਨ ਉਹ ਮੰਨਦੇ ਸਨ ਕਿ ਉਹ ਹਿੰਦੂ ਧਰਮ ਦੇ ਸਮਾਜਿਕ ਪ੍ਰਬੰਧਨ ਨੂੰ ਮੰਨਦੇ ਸਨ। ਉਹ 1956 ਵਿੱਚ ਬੁੱਧ ਧਮ ਅਪਣਾਕੇ ਹਿੰਦੂ ਧਰਮ ਤੋਂ ਮੁਕਤ ਹੋ ਕੇ ਮਨਦੇ ਸਨ ਕਿ ਉਹ ਉਸ ਪ੍ਰਣਾਲੀ ਤੋਂ ਮੁਕਤ ਹੋ ਗਿਆ ਹਾਂ ਜਿਹੜਾ ਅਛੂਤਤਾ ਦਾ ਜਨਮ ਦਾਤਾ ਹੈ।

ਬਹੁਤ ਸਾਰੇ ਲੋਕ ਸੋਚਦੇ ਹਨ ਅਤੇ ਭਰਮ ਵੀ ਪਾਲ ਲੈਂਦੇ ਹਨ ਕਿ ਉਹ ਆਪਣੇ ਆਪ ਨੂੰ ਕੇਵਲ ਪੜ੍ਹ ਲਿਖ, ਅਮੀਰ ਬਣ, ਵੱਡੇ ਔਹਦੇ ਲੈਕੇ ਜਾਂ ਕਿਤੇ ਬਾਹਰ ਦੇਸ਼ ਵਿੱਚ ਰਹਿਕੇ ਕਲੰਕ ਧੋ ਲੈਣਗੇ, ਇਹ ਸੰਭਵ ਨਹੀ। ਉਪਰ ਬਾਬਾ ਸਾਹਿਬ ਦੇ ਸਬੰਧ ਵਿੱਚ ਲਿਖਣ ਦਾ ਲੋੜ ਇਸ ਲਈ ਪਈ ਕਿ ਐਡਾ ਵੱਡਾ ਮਹਾਨ ਇਨਸ਼ਾਨ ਵੀ ਜਾਤੀ ਦੇ ਕਲੰਕ ਨੂੰ ਧੋ ਨਹੀਂ ਸਕੇ। ਪਰ ਉਹਨਾ ਰਾਹ ਦਿਖਾ ਦਿਤਾ ਕਿ ਇਸ ਨੂੰ ਠੀਕ ਕਰਨ ਦਾ ਕੀ ਰਸਤਾ ਹੈ। ਉਹਨਾ ਦੀ ਮਿਹਨਤ ਦੇ ਕਾਰਨ ਅੱਜਏ ਇਹ ਬਹੁਤ ਢਿੱਲਾ ਪੈ ਗਿਆ ਹੈ। ਜੇ ਕਰ ਉਹ ਚਾਹੁੰਦੇ ਕਿਸੇ ਰਾਜੇ

(ਬਾਕੀ ਅਗਲੇ ਸਫੇ 'ਤੇ)

# ਸਮਾਜ ਸੇਵੀ ਨਿਤਿਨ ਨੰਦਾ ਹੋਏ ਬਸਪਾ 'ਚ ਸ਼ਾਮਲ

## ਰੋਪੜ ਜ਼ਿਲ੍ਹੇ ਵਿੱਚ ਬਸਪਾ ਹੋਏਗੀ ਮਜ਼ਬੂਤ, ਜ਼ਿਲ੍ਹਾ ਉਪ ਪ੍ਰਧਾਨ ਕੀਤੇ ਨਿਯੁਕਤ





**ਜਲੰਧਰ/ਰੋਪੜ–** ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਸ੍ਰੀ ਆਨੰਦਪੁਰ ਸਾਹਿਬ ਹਲਕੇ ਦੇ ਉੱਘੇ ਸਮਾਜ ਸੇਵੀ ਨਿਤਿਨ ਨੰਦਾ ਨੇ ਬਸਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਨਿਤਿਨ ਨੰਦਾ ਦਾ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਣ ਤੇ ਬਸਪਾ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਵੱਲੋਂ ਸਿਰੋਪਾਓ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਇਲਾਵਾ ਨੌਜਵਾਨ ਆਗੂ ਨਿਰਮਲ ਸਿੰਘ ਨੂੰ ਬਹੁਜਨ ਸਮਾਜ ਪਾਰਟੀ ਯੂਥ ਵਿੰਗ ਦਾ ਜ਼ਿਲ੍ਹਾ ਰੋਪੜ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਮੌਕੇ ਬਸਪਾ ਪ੍ਰਧਾਨ ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਨੂੰ ਜਿੱਥੇ ਸ੍ਰੀ ਨਿਤਿਨ ਨੰਦਾ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਜ਼ਬਰਦਸਤ ਫਾਇਦਾ ਮਿਲੇਗਾ ਉਥੇ ਹੀ ਰੋਪੜ ਜ਼ਿਲ੍ਹੇ ਵਿੱਚ ਵੀ ਬਹੁਜਨ ਸਮਾਜ ਪਾਰਟੀ ਹੋਰ ਮਜ਼ਬੂਤ ਹੋ ਕੇ ਉਭਰੇਗੀ ਅਤੇ ਇਸ ਮੌਕੇ ਨੰਦਾ ਜੀ ਨੂੰ ਬਸਪਾ ਜਿਲ੍ਹਾ ਰੂਪਨਗਰ ਦਾ ਉੱਪ ਪ੍ਰਧਾਨ ਨਿਯੁਕਤ ਕੀਤਾ। ਸ. ਗੜ੍ਹੀ ਨੇ ਦਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਡਾ ਯੂਥ ਸੰਮੇਲਨ ਕਰਨ ਦੀ ਜ਼ਿੰਮੇਦਾਰੀ ਨਿਤਿਨ ਨੰਦਾ ਅਤੇ ਨਿਰਮਲ ਸਿੰਘ ਨੂੰ ਸੌਂਪੀ ਗਈ ਹੈ ਅਤੇ ਉਨ੍ਹਾਂ ਆਸ ਪ੍ਰਗਟਾਈ ਕਿ ਦੋਵੇਂ ਆਗੂਆਂ ਨੂੰ ਦਿੱਤੀ ਗਈ ਇਹ ਜ਼ਿੰਮੇਦਾਰੀ ਦੋਵਾਂ ਵੱਲੋਂ ਪੂਰੀ ਤੰਨਦੇਹੀ ਨਾਲ ਨਿਭਾਈ ਜਾਵੇਗੀ ਅਤੇ ਯੂਥ ਸੰਮੇਲਨ ਯਾਦਗਾਰੀ ਹੋਵੇਗਾ। ਜ਼ਿਕਰਯੋਗ ਹੈ ਕਿ ਸਮਾਜ ਸੇਵੀ ਨਿਤਿਨ ਨੰਦਾ ਨੇ ਸਾਲ 2017 'ਚ ਆਜ਼ਾਦ ਚੋਣ ਲੜੀ ਸੀ। ਪਿੱਛੜੇ ਵਰਗ ਭਾਈਚਾਰੇ ਵਿਚੋਂ ਆਉਣ ਵਾਲੇ ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧਤ ਨਿਤਿਨ ਨੰਦਾ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਚੱਗਰ ਦੇ ਇਲਾਕੇ ਵਿੱਚ ਹਰ ਰੋਜ਼ ਪਾਣੀ ਦੇ ਟੈਂਕਰ, ਐਂਬੂਲੈਂਸ, ਦਵਾਈਆਂ, ਫਰੂਟ, ਸਬਜ਼ੀਆਂ ਆਦਿ ਦੀ ਨਿਰਵਿਘਨ ਸੇਵਾ ਪਿਛਲੇ ਕਈ ਸਾਲਾਂ ਤੋਂ ਕੀਤੀ ਜਾ ਰਹੀ ਹੈ ਜਿਸਦੇ ਚੱਲਦਿਆਂ ਇਲਾਕੇ ਦੇ ਲੋਕਾਂ ਵਿੱਚ ਨਿਤਿਨ ਨੰਦਾ ਦਾ ਕਾਫੀ ਪ੍ਰਭਾਵ ਹੈ। ਇਸ ਮੌਕੇ ਸਮਾਜ ਸੇਵੀ ਨਿਤਿਨ ਨੰਦਾ ਨੇ ਵੀ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਸਮੁੱਚੀ ਲੀਡਰਸ਼ਿਪ ਦਾ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਲਈ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਜਨਰਲ ਸਕੱਤਰ ਅਜੀਤ ਸਿੰਘ ਭੈਣੀ, ਸੂਬਾ ਜਨਰਲ ਸਕੱਤਰ ਗੁਰਲਾਲ ਸੈਲਾ, ਜ਼ਿਲ੍ਹਾ ਪ੍ਰਧਾਨ ਮਾਸਟਰ ਰਾਮ ਪਾਲ ਲਭਿਆਣਾ, ਹਲਕਾ ਪ੍ਰਧਾਨ ਤਹਿਸੀਲਦਾਰ ਜੁਗਿੰਦਰ ਸਿੰਘ, ਭਾਗ ਸਿੰਘ ਕੀਰਤਪੁਰ, ਜਗਤਾਰ ਸਿੰਘ ਆਦਿ ਹਾਜ਼ਰ ਸਨ।

# ਬਸਪਾ ਨੇ ਗੁਰਮੀਤ ਸਿੰਘ ਬਾਖਰਪੁਰ ਨੂੰ ਮੋਹਾਲੀ ਵਿਧਾਨਸਭਾ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ: ਬੈਨੀਵਾਲ

**ਜਲੰਧਰ/ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਵੱਲੋਂ ਮੋਹਾਲੀ ਵਿਧਾਨਸਭਾ ਦੀ ਬਸਪਾ ਤੇ ਬਾਮਸੇਫ ਲੀਡਰਸ਼ਿਪ ਨਾਲ ਲੰਬੀਆਂ ਵਿਚਾਰਾਂ ਤੋਂ ਬਾਅਦ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਵਿੱਚ ਮੋਹਾਲੀ ਤੋਂ ਸ੍ਰੀ ਗੁਰਮੀਤ ਸਿੰਘ ਬਾਖਰਪੁਰ ਨੂੰ ਹਲਕਾ ਇੰਚਾਰਜ ਐਲਾਨਿਆ ਗਿਆ। ਬਸਪਾ ਪੰਜਾਬ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਨੇ ਐਲਾਨ ਕਰਦਿਆਂ ਜਾਣਕਾਰੀ ਦਿੱਤੀ ਕਿ ਸਥਾਨਕ ਬਸਪਾ ਤੇ ਬਾਮਸੇਫ ਲੀਡਰਸ਼ਿਪ ਦੀ ਡੂੰਘੀ ਪੜਚੋਲ ਤੋਂ ਬਾਅਦ ਰਿਪੋਰਟਾਂ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨਿਰਦੇਸ਼ਾਂ ਵਿੱਚ ਜਿਥੇ ਅੱਜ ਗੁਰਮੀਤ ਸਿੰਘ ਬਾਖਰਪੁਰ ਨੂੰ ਸ਼ਾਮਿਲ ਕਰਵਾਇਆ ਗਿਆ ਉਥੇ ਹੀ ਮੋਹਾਲੀ ਦਾ ਇੰਚਾਰਜ ਨਿਯੁਕਤ ਕਰਕੇ 9 ਅਕਤੂਬਰ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਮੌਕੇ ਭੁੱਲ ਸੁਧਾਰ ਰੈਲੀ ਲਈ 100 ਬੱਸਾਂ ਦੇ ਕਾਫਿਲੁ ਦਾ ਟੀਚਾ ਦਿੱਤਾ ਗਿਆ। ਸ੍ਰੀ ਬੈਨੀਵਾਲ ਨੇ ਕਿਹਾ ਕਿ ਗੁਰਮੀਤ ਸਿੰਘ ਬਾਖਰਪੁਰ ਬਸਪਾ ਦੇ ਸੰਭਾਵੀ ਉਮੀਦਵਾਰ ਹੋਣਗੇ। ਉਨ੍ਹਾਂ ਕਿਹਾ ਕਿ ਬਸਪਾ ਤੇ ਸ੍ਰੋਮਣੀ ਅਕਾਲੀ ਦਲ ਵੱਲੋਂ ਲਗਾਇਆ ਮੌਜੂਦਾ



ਹਲਕਾ ਇੰਚਾਰਜ ਜਦੋਂ ਦੀ ਮੋਹਾਲੀ ਵਿਧਾਨਸਭਾ ਹੋਂਦ ਵਿੱਚ ਆਈ ਹੈ, ਪਹਿਲੀ ਵਾਰ ਸਥਾਨਕ ਉਮੀਦਵਾਰ ਦਿੱਤਾ ਗਿਆ ਹੈ। ਸ੍ਰੀ ਬੈਨੀਵਾਲ ਨੇ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਜੀ ਦਾ ਸਖਤ ਨਿਰਦੇਸ਼ ਹੈ ਕਿ ਭਵਿੱਖ ਵਿੱਚ ਕੋਈ ਵੀ ਸੀਟ ਦੀ ਅਦਲਾ ਬਦਲੀ ਨਹੀਂ ਜਾਵੇਗੀ। ਉਨ੍ਹਾਂ ਕਿਹਾ ਕਿ 9 ਅਕਤੂਬਰ ਤੋਂ ਪਹਿਲਾਂ ਪਹਿਲਾਂ ਬਸਪਾ ਆਪਣੇ ਹਿੱਸੇ ਦੀਆਂ 20 ਸੀਟਾਂ ਤੋਂ ਹਲਕਾ ਇੰਚਾਰਜਾਂ ਦਾ ਐਲਾਨ ਕਰ ਦੇਵੇਗੀ। ਇਸ ਮੌਕੇ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਸਪਾ ਅਤੇ ਸ੍ਰੋਮਣੀ ਅਕਾਲੀ ਦਲ ਦੀ ਪਹਿਲੀ ਸਾਂਝੀ ਰੈਲੀ ਜਲੰਧਰ ਵਿਖੇ 9 ਅਕਤੂਬਰ ਨੂੰ ਹੋ ਰਹੀ ਹੈ ਜਿਸਦੀਆਂ ਤਿਆਰੀਆਂ ਜੰਗੀ ਪੱਧਰ ਤੇ ਚੱਲ ਰਹੀਆਂ ਹਨ। ਇਸ ਮੌਕੇ ਗੁਰਮੀਤ ਸਿੰਘ ਬਾਖਰਪੁਰ ਨੇ ਕਿਹਾ ਕਿ ਮੋਹਾਲੀ ਵਿਧਾਨਸਭਾ ਦੇ ਹਰ ਵੋਟਰ ਦੀ ਇੱਛਾ ਸੀ ਕਿ ਸਥਾਨਕ ਉਮੀਦਵਾਰ ਦਿੱਤਾ ਜਾਵੇ। ਮੋਹਾਲੀ ਵਾਸੀਆਂ ਦੀ ਇੱਛਾ ਦਾ ਸਨਮਾਨ ਬਸਪਾ ਨੇ ਕੀਤਾ ਹੈ ਜਿਸ ਲਈ ਉਹ ਸਾਰੇ ਹੀ ਮੋਹਾਲੀ ਵਾਸੀਆਂ ਵੱਲੋਂ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦਾ ਧੰਨਵਾਦ ਕਰਦੇ ਹਨ। ਇਸ ਮੌਕੇ ਉਪ ਪ੍ਰਧਾਨ ਹਰਜੀਤ ਸਿੰਘ, ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਰਾਜਾ, ਸੂਬਾ ਸਕੱਤਰ ਜਗਜੀਤ ਸਿੰਘ ਛੜਬੜ, ਜ਼ੋਨ ਇੰਚਾਰਜ ਹਰਨੇਕ ਸਿੰਘ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ, ਸੁਖਦੇਵ ਸਿੰਘ ਚੱਪੜਚਿੜੀ, ਜ਼ਿਲ੍ਹਾ ਉਪ ਪ੍ਰਧਾਨ, ਹਲਕਾ ਪ੍ਰਧਾਨ ਬਖਸ਼ੀਸ਼ ਸਿੰਘ ਬੰਗੜ, ਦਰਬਾਰਾ ਸਿੰਘ, ਸਵਰਨ ਸਿੰਘ ਲਾਂਡਰਾ, ਦੀਪਕ ਕੁਮਾਰ, ਗੁਰਮੀਤ ਸਿੰਘ ਢਿੱਲੋਂ, ਸੁੱਖੀ ਚਾਚੋਮਾਜਰਾ, ਗੁਰਦਰਸ਼ਨ ਸਿੰਘ ਦਰਸ਼ੀ, ਅਵਤਾਰ ਸਿੰਘ ਕਨੌਲੀ, ਹਰਜੋਤ ਸਿੰਘ ਬਾਖਰਪੁਰ, ਦੀਦਾਰ ਸਿੰਘ ਆਦਿ ਸ਼ਾਮਲ ਸਨ।

# ਉਹ ਇਤਿਹਾਸ ਨਹੀਂ ਬਣਾ ਸਕਦੇ ਜੋ ਇਤਿਹਾਸ ਨੂੰ ਭੁੱਲ ਜਾਂਦੇ ਹਨ

**(ਸਫਾ 17 ਦੀ ਬਾਕੀ)**

ਜਾਣਦਾ ਕਿ ਕੀ ਹੋ ਜਾਂਦਾ।"

ਦੇਖਣ ਵਾਲੀ ਗਲ ਹੈ ਕਿ ਇੱਕ ਜਾਨਵਰ ਦੇ ਖੂਹ ਵਿੱਚ ਡਿਗੇ ਹੋਣ ਨਾਲ ਖੂਹ ਅਸ਼ੁੱਧ ਨਹੀਂ ਹੁੰਦਾ ਪਰ ਇਕ ਡੋਮ ਜਾਤੀ ਦੇ ਇਨਸ਼ਾਨ ਦੇ ਖੂਹ ਵਿੱਚ ਜਾਣ ਨਾਲ ਖੂਹ ਅਸ਼ੁੱਧ ਅਤੇ ਅਪਵਿਤਰ ਹੋ ਜਾਂਦਾ ਹੈ।

ਦੇਖਣ ਵਾਲੀ ਗਲ ਇੱਥੇ ਇਹ ਹੈ, ਕੀ ਮਹੱਤਵਪੂਰਣ ਹੈ: ਅਛੂਤ ਦੁਆਰਾ ਵੱਛੇ ਨੂੰ ਬਚਾਉਣਾ ਜਾਂ ਵੱਛੇ ਦੀ ਖੂਹ ਵਿੱਚ ਮੌਤ ਨਾਲ ਖੂਹ ਨੂੰ ਪ੍ਰਦੂਸ਼ਤਿ ਹੋਣ ਤੋਂ ਬਚਾਉਂਣਾ? ਹਿੰਦੂਆਂ ਦੇ ਦ੍ਰਿਸ਼ਟੀਕੋਣ ਤੋਂ, ਇਹ ਬਿਹਤਰ ਹੋਵੇਗਾ ਜੇ ਵੱਛੇ ਦੀ ਮੌਤ ਵੀ ਖੂਹ ਜਾਵੇ, ਖੂਹ ਪ੍ਰਦੂਸ਼ਤਿ ਨਹੀਂ ਹੋਵੇਗਾ। ਪਰ ਜੇ ਅਛੂਤ, ਭਾਵੇਂ ਵੱਛੇ ਨੂੰ ਬਚਾਉਣ ਦੇ ਉਦੇਸ਼ ਨਾਲ ਖੂਹ ਵਿੱਚ ਉਚਰਦਾ ਹੈ, ਉਹ ਖੂਹ ਨੂੰ ਪ੍ਰਦੂਸਿਤ ਕਰ ਦਿੰਦਾ ਹੈ।

ਇਹ ਕਹਿ ਲਈਏ ਉਹ ਐਸਸੀ ਐਸਟੀ ਸਮਾਜ ਦੀ ਨੌਜਵਾਨ ਜਿਹੜੇ ਹਿੰਦੂ ਹੋਣ ਦਾ ਮਾਣ ਮਹਿਸੂਸ ਕਰਦੇ ਹਨ ਅਤੇ ਸਾਵਣ ਦੇ ਮਹੀਨੇ ਕਾਂਵੜ ਉਠਾਕੇ ਸੈਂਕੜੇ ਮੀਲ ਦੀ ਯਾਤਰਾ ਕਰਦੇ ਹਨ, ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਸਾਫ ਪਾਣੀ ਨੂੰ ਸੂਹ ਲੈਣ ਉਤੇ ਵੀ ਉਹਨਾ ਦੇ ਪੂਰਵਜਾਂ ਦੇ ਕਤਲ ਕਰ ਦਿਤੇ ਜਾਂਦੇ ਸਨ। ਇਹ ਨਵੀ ਪੀੜ੍ਹੀ ਨੂੰ ਸਮਝ ਲੈਣਾ ਚਾਹੀਦਾ ਹੈ। ਕਿ ਉਹਨਾ ਦੇ ਪੂਰਵਜਾਂ ਨੇ ਕਿੰਨੇ ਅਤਿਆਚਾਰ ਸਹਿਕੇ ਅਤੇ ਕਿੰਨੀਆਂ ਮਾਹਦ ਸਤਿਆਗ੍ਰਿਹ ਵਰਗੀਆਂ ਲੜਾਈਆਂ ਲੜੀਆਂ ਆਪਣੇ ਹੀ ਦੇਸ਼ ਵਿੱਚ, ਜਿਸ ਕਾਰ ਹਣ ਉਹ ਅਜਾਦ ਮਹਿਸੂਸ ਕਰ ਰਹੇ ਹਨ।

ਇਸੇ ਤਰ੍ਹਾਂ ਦਾ ਇੱਕ ਹੋਰ ਮਾਮਲਾ 19 ਦਸੰਬਰ 1936 ਦੇ 'ਬੰਬੇ ਸਮਾਚਾਰ' ਵਿੱਚ ਦਰਜ ਹੈ:

"ਕਾਲੀਕਟ ਦੇ ਇੱਕ ਪਿੰਡ ਕਾਲਾਡੀ ਵਿੱਚ, ਇੱਕ ਮੁਟਿਆਰ ਦਾ ਬੱਚਾ ਇੱਕ ਖੂਹ ਵਿੱਚ ਡਿੱਗ ਪਿਆ। ਔਰਤ ਨੇ ਸ਼ੋਰ ਮਚਾਇਆ, ਬੱਚੇ ਨੂੰ ਬਚਾਉਣ ਲਈ ਰੌਲ਼ਾ ਪਾਇਆ। ਪਰ ਉੱਥੇ ਮੌਜੂਦ ਕਿਸੇ ਨੇ ਵੀ ਖੂਹ ਹੇਠਾਂ ਜਾਣ ਦੀ ਹਿੰਮਤ ਨਹੀਂ ਕੀਤੀ। ਇੱਕ ਅਜਨਬੀ ਜੋ ਉੱਥੋਂ ਲੰਘ ਰਿਹਾ ਸੀ, ਉਸਨੇ ਖੂਹ ਵਿੱਚ ਛਾਲ ਮਾਰ ਦਿੱਤੀ ਅਤੇ ਬੱਚੇ ਨੂੰ ਬਚਾਇਆ। ਬਾਅਦ ਵਿੱਚ, ਜਦੋਂ ਲੋਕਾਂ ਨੇ ਮਦਦਗਾਰ ਨੂੰ ਪੁੱਛਿਆ ਕਿ ਉਹ ਕੌਣ ਹੈ, ਤਾਂ ਉਸਨੇ ਕਿਹਾ, ਉਹ ਇੱਕ ਅਛੂਤ ਸੀ। ਇਸ ਲਈ ਸ਼ੁਕਰਗੁਜ਼ਾਰ ਹੋਣ ਦੀ ਬਜਾਏ, ਆਦਮੀ ਨਾਲ ਬਹੁਤ ਦੁਰਵਿਵਹਾਰ ਕੀਤਾ ਗਿਆ ਅਤੇ ਬਹੁਤ ਬੇਰਹਿਮੀ ਨਾਲ ਕੁੱਟਿਆ ਗਿਆ ਕਿਉਂਕਿ ਉਸਨੇ ਖੂਹ ਨੂੰ ਪ੍ਰਦੂਸ਼ਤਿ ਕੀਤਾ ਸੀ।"

ਇਹ ਕੇਵਲ ਪਾਣੀ ਜਾ ਖੂਹ ਨੂੰ ਪ੍ਰਦੂਸ਼ਤ ਕਰਨ ਤਕ ਸੀਮਤ ਨਹੀ ਹੈ ਜੀਵਨ ਦੇ ਹਰ ਸਾਰੇ ਹਿੱਸੇ ਵਿੱਚ ਮੌਜੂਦ ਰਿਹਾ ਹੈ। ਇਕ ਹੋਰ ਖਬਰ ਦਾ ਵੇਰਵਾ ਹੈ ਜੋ ਜੁਲਾਈ 1937 ਲਈ ਲਖਨਊਦੇ 'ਆਦਿ ਹਿੰਦੂ' ਵਿੱਚ ਛਪੀ ਇਸ ਘਟਨਾ ਤੋਂ ਸਪਸ਼ਟ ਹੁੰਦਾ ਹੈ ਕਿ ਇੱਕ ਅਛੂਤ ਇੱਕ ਅਛੂਤ ਸੰਗਤੀ ਲਈ ਕਿੰਨਾ ਅਸੂੱਧ ਅਤੇ ਅਯੋਗ ਹੈ: ਇਹ ਕਹਿੰਦਾ ਹੈ:

"ਮਦਰਾਸ ਹੋਲਮਜ਼ ਕੰਪਨੀ ਦੇ ਇੱਕ ਕਰਮਚਾਰੀ, ਜਿਸ ਨੇ ਉੱਚ ਜਾਤੀ ਦੇ ਵਿਅਕਤੀਆਂ ਵਿੱਚੋਂ ਇੱਕ ਹੋਣ ਦਾ ਦਾਅਵਾ ਕੀਤਾ ਸੀ, ਦਾ ਹਾਲ ਹੀ ਵਿੱਚ ਦੇਹਾਂਤ ਹੋ ਗਿਆ। ਜਦੋਂ ਸ਼ਮਸ਼ਾਨ ਘਾਟ 'ਤੇ ਉਸ ਦੀ ਚਿਖਾ ਨੂੰ ਅੱਗ ਲਗਾਈ ਗਈ, ਉਸ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਇਸ' ਤੇ ਚਾਵਲ ਸੁੱਟ ਦਿੱਤੇ। ਇਨ੍ਹਾਂ ਦੋਸਤਾਂ ਵਿੱਚ ਬਦਕਿਸਮਤੀ ਨਾਲ ਇੱਕ ਅਛੂਤ, ਮਦਰਾਸ ਦਾ ਇੱਕ ਆਦਿ-ਦ੍ਰਵਿੜ ਵੀ ਸੀ। ਉਹ ਚੌਲ ਸੁੱਟਣ ਵਿੱਚ ਵੀ ਸ਼ਾਮਲ ਹੋਇਆ। ਇਸ 'ਤੇ, ਉੱਚ ਜਾਤੀ ਦੇ ਹਿੰਦੂਆਂ ਨੇ ਉਸ ਨੂੰ ਚਿਖਾ ਨੂੰ ਅਪਵਿੱਤਰ ਕਰਨ ਲਈ ਝਿੜਕਿਆ। ਇਸ ਨਾਲ ਇੱਕ ਤਿੱਖੀ ਬਹਿਸ ਹੋਈ ਅਤੇ ਨਤੀਜਾ ਇਹ ਹੋਇਆ ਕਿ ਦੋ ਆਦਮੀਆਂ ਦੇ ਪੇਟ ਵਿੱਚ ਚਾਕੂ ਮਾਰਿਆ ਗਿਆ, ਉਨ੍ਹਾਂ ਵਿੱਚੋਂ ਇੱਕ ਦੀ ਹਸਪਤਾਲ ਪਹੁੰਚਦਿਆਂ ਹੀ ਮੌਤ ਹੋ ਗਈ ਅਤੇ ਦੂਜੇ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।"

ਸੰਪੂਰਣ ਸਮਾਜ ਦੇ ਖੂਹਾਂ ਨੂੰ ਪ੍ਰਦੂਸ਼ਿਤ ਕਰਨਾ ਅਤੇ ਉਸ ਦੇ ਪਹੁੰਚ ਤੋਂ ਦੂਰ ਰਹਿਣਾ ਇੱਥੇ ਹੀ ਬਸ ਨਹੀ ਸੀ ਕਿ ਅਛੂਤ ਆਪਣੇ ਆਕ ਨੂੰ ਹਿੰਦੂ ਕਹਾਉਣ ਵਾਲੇ ਖੂਹ ਤੋਂ ਪਾਣੀ ਨਹੀਂ ਲੈ ਸਕਦੇ, ਇਹ ਸਭ ਕੁਝ ਨਹੀਂ ਹੈ। ਉਨ੍ਹਾਂ ਨੂੰ ਆਪਣੇ ਲਈ ਪੱਕੇ ਇੱਟਾਂ ਦਾ ਖੂਹ ਨਹੀਂ ਬਣਾ ਸਕਦੇ ਸਨ ਭਾਵੇਂ ਉਨ੍ਹਾਂ ਕੋਲ ਅਜਿਹਾ ਕਰਨ ਲਈ ਪੈਸੇ ਹੋਣ। ਆਪਣੇ ਲਈ ਪੱਕਾ ਖੂਹ ਰੱਖਣ ਦਾ ਮਤਲਬ ਹੈ ਆਪਣੇ ਆਪ ਨੂੰ ਸਵਰਣ ਹਿੰਦੂਆਂ ਦੇ ਰੁਤਬੇ ਤਕ ਪਹੁੰਚਾਉਣ ਦੀ ਕੋਸ਼ਿਸ਼ ਕਰਨਾ ਸੀ ਜੋ ਹਿੰਦੂ ਜਾਤੀਵਾਦੀ ਹਿੰਦੂ ਵਰਣਵਿਵਸਥਾ ਅਤੇ ਮਨੂਸਿਮਰਤੀ ਦੇ ਵਿਧਾਨ ਦੇ ਸਥਾਪਿਤ ਆਦੇਸ਼ ਦੇ ਵਿਰੁੱਧ ਹੈ।

6 ਜੂਨ 1934 ਦਾ 'ਮਿਲਾਪ' ਹੇਠ ਲਿਖੀਆਂ ਘਟਨਾਵਾਂ ਦੀ ਰਿਪੋਰਟ ਕਰਦਾ ਹੈ:

"ਅਛੂਤ ਉਧਾਰਕ ਕਮੇਟੀ, ਪੰਜਾਬ ਦੇ ਸਕੱਤਰ ਲਾਲਾ ਰਾਮ ਪ੍ਰਸ਼ਾਦਜੀ ਨੇ ਹੇਠ ਲਿਖੇ ਪ੍ਰਭਾਵਾਂ ਨੂੰ ਲਿਖਿਆ ਹੈ:" ਇਸ ਗਰਮੀ ਦੇ ਮੌਸਮ ਵਿੱਚ, ਹਰ ਜਗ੍ਹਾ ਤੋਂ ਸਿਕਾਇਤਾਂ ਮਿਲ ਰਹੀਆਂ ਹਨ ਕਿ ਪਾਣੀ ਦੀ ਸਪਲਾਈ ਇੱਕ ਵੱਡੀ ਸਮੱਸਿਆ ਬਣ ਰਹੀ ਹੈ। ਅਛੂਤ ਵਰਗ ਦੇ ਲੋਕ, ਜਿਨ੍ਹਾਂ ਕੋਲ ਆਪਣੇ ਖੁਦ ਦੇ ਖੂਹ ਨਹੀਂ ਹਨ, ਆਪਣੇ ਹੱਥਾਂ ਵਿੱਚ ਭਾਂਡੇ ਲੈ ਕੇ ਖੂਹ ਦੇ ਕੋਲ ਬੈਠੇ ਹਨ। ਜੇ ਕੋਈ ਦਿਆਲੂ ਹੋਵੇ ਤਾਂ ਉਹ ਥੋੜ੍ਹਾ ਅਤੇ ਚੰਗਾ ਪਾਣੀ ਪਾਵੇ, ਨਹੀਂ ਤਾਂ ਉਹ ਬੇਸਹਾਰਾ ਬੈਠੇ ਰਹਿੰਦੇ ਹਨ ਹੈ। ਕੁਝ ਥਾਵਾਂ 'ਤੇ, ਹਾਲਾਂਕਿ, ਕਿਸੇ ਨੂੰ ਵੀ ਪੈਸਿਆਂ ਦੇ ਬਦਲੇ ਇਨ੍ਹਾਂ ਲੋਕਾਂ ਨੂੰ ਪਾਣੀ ਦੋਣ ਦੀ ਆਗਿਆ ਨਹੀਂ ਹੈ ਅਤੇ ਜੇ ਕੋਈ ਅਜਿਹਾ ਕਰਦਾ ਹੈ, ਤਾਂ ਜਾਨਲੇਵਾ ਲੜਾਈਆਂ ਸ਼ੁਰੂ ਹੋ ਜਾਂਦੀਆਂ ਹਨ। ਉਨ੍ਹਾਂ ਲਈ ਨਾ ਸਿਰਫ ਪਿੰਡ ਦੇ ਖੂਹਾਂ ਦੀ ਵਰਤੋਂ ਵਰਜਿਤ ਹੈ, ਬਲਕਿ ਉਨ੍ਹਾਂ ਨੂੰ ਆਪਣੇ ਪੈਸਿਆਂ ਨਾਲ ਆਪਣੇ ਖੁਦ ਦੇ ਖੂਹ ਬਣਾਉਣ ਦੀ ਇਜਾਜ਼ਤ ਵੀ ਨਹੀਂ ਹੈ।"

ਇਸੇ ਪ੍ਰਭਾਵ ਦੇ ਲਈ 21 ਅਪ੍ਰੈਲ 1924 ਦੀ "ਤੇਜ" ਵਿੱਚ ਰਿਪੋਰਟ ਕੀਤੀ ਗਈ ਘਟਨਾ ਹੈ:

"ਓਪਾੜ ਪਿੰਡ ਦੇ ਚਮਾਰਾਂ ਦੀ ਗਿਣਤੀ ਲਗਭਗ 250 ਸੀ। ਲਗਭਗ ਡੇਢਮਹੀਨਾ ਪਹਿਲਾਂ, ਉਨ੍ਹਾਂ ਨੇ ਮੁਸਲਿਮ ਜਲ ਕੈਰੀਅਰਾਂ (ਆਰੀਆ ਸਮਾਜ ਪੰਡਤਾਂ ਦੇ ਸੁਝਾਵਾਂ ਤੇ?) ਦੇ ਚਮੜੇ ਦੇ ਬਣੇ ਮਛਕਾਂ ਵਿੱਚੋਂ ਪੀਣ ਵਾਲਾ ਪਾਣੀ ਲੈਣਾ ਛੱਡ ਦਿੱਤਾ ਸੀ ਅਤੇ ਹੁਣ ਉਹ ਹਨ&; ਕਿ ਉਨ੍ਹਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਬਾਰੇ ਬਹੁਤ ਮੁਸ਼ਕਿਲਾਂ ਆ ਰਹੀਆਂ ਹਨ। ਪਿੰਡ ਦੇ ਜੱਟ ਨਾ ਸਿਰਫ ਉਹ ਪਿੰਡ ਦੇ ਚਮਾਰਾਂ ਨੂੰ ਉਨ੍ਹਾਂ ਦੇ ਪਿੰਡ ਦੇ ਖੂਹਾਂ ਤੋਂ ਪਾਣੀ ਲੈਣ ਤੋਂ ਪੱਕੀਆਂਰੋਕਾਂ ਲਾਉਂਦੇ ਹਨ ਬਲਕਿ ਉਨ੍ਹਾਂ ਨੂੰ ਆਪਣੇ ਖੁਦ ਦੇ ਖੂਹ ਬਣਾਉਣ ਵੀ ਨਹੀਂ ਦਿੰਦੇ। ਗਰੀਬ ਚਮਾਰ ਛੱਪੜਾਂ ਅਤੇ ਟੋਇਆਂ ਦੇ ਪਾਣੀ ਤੇ ਜੀ ਰਹੇ ਹਨ। ਕੱਲ੍ਹ, ਦਲਿਤ ਸੁਧਾਰ (ਹਰੀਜਨ ਉੱਨਤੀ) ਕਮੇਟੀ ਦੇ ਸਕੱਤਰ ਡਾ: ਸੁਖਦੇਵ ਜੀ ਓਪਾੜਪਿੰਡ ਵਿੱਚ ਜਾਂਚ ਕਰਨ ਆਏ ਅਤੇ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ। ਉਸਨੇ ਚਮਾਰਾਂ ਦੀ ਹਾਲਤ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਤੋਂ ਪਰੇ ਦੀ ਗਲ ਕਿਹਾ ਅਤੇ ਜਾਟਾਂ ਦੁਆਰਾ ਉਨ੍ਹਾਂ ਦੇਉੱਤੇ ਕੀਤੇ ਜਾਂਦੇ ਅਤਿਆਚਾਰ ਦੀਆਂ ਖਬਰਾਂ ਦੀ ਪੁਸ਼ਟੀ ਕਰਦੇ ਹੋਏ ਇਸ ਨੂੰ ਸੱਚਾ ਅਤੇ ਇੱਕ ਅਸਲੀ ਤੱਥ ਦਸਿਆ।"

ਬੜੌਦਾ ਰਾਜ ਨੇ ਮਾਨਵਤਾ ਬਰਾਬਰੀ ਦੇ ਬਹੁਤ ਸਾਰੇ ਪ੍ਰਮੁੱਖ ਕਾਨੂੰਨ ਬਣਾਏ ਸਨ। ਇਸੇ ਤਰਾਂ ਦੀ ਖਬਰ ਦਾ ਵੇਰਵਾ ਦਿੰਦੇ ਹਿੰਦੂਵਾਦ ਦੇ ਮਨੂਵਾਦੀ ਕਾਨੂੰਨਾਂ ਦੇ ਰਾਜ ਨੂੰ ਅੰਗਰੇਜਾਂ ਨਾਲੋਂ ਬਿਹਤਰ ਬਨਾਉਣ ਦੀ ਕੋਸ਼ਿਸ ਕੀਤੀ ਗਈ। ਹਿੰਦੂ ਧਰਮ, ਜਿਸ ਧਰਮ ਦੇ ਬਣਾਏ ਕਾਨੂੰਨ ਔਰਤ ਨੂੰ ਜਿੰਦਾ ਜਲਾਉਣ ਦੀ ਸਤੀ ਪ੍ਰਥਾ ਅਤੇ ਮਰਦ ਨੂੰ ਜਿੰਦਾ ਇਮਾਰਤ ਦੀ ਨੀਂਹ ਵਿੱਚ ਚਿਣ ਦੇਣ ਵਰਗੀ ਚਰਖ ਪੂਜਾ ਵਰਗੇ ਕਾਨੂੰਨ ਸੰਸਾਰ ਦੇ ਸਭ ਨਾਲੋਂ ਘ੍ਰਿਣਤ ਅਤੇ ਅਣਮਨੁੱਖੀ ਕਾਨੂੰਨ ਸਨ ਪਾਣੀ ਵਰਗੀ ਜੀਵਨ ਦਾਨ ਦੀ ਲੋੜ ਛੋਟੀ ਦਿਖਾਈ ਦੇ ਸਕਦੀ ਹੈ। ਪਰ ਪਾਣੀ ਹੈ ਤਾਂ ਜਿੰਦਗੀ ਹੈ। 9 ਮਈ 1931 ਦੇ 'ਟਾਈਮਜ਼ ਆਫ਼ ਇੰਡੀਆ' ਤੋਂ ਹੇਠਾਂ ਦਿੱਤਾ ਗਿਆ ਹੈ:

"ਬੜੌਦਾ ਰਾਜ ਵਿੱਚ ਅਛੂਤਾਂ ਨਾਲ ਲੱਗਦੇ ਬ੍ਰਿਟਿਸ਼ ਖੇਤਰ ਨਾਲੋਂ ਬਿਹਤਰ ਸਲੂਕ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਰਾਜ ਨੇ ਜਾਤ ਦੇ ਲੋਕਾਂ ਦੇ ਨਾਲ ਅੰਤਰਜਾਤੀ ਦੀ ਬਰਾਬਰੀ ਨੂੰ ਮਾਨਤਾ ਦੇਣ ਵਾਲੇ ਕਾਨੂੰਨ ਬਣਾਏ ਹਨ। ਅਤੇ ਫਿਰ ਵੀ ਦੂਜੇ ਦਿਨ ਪਦਰਸ ਤਾਲੁਕਾ ਵਿੱਚ ਇੱਕ ਗਰੀਬ ਅੰਤਯਜਾ ਔਰਤ ਦੀ ਖੜ੍ਹੀ ਫਸਲ ਨੂੰ ਅੱਗ ਲਗਾ ਦਿੱਤੀ ਗਈ ਅਤੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ, ਕਿਉਂਕਿ ਉਸਨੇ ਆਪਣੇ ਛੋਟੇ ਬੇਟੇ ਨੂੰ ਸਥਾਨਕ ਪ੍ਰਾਇਮਰੀ ਸਕੂਲ ਭੇਜਣ ਦੀ ਹਿੰਮਤ ਕੀਤੀ ਸੀ। ਹੁਣ ਕਾਡੀ ਪ੍ਰਾਂਤ ਵਿੱਚ ਚਨਾਸਮਾ ਦੀ ਇੱਕ ਦੁੱਖ ਦੀ ਕਹਾਣੀ ਆਉਂਦੀ ਹੈ ਜਿੱਥੇ ਇੱਕ ਕਾਰੀਗਰ ਖੂਹ ਡੂੱਬ ਗਿਆ ਹੈ ਅਤੇ ਅੰਤੇਯਜਾ ਦੀ ਕਿਰਤ ਨਾਲ ਬਣਾਇਆ ਗਿਆ ਹੈ ਜਿਨ੍ਹਾਂ ਨਾਲ ਖੂਹ ਦੇ ਪਾਣੀ ਦੀ ਵਰਤੋਂ ਦਾ ਵਾਅਦਾ ਕੀਤਾ ਗਿਆ ਸੀ। ਪਰ ਜਦੋਂ ਖੂਹ ਵਰਤੋਂ ਲਈ ਤਿਆਰ ਹੋ ਗਿਆ ਤਾਂ ਉਨ੍ਹਾਂ ਨੂੰ ਪਹਿਲਾਂ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਕਿ ਇਹ ਉਨ੍ਹਾਂ ਲਈ ਨਹੀਂ ਸੀ, ਅਤੇ ਜਦੋਂ ਉਨ੍ਹਾਂ ਨੇ ਪੰਚ ਨੂੰ ਸਿਕਾਇਤ ਕੀਤੀ ਤਾਂ ਬਾਅਦ ਵਿੱਚ ਉਹਨਾ ਨੇ ਖੁੱਲ੍ਹਾ ਦਿਲ ਦਿਖਾਉਂਦੇ ਹੋਏ ਉਨ੍ਹਾਂ ਨੂੰ ਖੂਹ ਤੋਂ 500 ਫੁੱਟ ਲੰਮੀ ਪਾਈਪ ਪਾਉਣ ਦੀ ਇਜਾਜ਼ਤ ਦੇ ਦਿੱਤੀ ਜਿਸ ਦੇ ਅੰਤ ਵਿੱਚ ਉਨ੍ਹਾਂ ਕੋਲ ਇੱਕ ਟੂਟੀ ਹੋ ਸਕਦੀਸੀ।ਖੁਦਹੁਣਅਚਾਨਕਟੂਟੀ ਲਾਉਣ ਦੇ ਚੱਕਰ ਵਿੱਚ ਜ਼ਮੀਨ ਦਾ ਇੱਕ ਮਾਲਕ ਫਸ ਗਿਆ ਸੀ, ਇਸ ਲਈ ਪਾਈਪ ਲਾਈਨ ਨੂੰ ਸਥਾਨਕ ਟੈਂਕ ਦੇ ਨੇੜੇ ਕਿਤੇ ਲਿਜਾਇਆ ਗਿਆ ਸੀ, ਪਰ ਟੈਂਕ ਤੋਂ ਗੰਦਾ ਪਾਣੀ ਹੀ ਮਿਲਦਾ ਸੀ। ਇਸ ਲਈ ਕਿਤੇ ਹੋਰ ਰੱਖਿਆ ਗਿਆ ਸੀ। ਪਰ ਕੀ ਇਸਦਾ ਮਤਲਬ ਮੁਸੀਬਤ ਦਾ ਅੰਤ ਸੀ?

ਨਹੀਂ, ਗੁੱਸੇ ਵਿੱਚ ਆਏ ਜਾਤੀ ਦੇ ਲੋਕਾਂ ਨੇ ਕਈ ਵਾਰ ਪਾਈਪ ਲਾਈਨ ਕੱਟ ਦਿੱਤੀ ਹੈ ਅਤੇ ਅੰਤੇਯਜਾ ਪੀਣ ਲਈ ਪਾਣੀ ਤੋਂ ਰਹਿਤ ਸਨ। ਸ੍ਰੀ ਗਾਂਧੀ ਦੇ ਸ਼ਬਦ ਦੀ ਵਰਤੋਂ ਕਰਨ ਲਈ ਕਿੰਨਾ 'ਢੁਕਵਾਂ' ਹੈ, ਅਛੂਤਾਂ ਨੂੰ ਉਨ੍ਹਾਂ ਦੇ ਮੂਲ-ਧਰਮੀਆਂ ਦੁਆਰਾ ਕੀਤੇ ਗਏ ਸਲੂਕ ਨੂੰ ਮਹਿਸੂਸ ਕਰਨਾ ਚਾਹੀਦਾ ਹੈ।"

# ਪਰਗਟ ਸਿੰਹਾ, ਇਹ ਖੇਡ ਮੰਤਰੀ ਵਾਲੀ ਕੁਰਸੀ ਦਾ ਤਾਜ ਕੰਡਿਆਂ ਦੀ ਸੇਜ ਨਾਲੋਂ ਘੱਟ ਨਹੀਂ, ਜਰਾ ਬਚ ਕੇ ਮੋੜ ਤੋਂ?




ਪੰਜਾਬ ਵਿੱਚ ਕਾਂਗਰਸ ਸਰਕਾਰ ਦੇ ਤਿੰਨ ਮਹੀਨੇ ਬਾਕੀ ਹਨ ਚਾਰੇ ਪਾਸਿਆਂ ਤੋਂ ਸਿਆਸੀ ਕਲਾਬਾਜ਼ੀਆਂ ਅਤੇ ਧੋਬੀ ਪਟਕੇ ਵੱਜ ਰਹੇ ਹਨ ,ਕੋਈ ਮੰਤਰੀ ਬਣ ਰਿਹਾ ਹੈ, ਕਿਸੇ ਨੂੰ ਮੰਤਰੀ ਦੇ ਅਹੁਦੇ ਤੋਂ ਹਟਾਇਆ ਜਾ ਰਿਹਾ ਹੈ। ਕੋਈ ਅਸਤੀਫਾ ਦੇ ਰਿਹਾ, ਕੋਈ ਨਵੇਂ ਅਹੁਦਾ ਦੀ ਭਾਲ ਵਿਚ ਉਡਾਰੀ ਮਾਰ ਰਿਹਾ ਹੈ। ਚਾਰੇ ਪਾਸੇ ਖਲਬਲੀ ਮੱਚੀ ਪਈ ਹੈ। ਪੰਜਾਬ ਦੀ ਸਿਆਸਤ ਵਿੱਚੋਂ ਕੈਪਟਨ ਦੇ ਦਿਨ ਪੁੱਗ ਗਏ ਹਨ, ਚਰਨਜੀਤ ਸਿੰਘ ਚੰਨੀ ਪੰਜਾਬ ਦਾ ਨਵਾਂ ਕੈਪਟਨ ਬਣ ਗਿਆ ਹੈ, ਸਿੱਧੂ ਦੀ ਮਿਜ਼ਾਈਲ ਦਾ ਕੋਈ ਪਤਾ ਨਹੀਂ ਚੱਲ ਰਿਹਾ ਕਿ ਕਦੋਂ ਅਤੇ ਕਿਵੇਂ ਕਿੱਧਰ ਨਾ ਚੱਲ ਜਾਵੇ ,ਪੰਜਾਬ ਦੇ ਅਵਾਮ ਦੀਆਂ ਨਜ਼ਰਾਂ ਸਿਰਫ਼ ਰਾਜਨੀਤਕ ਆਗੂਆਂ ਦੀ ਵਰਤਮਾਨ ਕਾਰਗੁਜ਼ਾਰੀ 'ਤੇ ਲੱਗੀਆਂ ਹੋਈਆਂ ਹਨ ਲੋਕ ਸਿਆਸਤ ਦੇ ਤੇਲ ਅਤੇ ਤੇਲ ਦੀ ਧਾਰ ਨੂੰ ਵੇਖ ਰਹੇ ਹਨ ਫਿਰ ਹੀ ਉਨ੍ਹਾਂ ਨੇ ਇਹ ਫ਼ੈਸਲਾ ਲੈਣਾ ਹੈ ਕਿ 2022 ਵਿੱਚ ਅਗਲੀ ਸਰਕਾਰ ਕਿਸ ਦੀ ਬਣਾਉਣੀ ਹੈ ? ਪੰਜਾਬ ਦੀ ਸਿਆਸਤ ਦੇ ਆਉਣ ਵਾਲੇ ਤਿੰਨ ਮਹੀਨੇ ਬੜੇ ਨਾਜ਼ੁਕ ਹਨ ,ਜਿਹੜਾ ਵੀ ਆਪਣੀ ਉਸਾਰੂ ਕਾਰਗੁਜ਼ਾਰੀ ਦਾ ਪ੍ਰਭਾਵ ਲੋਕਾਂ ਵਿੱਚ ਛੱਡ ਗਿਆ ਓਸਦੀ ਹੀ 2022 ਚ ਬੱਲੇ ਬੱਲੇ ਹੋਣੀ ਹੈ।



ਹਾਕੀ ਓਲੰਪੀਅਨ ਸਰਦਾਰ ਪਰਗਟ ਸਿੰਘ ਪੰਜਾਬ ਦੇ ਨਵੇਂ ਖੇਡ ਮੰਤਰੀ ਅਤੇ ਸਿੱਖਿਆ ਮੰਤਰੀ ਬਣੇ ਹਨ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਓਲੰਪੀਅਨ ਪੱਧਰ ਦੇ ਖਿਡਾਰੀ ਨੂੰ ਪੰਜਾਬ ਦਾ ਖੇਡ ਅਤੇ ਸਿੱਖਿਆ ਮੰਤਰੀ ਬਣਾਇਆ ਹੈ ਹੁਣ ਤਕ ਪੰਜਾਬ ਦੀ ਸਿਆਸਤ ਵਿਚ ਉਹ ਖੇਡ ਮੰਤਰੀ, ਸਿੱਖਿਆ ਮੰਤਰੀ ਬਣੇ ਹਨ ਜਿਨ੍ਹਾਂ ਨੂੰ ਨਾ ਹੀ ਕੋਈ ਖੇਡਾਂ ਬਾਰੇ ਗਿਆਨ ਸੀ ਨਾਂ ਹੀ ਪੜ੍ਹਾਈ ਦਾ ਇੱਲ ਤੇ ਕੁੱਕੜ ਆਉਂਦਾ ਸੀ। ਇਹ ਆਪਾਂ ਸਾਰਿਆਂ ਨੂੰ ਪਤਾ ਹੀ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਪਿਛਲੇ ਤਿੰਨ ਦਹਾਕਿਆਂ ਵਿੱਚ ਬਣੇ ਖੇਡ ਮੰਤਰੀ ਭਾਵੇਂ ਸੁਖਬੀਰ ਸਿੰਘ ਬਾਦਲ ਬਣਿਆ ਹੋਵੇ ਜਾਂ ਫੇਰ ਹਰਮਿੰਦਰ ਜੱਸੀ ਹੋਵੇ , ਗੁਲਜ਼ਾਰ ਸਿੰਘ ਰਣੀਕੇ ਹੋਵੇ, ਜਾਂ ਪਵਨ ਟੀਨੂੰ ਹੋਵੇ ਕਿ ਓਹ ਕਿਹੜੀ ਯੂਨੀਵਰਸਿਟੀ ਵਲੋਂ ਖੇਡੇ ਹਨ ? ਕਿਸੇ ਗੇਮ ਨੂੰ ਖੇਡਣਾ ਤਾਂ ਦੂਰ ਦੀ ਗੱਲ, ਇਨ੍ਹਾਂ ਨੇ ਤਾਂ ਕਦੇ ਗੁੱਲੀ ਡੰਡਾ ਵੀ ਨਹੀਂ ਖੇਡਿਆ ਹੋਣਾ, ਬਸ ਖੇਡ ਮੰਤਰੀ ਬਣਨਾ ਇੱਕ ਉਨ੍ਹਾਂ ਦੀ ਇਕ ਰਾਜਸੀ ਖਾਨਾਪੂਰਤੀ ਹੀ ਸੀ। ਗੁਰਮੀਤ ਰਾਣਾ ਸੋਢੀ ਇਕ ਚੰਗਾ ਖਿਡਾਰੀ ਹੋ ਕੇ ਖੇਡ ਮੰਤਰੀ ਹੁੰਦਿਆਂ ਵੀ ਖਿਡਾਰੀਆਂ ਦੀਆਂ ਆਸਾਂ ਤੇ ਖ਼ਰਾ ਨਹੀਂ ਉਤਰ ਸਕਿਆ ।

ਹੁਣ ਵਾਰੀ ਆ ਗਈ ਹੈ,ਓਲੰਪੀਅਨ ਪਰਗਟ ਸਿੰਘ ਦੇ ਖੇਡ ਅਤੇ ਸਿੱਖਿਆ ਮੰਤਰੀ ਬਣਨ ਦੀ , ਪਰ ਪਰਗਟ ਸਿੰਘ ਲਈ ਇਹ ਖੇਡ ਮੰਤਰੀ ਦਾ ਤਾਜ ਕਿਸੇ ਕੰਡਿਆਂ ਦੀ ਸੇਜ ਨਾਲੋਂ ਘੱਟ ਨਹੀਂ, ਕਿਉਂਕਿ ਅਹੁਦੇ ਦੇ ਨਾਲ ਨਾਲ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਪਰ ਗੱਲ ਇਹ ਵੀ ਹੈ ਕਿ ਇਕੱਲੀਆਂ ਖੇਡਾਂ ਦਾ ਹੀ ਨਹੀਂ ਪੂਰੇ ਪੰਜਾਬ ਦਾ ਹੀ ਸਿਸਟਮ ਇੰਨਾ ਬਿਗੜ ਗਿਆ ਹੈ ਕਿ ਇਸ ਨੂੰ ਠੀਕ ਕਰਨਾ "ਕੋਈ ਖਾਲਾ ਜੀ ਦਾ ਵਾੜਾ "ਨਹੀਂ ਹੈ, ਅੱਜ ਦੀ ਰਾਜਨੀਤੀ ਚਾਪਲੂਸਾਂ ਦੀ ਰਾਜਨੀਤੀ ਬਣਕੇ ਰਹਿ ਗਈ ਹੈ । ਸਿਆਣੇ ਬੰਦੇ, ਪੜ੍ਹੇ ਲਿਖੇ ਲੋਕ ਸਿਆਸਤ ਦੇ ਭ੍ਰਿਸ਼ਟ ਸਿਸਟਮ ਤੋਂ ਦੁਖੀ ਹੋ ਕੇ ਦੂਰ ਚਲੇ ਗਏ ਹਨ,ਇਸ ਵਕਤ



ਬਹੁਤੇ ਖਿਡਾਰੀਆਂ ਦੀ ਹਾਲਤ ਭਿਖਾਰੀਆਂ ਵਰਗੀ ਹੈ। ਚੰਗੇ ਤੋਂ ਚੰਗਾ ਖਿਡਾਰੀ ਵੀ ਨੌਕਰੀਆਂ ਲਈ ਦਰ ਦਰ ਭਟਕਦਾ ਫਿਰਦਾ ਹੈ। ਅੱਜ ਵੱਡੀ ਲੋੜ ਹੈ ਵੱਖ ਵੱਖ ਖੇਡ ਐਸੋਸੀਏਸ਼ਨਾਂ ਵਿਚ ਵੱਡੇ ਸੁਧਾਰਾਂ ਦੀ, ਬਹੁਤੀਆਂ ਖੇਡਾਂ ਦੀਆਂ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੀਆਂ ਚੈਪੀਅਨਸ਼ਿਪ ਨਹੀਂ ਹੋ ਰਹੀਆਂ ਹਨ। ਵੱਖ ਵੱਖ ਸਰਕਾਰੀ ਵਿਭਾਗਾਂ ਦੇ ਖੇਡ ਸੈਲ ਖ਼ਤਮ ਹੋ ਗਏ ਹਨ ,ਵੱਖ ਵੱਖ ਵਿਭਾਗਾਂ ਦੀਆਂ ਵੱਖ ਵੱਖ ਖੇਡਾਂ ਨਾਲ ਸਬੰਧਤ ਟੀਮਾਂ ਖਤਮ ਹੋ ਗਈਆਂ ਹਨ । ਖੇਡ ਵਿਭਾਗ ਕੋਲ ਨਾਮਾਤਰ ਕੋਚ ਹਨ, ਲੰਬੇ ਸਮੇਂ ਤੋਂ ਕੋਚਾਂ ਦੀ ਭਰਤੀ ਹੀ ਨਹੀਂ ਹੋਈ ਹੈ।

ਸਕੂਲਾਂ ਕਾਲਜਾਂ ਦੇ ਖੇਡ ਵਿੰਗਾਂ ਦੀ ਠੋਸ ਪ੍ਰਕਿਰਿਆ ਹੋਣੀ ਚਾਹੀਦੀ ਹੈ । ਸਭ ਤੋਂ ਅਹਿਮ ਵਿਚਾਰ ਇਹ ਹੈ ਪੰਜਾਬ ਨੂੰ ਇੱਕ ਸਾਰਥਿਕ ਠੋਸ ਉਸਾਰੂ ਅਤੇ ਖਿਡਾਰੀਆਂ ਦੇ ਹਿੱਤ ਵਾਲੀ ਖੇਡ ਨੀਤੀ ਚਾਹੀਦੀ ਹੈ ਜੋ ਪਿਛਲੇ 70 ਸਾਲਾਂ ਵਿੱਚ ਨਹੀਂ ਬਣੀ ਹੈ ,ਇਸੇ ਕਰਕੇ ਪੰਜਾਬ ਦੇ ਵਿੱਚ ਖੇਡਾਂ ਦੇ ਖੇਤਰ ਵਿੱਚ ਵੱਡਾ ਨਿਘਾਰ ਆਇਆ ਹੈ। ਜੇਕਰ ਪਰਗਟ ਸਿੰਘ ਵਿੱਚ ਦਮ ਹੈ ,ਖਿਡਾਰੀਆਂ ਲਈ ਠੋਸ ਖੇਡ ਨੀਤੀ ਬਣਾਵੇ।

ਜੇ ਖੇਡ ਨੀਤੀ ਬਣਾਉਣ ਦਾ ਦਮ ਹੈ ਅਮਰੀਕਾ ਅਤੇ ਚੀਨ ਦੀ ਖੇਡ ਨੀਤੀ ਦੀ ਨਕਲ ਕਰੇ ,ਜੇ ਨਹੀਂ ਤਾਂ ਘੱਟੋ ਘੱਟ ਹਰਿਆਣਾ ਦੀ ਖੇਡ ਨੀਤੀ ਦੀ ਨਕਲ ਕਰਕੇ ਦੇਖ ਲਵੇ ਜੇ ਉਹ ਵੀ ਨਹੀਂ ਕਰ ਸਕਦਾ ਤਾਂ ਘੱਟੋ ਘੱਟ ਪੰਜਾਬ ਦੀ ਇੱਕ ਵੱਖਰੀ ਖੇਡ ਨੀਤੀ ਬਣਾਵੇ ਜੋ ਪੰਜਾਬ ਦੇ ਖਿਡਾਰੀਆਂ ਦਾ ਹਿੱਤ ਪੂਰਦੀ ਹੋਵੇ ਤਾਂ ਹੀ ਪੰਜਾਬ ਦੇ ਵਿੱਚ ਖੇਡਾਂ ਦਾ ਭਲਾ ਹੋ ਸਕਦਾ ਨਹੀਂ ਤਾਂ ਜਿਸਤਰਾਂ ਦੇ ਪਹਿਲਾਂ ਖੇਡ ਮੰਤਰੀ ਆਏ , ਗੱਲਾਂ ਬਾਤਾਂ ਅਤੇ ਬਿਆਨਬਾਜ਼ੀ ਨਾਲ ਹੀ ਖਿਡਾਰੀਆਂ ਦਾ ਢਿੱਡ ਭਰਦੇ ਰਹੇ ਉਸੇ ਤਰ੍ਹਾਂ ਦਾ ਹੀ ਪਰਗਟ ਸਿੰਘ ਦਾ ਕਾਰਜਕਾਲ ਹੋਵੇਗਾ। ਹੁਣ ਦੇਖਣਾ ਤਾਂ ਇਹ ਆਂ ਕਿ ਪਰਗਟ ਸਿੰਘ ਪੰਜਾਬ ਦੀ ਸਿਆਸਤ ਵਿੱਚ ਖੇਡ ਮੰਤਰੀ ਬਨਣ ਵਾਲਾ ਮੈਚ ਆਖਰੀ ਪਲਾਂ ਵਿਚ ਜਿੱਤਦਾ ਜਾਂ ਹਾਰਦਾ ਹੈ? ਸਮਾਂ ਅਜੇ ਕੁੱਝ ਬਾਕੀ ਹੈ। ਪੰਜਾਬ ਦੇ ਖਿਡਾਰੀਓ ਵੀਰੋ, ਬਾਕੀ ਤੁਹਾਡਾ ਰੱਬ ਰਾਖਾ!

# ਜੂਨੀਅਰ ਨੈਸ਼ਨਲ ਅਕੈਡਮੀਜ਼ ਹਾਕੀ ਚੈਂਪੀਅਨਸਿਪ ਭੋਪਾਲ ਵਿਖੇ ਆਰੰਭ

## ਜੈਬ ਜਰਖੜ ਹਾਕੀ ਅਕੈਡਮੀ ਸਮੇਤ 26 ਟੀਮਾਂ ਲੈਣਗੀਆਂ ਹਿੱਸਾ, ਜਰਖੜ ਅਕੈਡਮੀ ਹੁਣ ਕੌਮੀ ਪੱਧਰ ਤੇ ਚਮਕੇਗੀ

**ਲੁਧਿਆਣਾ** --ਹਾਕੀ ਨੂੰ ਗ੍ਰਾਸਰੂਟ ਤੇ ਪ੍ਰਫੁੱਲਤ ਕਰਨ ਦੇ ਉਪਰਾਲਿਆਂ ਨਾਲ ਹਾਕੀ ਇੰਡੀਆ ਵੱਲੋਂ ਪਹਿਲੀ ਜੂਨੀਅਰ ਨੈਸ਼ਨਲ ਅਕੈਡਮੀਜ਼ ਸਬ ਜੂਨੀਅਰ ਚੈਂਪੀਅਨਸ਼ਿਪ 4 ਅਕਤੂਬਰ ਤੋਂ 13 ਅਕਤੂਬਰ ਤੱਕ ਸਾਈ ਸੈਂਟਰ ਭੋਪਾਲ ਵਿਖੇ ਹੋ ਰਹੀ ਹੈ।

ਇਸ ਕੌਮੀ ਹਾਕੀ ਚੈਂਪੀਅਨਸ਼ਿਪ ਵਿੱਚ ਪੂਰੇ ਮੁਲਕ ਭਰ ਵਿਚੋਂ 26 ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਕੌਮੀ ਪੱਧਰ ਦੀ ਹਾਕੀ ਚੈਂਪੀਅਨਸ਼ਿਪ ਵਿੱਚ ਮੁਲਕ ਭਰ ਵਿਚੋਂ ਜੋ ਟੀਮਾਂ ਹਿੱਸਾ ਲੈ ਰਹੀਆਂ ਹਨ ਉਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ, ਸਿਟੀਜ਼ਨ ਹਾਕੀ ਇਲੈਵਨ, ਨਾਮਧਾਰੀ ਹਾਕੀ ਅਕੈਡਮੀ ਮੱਧਿਆ ਪ੍ਰਦੇਸ਼ ਹਾਕੀ ਅਕੈਡਮੀ, ਚੀਮਾ ਹਾਕੀ ਅਕੈਡਮੀ ਗੁਰਦਾਸਪੁਰ, ਭਾਈ ਬਹਿਲੋ ਹਾਕੀ ਅਕੈਡਮੀ ਭਾਈ ਭਗਤਾ, ਮਾਲਵਾ ਅਕੈਡਮੀ ਹਨੂੰਮਾਨਗੜ੍ਹ, ਓਲੰਪੀਅਨ ਵਿਵੇਕ ਸਿੰਘ ਹਾਕੀ ਅਕੈਡਮੀ, ਹਰ ਹਾਕੀ ਅਕੈਡਮੀ , ਹਿਮ ਹਾਕੀ ਅਕੈਡਮੀ ਹਿਮਾਚਲ ,ਤਾਮਿਲਨਾਡੂ ਹਾਕੀ ਅਕੈਡਮੀ, ਸਾਈ ਅਕੈਡਮੀ ਭੋਪਾਲ, ਟਾਟਾ ਹਾਕੀ ਅਕੈਡਮੀ ਉੜੀਸਾ, ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ, ਧਿਆਨ ਚੰਦ ਹਾਕੀ ਅਕੈਡਮੀ ਲਖਨਊ, ਜੈ ਭਾਰਤ ਹਾਕੀ ਅਕੈਡਮੀ, ਰਾਊਂਡ ਗਲਾਸ ਹਾਕੀ ਅਕੈਡਮੀ ਜਲੰਧਰ ਆਦਿ ਹੋਰ ਨਾਮੀ ਹਾਕੀ ਅਕੈਡਮੀਆਂ ਹਿੱਸਾ ਲੈਣਗੀਆਂ। ਹਾਕੀ ਇੰਡੀਆ ਨੇ ਹੇਠਲੇ ਪੱਧਰ ਤੇ ਹਾਕੀ ਨੂੰ ਪ੍ਰਫੁੱਲਤ ਕਰਨ ਲਈ ਸਬ ਜੂਨੀਅਰ ਪੱਧਰ ਤੇ ਇਹ ਹਾਕੀ ਮੁਕਾਬਲੇ ਸ਼ੁਰੂ ਕੀਤੇ ਹਨ ਇਨ੍ਹਾਂ ਵਿੱਚੋਂ ਹਾਕੀ ਦਾ ਹੁਨਰ ਤਰਾਸ਼ ਕੇ ਉਨ੍ਹਾਂ ਦਾ ਕੌਮੀ ਪੱਧਰ ਤੇ ਕੋਚਿੰਗ ਕੈਂਪ ਲਗਾਇਆ ਜਾਵੇਗਾ ਅਤੇ ਇਨ੍ਹਾਂ ਟੀਮਾਂ ਵਿੱਚੋਂ ਹੀ ਭਾਰਤ ਦੀਆਂ ਜੂਨੀਅਰ ਪੱਧਰ ਦੀਆਂ ਹਾਕੀ ਟੀਮਾਂ ਤਿਆਰ ਕੀਤੀਆਂ ਜਾਣਗੀਆਂ।




ਇਸ ਤੋਂ ਇਲਾਵਾ ਹਾਕੀ ਇੰਡੀਆ ਵੱਲੋਂ ਜੂਨੀਅਰ ਪੱਧਰ ਦੀ ਹਾਕੀ ਚੈਂਪੀਅਨਸ਼ਿਪ (ਅੰਡਰ -18) ਵੀ 18 ਤੋਂ 27 ਅਕਤੂਬਰ ਤੱਕ ਭੋਪਾਲ ਵਿਖੇ ਹੀ ਕਰਵਾਈ ਜਾ ਰਹੀ ਹੈ ਉਸ ਹਾਕੀ ਚੈਂਪੀਅਨਸ਼ਿਪ ਵਿੱਚ ਵੀ ਮੁਲਕ ਭਰ ਵਿਚੋਂ 25 ਦੇ ਕਰੀਬ ਟੀਮਾਂ ਹਿੱਸਾ ਲੈ ਰਹੀਆਂ ਹਨ। ਜੂਨੀਅਰ ਹਾਕੀ ਚੈਂਪੀਅਨਸ਼ਿਪ ਵਿੱਚ ਵੀ ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਨੂੰ ਵਿਸ਼ੇਸ਼ ਤੌਰ ਤੇ ਐਂਟਰੀ ਦਿੱਤੀ ਗਈ ਹੈ । ਕੌਮੀ ਹਾਕੀ ਚੈਂਪੀਅਨਸ਼ਿਪ ਖੇਡਣ ਵਾਸਤੇ ਜਰਖੜ ਹਾਕੀ ਅਕੈਡਮੀ ਨੂੰ 5ਜੈਬ ਫਾਊਂਡੇਸ਼ਨ ਨੇ ਵਿਸ਼ੇਸ਼ ਤੌਰ ਤੇ ਸਪਾਂਸਰ ਕੀਤਾ ਹੈ। ਟੀਮ ਦੀ ਸਾਰੀ ਸਪੋਰਟਸ ਕਿੱਟ ਅਤੇ ਟਰੈਕ ਸੂਟ 5ਜੈਬ ਫਾਊਂਡੇਸ਼ਨ ਵੱਲੋਂ ਦਿੱਤੇ ਗਏ ਹਨ ਜਿਨ੍ਹਾਂ ਉੱਤੇ ਡੇਢ ਲੱਖ ਦੇ ਕਰੀਬ ਖਰਚ ਆਇਆ ਹੈ। ਜਰਖੜ ਹਾਕੀ ਅਕੈਡਮੀ ਨੂੰ ਕੌਮੀ ਪੱਧਰ ਤੇ ਐਂਟਰੀ ਮਿਲਣ ਨਾਲ ਇਲਾਕੇ ਦੇ ਵਿੱਚ ਹਾਕੀ ਖਿਡਾਰੀਆਂ ਨੂੰ ਅਤੇ ਹਾਕੀ ਖੇਡ ਨੂੰ ਵੱਡੇ ਪੱਧਰ ਤੇ ਹੁੰਗਾਰਾ ਮਿਲੇਗਾ ਅਤੇ ਬੱਚਿਆਂ ਨੂੰ ਸਿੱਧੇ ਤੌਰ ਤੇ ਕੌਮੀ ਖਿਡਾਰੀ ਬਣਨ ਦਾ ਮੌਕਾ ਮਿਲੇਗਾ।

# ਨਿਊਜ਼ੀਲੈਂਡ 'ਚ ਦਾਖਲ ਹੋਣ ਲਈ 1 ਨਵੰਬਰ ਤੋਂ ਗੈਰ ਨਾਗਰਿਕਾਂ ਲਈ ਟੀਕਾਕਰਣ ਲਾਜ਼ਮੀ


**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ ਸਰਕਾਰ ਨੇ 1 ਨਵੰਬਰ 2021 ਤੋਂ ਗੈਰ ਨਿਊਜ਼ੀਲੈਂਡ ਨਾਗਰਿਕਾਂ ਦੇ ਲਈ ਕਰੋਨਾ ਦੀ ਰੋਕਥਾਮ ਵਾਲਾ ਟੀਕਾਕਰਣ ਲੱਗਿਆ ਹੋਣਾ ਲਾਜ਼ਮੀ ਕਰ ਦਿੱਤਾ ਹੈ। ਹੁਣ ਇਥੇ ਆਉਣ ਲਈ ਜਹਾਜ਼ੇ ਚੜ੍ਹਨ ਦੀ ਤਾਂ ਹੀ ਇਜ਼ਾਜਤ ਹੋਵੇਗੀ ਜੇਕਰ 17 ਸਾਲ ਤੋਂ ਉਪਰ ਵਾਲੇ ਗੈਰ ਨਾਗਰਿਕ ਆਪਣਾ ਕਰੋਨਾ ਟੀਕਾਕਰਣ ਕਰਾ ਚੁੱਕੇ ਹੋਣਗੇ। ਦੇਸ਼ ਸਿਹਤ ਮੰਤਰੀ ਸ੍ਰੀ ਕ੍ਰਿਸ ਹਿਪਕਿਨਸ ਨੇ ਅੱਜ ਇਸ ਨਿਯਮਾਵਲੀ ਦਾ ਐਲਾਨ ਕੀਤਾ ਹੈ। ਇਹ ਫੈਸਲਾ ਨਿਊਜ਼ੀਲੈਂਡ ਨੂੰ ਦੁਨੀਆ ਦੇ ਨਾਲ ਮੁੜ ਤੋਂ ਜੋੜਨ ਲਈ ਜ਼ਰੂਰੀ ਸਮਝਿਆ ਗਿਆ ਹੈ। ਇਥੇ ਆਉਣ ਵਾਲਿਆਂ ਨੂੰ ਪ੍ਰਬੰਧਕੀ ਇਕਾਂਤਵਾਸ ਸਹੂਲਤ (ਐਮ. ਆਈ. ਕਿਊ) ਕਮਰੇ ਦੀ ਰਜਿਸਟ੍ਰੇਸ਼ਨ ਵੇਲੇ ਟੀਕਾਕਰਣ ਬਾਰੇ ਸਬੂਤ ਸਮੇਤ ਦੱਸਣਾ ਪਿਆ ਕਰੇਗਾ। ਜੇਕਰ ਕਿਸੀ ਨੂੰ ਇਸਦੀ ਛੋਟ ਹੈ ਤਾਂ ਉਸਨੂੰ ਏਅਰ ਲਾਈਨ ਨੂੰ ਦੱਸਣਾ ਹੋਵੇਗਾ ਅਤੇ ਇਥੇ ਜਹਾਜ਼ ਉਤਰਨ ਤੋਂ ਬਾਅਦ ਕਸਟਮ ਅਧਿਕਾਰੀਆਂ ਨੂੰ ਇਹ ਦੱਸਣਾ ਹੋਵੇਗਾ। ਸਰਕਾਰ ਨੇ ਕਿਹਾ ਹੈ ਕਿ ਇਸ ਵੇਲੇ 22 ਤਰ੍ਹਾਂ ਦੀਆਂ ਦਵਾਈਆਂ ਪ੍ਰਮਾਣਿਕ ਹਨ ਅਤੇ ਇਨ੍ਹਾਂ ਵਿਚੋਂ ਜਿਹੜੀ ਵੀ ਲੱਗੀ ਹੋਵੇ ਉਹ 14 ਦਿਨ ਪਹਿਲਾਂ ਲੱਗੀ ਹੋਣੀ ਚਾਹੀਦੀ ਹੈ। ਇਥੇ ਆ ਕੇ 14 ਦਿਨ ਦਾ ਇਕਾਂਤਵਾਸ ਅਜੇ ਜਾਰੀ ਰਹੇਗਾ ਅਤੇ 72 ਘੰਟੇ ਪਹਿਲਾਂ ਹੋਇਆ ਕਰੋਨਾ ਟੈਸਟ ਦਾ ਨਤੀਜਾ ਵੀ ਨੈਗੇਟਿਵ ਆਇਆ ਹੋਣਾ ਚਾਹੀਦਾ ਹੈ। ਇਹ ਸਾਰਾ ਕੁਝ ਅਜੇ ਆਰਜ਼ੀ ਤੌਰ 'ਤੇ ਕੀਤਾ ਜਾ ਰਿਹਾ ਹੈ ਕਿਉਂਕਿ ਸਰਕਾਰ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵੱਲੋਂ ਡਿਜ਼ੀਟਲ ਵੈਕਸੀਨੇਸ਼ਨ ਪਾਸਪੋਰਟ ਵੀ ਲਿਆਂਦਾ ਜਾ ਰਿਹਾ ਜਿਸ ਦੇ ਬਾਅਦ ਸਿਹਤ ਦੀ ਜਾਂਚ ਸਬੰਧੀ ਚੈਕਿੰਗ ਲਈ ਬਹੁਤ ਕੁਝ ਹੋਰ ਬਦਲਿਆ ਜਾਵੇਗਾ।




ਏਅਰ ਨਿਊਜ਼ੀਲੈਂਡ ਨੇ ਵੀ ਐਲਾਨ ਕਰ ਦਿੱਤਾ ਹੈ ਕਿ 1 ਫਰਵਰੀ 2022 ਤੋਂ ਉਹ ਲੋਕ (18 ਜਾਂ ਉਸ ਤੋਂ ਉਪਰ) ਹੀ ਹਵਾਈ ਯਾਤਰਾ ਕਰ ਸਕਣਗੇ ਜਿਨ੍ਹਾਂ ਦਾ ਪੂਰਾ ਕਰੋਨਾ ਟੀਕਾਕਰਣ ਹੋਇਆ ਹੋਵੇਗਾ। ਪੰਜਾਬ ਦੀ ਗੱਲ ਕਰੀਏ ਤਾਂ ਉਥੇ ਇਸ ਵੇਲੇ 1 ਕਰੋੜ 96 ਲੱਖ ਲੋਕਾਂ ਦੇ ਘੱਟੋ-ਘੱਟ ਇਕ ਟੀਕਾ ਅਤੇ 1 ਕਰੋੜ 45 ਲੱਖ 55 ਹਜ਼ਾਰ ਲੋਕਾਂ ਦੇ ਦੋਵੇਂ ਟੀਕੇ ਲੱਗ ਚੁੱਕੇ ਹਨ। ਵਿਸ਼ਵ ਸਿਹਤ ਸੰਸਥਾ ਵੱਲੋਂ ਫਾਈਜ਼ਰ ਨੂੰ ਸਭ ਤੋਂ ਪਹਿਲਾਂ ਈ. ਯੂ. ਐਲ. (ਐਮਰਜੈਂਸੀ ਯੂਜ ਲਿਸਟਿੰਗ' ਦੇ ਵਿਚ 31 ਦਸੰਬਰ 2020 ਨੂੰ ਰੱਖਿਆ ਗਿਆ ਸੀ। ਭਾਰਤ ਵੱਲੋਂ ਕੋਵਸ਼ੀਲਡ ਅਤੇ ਅਸਟ੍ਰਾਜੈਨੀਕਾ ਬਣਾਈ ਗਈ। ਜਾਨਸੀਨਲ ਜੌਹਨਸ ਵੱਲੋਂ ਬਣਾਈ ਗਈ।



# 29ਵਾਂ ਸਥਾਪਨਾ ਦਿਵਸ



## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)

ਦਾ 29ਵਾਂ ਸਥਾਪਨਾ ਦਿਵਸ 8, 9, 10 ਅਕਤੂਬਰ 2021
ਨੂੰ ਸਾਧਸੰਗਤਿ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

### ◆ ਪ੍ਰੋਗਰਾਮ ◆

**ਸ਼ੁੱਕਰਵਾਰ 08 ਅਕਤੂਬਰ 2021**

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ

**ਸ਼ਨੀਵਾਰ 09 ਅਕਤੂਬਰ 2021**


ਸ੍ਰੀ ਨਿਸ਼ਾਨ ਸਾਹਿਬ ਸੇਵਾ ਬਾਅਦ ਦੁਪਹਿਰ 3:00 ਵਜੇ
ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਕੀਰਤਨ ਦੀਵਾਨ
ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ
(ਗੁਰੂਘਰ ਦਾ ਹਜ਼ੂਰੀ ਰਾਗੀ ਜਥਾ)
ਅਤੇ ਭਾਈ ਜਗਜੀਤ ਸਿੰਘ ਯੋਗੀ ਕੀਰਤਨੀ ਜਥਾ
ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ

**ਐਤਵਾਰ 10 ਅਕਤੂਬਰ 2021**

ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ
ਸਵੇਰੇ 11:00 ਵਜੇ ਤੋਂ 1:30 ਵਜੇ ਤੱਕ ਕੀਰਤਨ ਦੀਵਾਨ
ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਚਰਨਜੀਤ ਸਿੰਘ
(ਗੁਰੂਘਰ ਦਾ ਹਜ਼ੂਰੀ ਰਾਗੀ ਜਥਾ)
ਅਤੇ ਭਾਈ ਨਿਰਮਲ ਸਿੰਘ ਨਾਗਪੁਰੀ ਕੀਰਤਨੀ ਜਥਾ
ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ







ਸੇਵਾਦਾਰ: ਸ੍ਰੀ ਸੁਭਾਸ਼ ਬੰਗਾ ਅਤੇ ਬੰਗਾ ਪਰਿਵਾਰ, ਸ੍ਰੀ ਅਵਤਾਰ ਜੱਸਲ ਅਤੇ ਜੱਸਲ ਪਰਿਵਾਰ ਅਤੇ ਸਾਧਸੰਗਤਿ ਜੀਓ
ਸੇਵਾ ਸ੍ਰੀ ਨਿਸ਼ਾਨ ਸਾਹਿਬ ਜੀ: ਸ੍ਰੀ ਪਿਰਥੀ ਪਾਲ ਸਿੰਘ, ਬੀਬੀ ਜਸਵੰਤ ਕੌਰ ਪਰਿਵਾਰ ਅਤੇ ਸਾਧਸੰਗਤਿ ਜੀਓ

**ਸਮੂਹ ਸਾਧਸੰਗਤਿ ਨੂੰ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ**

ਬੇਨਤੀ ਕਰਤਾ: ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ 6221 16th Street , Rio Linda, CA 95673

Shri Guru Ravidass Temple Sacramento
@shri.gururavidasstemplesacramento

ਗੁਰੂਘਰ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਸੇਵਾ ਬਾਰੇ ਜਾਣਕਾਰੀ ਲਈ ਸੰਪਰਕ:
ਸ੍ਰੀ ਤੇਜਪਾਲ ਵਿਰਕ (ਚੇਅਰਮੈਨ) 916-912-5678 ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜਨਰਲ ਸਕੱਤਰ) 916-276-2538 ਗੁਰੂਘਰ ਫ਼ੋਨ: (916) 992-1710

# ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਆਗੂ ਬਾਬੂ ਕਾਂਸ਼ੀ ਰਾਮ ਦੀ ਬਰਸੀ ਤੇ 09 ਅਕਤੂਬਰ, 2021 ਲਈ ਵਿਸ਼ੇਸ਼



ਕੁਲਦੀਪ ਚੰਦ
91-9417563054

ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਸਦੀਆਂ ਤੱਕ ਵਰਣ ਵਿਵਸਥਾ ਅਧਾਰਤ ਭੇਦਭਾਵ ਕਾਇਮ ਰਿਹਾ ਹੈ ਅਤੇ ਇਸ ਕਾਰਨ ਕੁੱਝ ਅਖੌਤੀ ਮੰਨੂਵਾਦੀਆਂ ਵਲੋਂ ਇੱਕ ਵਿਸ਼ੇਸ ਵਰਗ ਦੇ ਲੋਕਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਵਿਉਹਾਰ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਵਰਗ ਦੇ ਲੋਕਾਂ ਨੂੰ ਕਿਸੇ ਵੀ ਤਰਾਂ ਦੇ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਆਦਿ ਅਧਿਕਾਰ ਪ੍ਰਾਪਤ ਨਹੀਂ ਸਨ। ਇਸ ਵਿਤਕਰੇ ਖਿਲਾਫ ਅਤੇ ਕੁਪ੍ਰਥਾ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਉਨ੍ਹਾਂ ਵਿੱਚ ਪੰਜਾਬ ਦੇ ਰੋਪੜ ਜਿਲ੍ਹੇ ਨਾਲ ਸਬੰਧਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਰ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਆਪ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਆਪ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭ ਤੋਂ ਵੱਡੇ ਸਨ। ਆਪ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਸਿੱਖ ਧਰਮ ਨੂੰ ਮੰਨਦਾ ਸੀ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਸਨ ਪ੍ਰੰਤੂ ਆਪ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਸੀ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਆਪ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਕਈ ਦੂਜੇ ਵਰਗਾਂ ਦੇ ਅਖੌਤੀ ਮੰਨੂਵਾਦੀ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ। ਆਪ ਨੇ ਇਸ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਕਈ ਵਾਰ ਆਪ ਹੰਢਾਇਆ। ਆਪ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ ਤੋਂ 1956 ਵਿੱਚ ਵਿਗਿਆਨ ਵਿਸ਼ੇ ਨਾਲ ਗ੍ਰੈਜੂਏਸ਼ਨ ਮੁਕੰਮਲ ਕੀਤੀ। ਇਸ ਦੌਰਾਨ ਆਪਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਕਰ ਦਿਤਾ। ਸਾਲ 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਸਿਖਲਾਈ ਲਈ ਦੇਹਰਾਦੂਨ ਚੱਲੇ ਗਏ। ਸਿਖਲਾਈ ਦੌਰਾਨ ਸਮੂਹ ਸਿਖਿਆਰਥੀਆਂ ਨੂੰ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਇਹ ਸਿਖਲਾਈ ਛੱਡਕੇ ਵਾਪਸ ਆ ਗਏ। ਇਸਤੋਂ ਬਾਦ 1958 ਵਿੱਚ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਇਜ਼ੇਸ਼ਨ ਪੂਨਾ ਵਿੱਚ ਬਤੌਰ ਸਹਾਇਕ ਵਿਗਿਆਨੀ ਦੀ ਨੌਕਰੀ ਸ਼ੁਰੂ ਕੀਤੀ। ਆਪਨੇ 1965 ਵਿੱਚ ਅਪਣੇ ਅਦਾਰੇ ਵਿੱਚ ਇੱਕ ਹੋਰ ਸਟਾਫ ਮੈਂਬਰ ਦੀਨਾ ਭਾਨਾ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਛੁੱਟੀਆਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ਼ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਛੁੱਟੀਆਂ ਮੁੜ ਸ਼ੁਰੂ ਕਰਵਾਈਆਂ। ਸਾਲ1971 ਵਿੱਚ ਆਪ ਨੇ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ। ਆਦਿ ਧਰਮ ਮੰਡਲ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਚੋਥਾ ਵਰਗ ਮੰਨੇ ਜਾਂਦੇ ਲੋਕਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਆਪ ਨੇ ਸਾਰਾ ਜੀਵਨ ਸਮਾਜ ਦੇ ਲਿਤਾੜੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਆਪ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਕਹਿੰਦੇ ਸਨ ਕਿ



ਇਸ ਪੂਨਾ ਪੈਕਟ ਸਮਝੋਤੇ ਕਾਰਨ ਕਮਿਊਨਲ ਐਵਾਰਡ ਦੁਆਰਾ ਦੇਸ਼ ਦੇ ਮੂਲ ਨਿਵਾਸੀਆਂ ਨੂੰ ਮਿਲੇ ਵੱਖਰੇ ਵੋਟ ਦੇ ਅਧਿਕਾਰ ਤੋਂ ਬਾਂਝੇ ਰਹਿਣਾ ਪਿਆ ਹੈ। 23 ਸਤੰਬਰ 1982 ਨੂੰ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਮੌਕੇ ਇੱਕ ਕਿਤਾਬ ਚਮਚਾ ਯੁੱਗ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਕਿਹਾ ਕਿ ਇਸ ਪੂਨਾ ਪੈਕਟ ਦੁਆਰਾ ਦਲਿਤਾਂ ਨੂੰ ਅਪਣੇ ਅਸਲੀ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਦੂਰ ਕੀਤਾ ਗਿਆ ਹੈ। ਆਪ ਨੇ ਸਮਾਜਿਕ-ਰਾਜਨੀਤਿਕ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਸਾਥੀਆਂ ਨਾਲ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਲੱਗਭੱਗ 3000 ਕਿਲੋਮੀਟਰ ਲੰਬੀ ਸਾਇਕਲ ਯਾਤਰਾ ਕੀਤੀ। ਉਨ੍ਹਾਂ ਨੇ ਡਾਕਟਰ ਭੀਮ ਰਾਓ ਅੰਬੇਡਕਰ, ਜਯੋਤਿਵਾ ਫੂਲੇ, ਪੈਰੀਅਰ ਰਾਮਾਸਵਾਮੀ ਆਦਿ ਸਮਾਜਿਕ ਅੰਦੋਲਨਕਾਰੀਆਂ ਦੇ ਅੰਦੋਲਨ ਨੂੰ ਅੱਗੇ ਲਿਜਾਉਣ ਲਈ ਮੁਹਿੰਮ ਚਲਾਈ। ਆਪ ਨੇ 06 ਦਸੰਬਰ, 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ (ਬਾਮਸੇਫ) ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀ ਐਸ-4) ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ। ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜਾਂ ਲੋਕਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਸ਼ੂਦਰ ਵਰਗ ਨਾਲ ਸਬੰਧਿਤ ਲੱਗਭੱਗ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜਨ ਸਮਝਣ ਦੇ ਤਜਰਬੇ ਅਤੇ ਜਿੰਨੀ ਜਿਸਦੀ ਸੰਖਿਆ ਭਾਰੀ ਉਤਨੀ ਉਸਦੀ ਹਿੱਸੇਦਾਰੀ ਦੇ ਨਾਹਰੇ ਨਾਲ ਬੀਐਸਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਥੋੜੇ ਸਮੇਂ ਵਿੱਚ ਹੀ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ ਲੱਗਭੱਗ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। ਸਾਲ 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਕੇ ਵੱਡੀ ਜਿੱਤ ਹਾਸਲ ਕੀਤੀ। ਆਪ ਖੁੱਦ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ ਲੱਗਭੱਗ 50 ਸਾਲ ਪਹਿਲਾਂ ਆਦਿ ਧਰਮ ਮੰਡਲ ਦੇ ਪ੍ਰਧਾਨ ਬਾਬੂ ਮੰਗੂ ਰਾਮ ਮੁਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਦੇ 75 ਸਾਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। ਸਾਲ 1998 ਵਿੱਚ ਆਪ ਨੇ ਐਲਾਨ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਨਗੇ ਜਦੋਂ ਤੱਕ ਲੋਕ ਸਭਾ ਵਿੱਚ ਘੱਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਭਾਰਤੀ ਜਨਤਾ ਪਾਰਟੀ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਅਟਲ ਬਿਹਾਰੀ ਵਾਜਪਈ ਨੇ ਇੱਕ ਵਾਰ ਆਪ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਪਰ ਆਪ ਨੇ ਇਹ ਕਹਿ ਕੇ ਮਨ੍ਹਾਂ ਕਰ ਦਿਤਾ ਕਿ ਉਹ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਬਣਕੇ ਰਾਜਸੱਤਾ ਨੂੰ ਸਦੀਆਂ ਤੋਂ ਲਿਤਾੜੇ ਲੋਕਾਂ ਦੇ ਵਿਹੜਿਆਂ ਤੱਕ ਪਹੁੰਚਾਣਾ ਚਾਹੁੰਦੇ ਹਨ। ਆਪ ਨੇ ਚੋਣਾਂ ਦੌਰਾਨ ਇੱਕ ਵੋਟ ਇੱਕ ਨੋਟ ਦਾ ਨਾਹਰਾ ਦੇਕੇ ਲੋਕਾਂ ਨੂੰ ਅਪਣੇ ਨਾਲ ਜੋੜਿਆ ਅਤੇ ਦੇਸ਼ ਦੀਆਂ ਵੱਡੀਆਂ ਰਾਜਨੀਤਿਕ ਪਾਰਟੀਆਂ ਦੇ ਵੋਟ ਬੈਂਕ ਨੂੰ ਸੰਨ੍ਹ ਲਗਾ ਦਿੱਤੀ। ਆਪ ਚੋਣਾਂ ਸਬੰਧੀ ਅਕਸਰ ਕਹਿੰਦੇ ਸਨ ਕਿ ਪਹਿਲੀ ਚੋਣ ਹਾਰਨ ਲਈ ਦੂਜੀ ਚੋਣ ਹਰਾਉਣ ਲਈ ਅਤੇ ਫਿਰ ਤੀਜੀ ਚੋਣ ਤੋਂ ਜਿੱਤ ਸ਼ੁਰੂ ਹੋ ਜਾਂਦੀ ਹੈ। ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਮੁੜ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ ਹੈ। ਆਪ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ ਆਪ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। ਸਾਲ 2003 ਵਿੱਚ ਆਪ ਦੀ ਹਾਲਤ ਹੋਰ ਖਰਾਬ ਹੋ ਗਈ ਅਤੇ 2004 ਤੋਂ ਬਾਦ ਆਪ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਲੰਬੀ ਬਿਮਾਰੀ ਬਾਦ ਅੱਜ ਦੇ ਦਿਨ ਮਿਤੀ 09 ਅਕਤੂਬਰ 2006 ਨੂੰ ਬਾਬੂ ਕਾਂਸ਼ੀ ਰਾਮ ਸਦੀਵੀ ਵਿਛੋੜਾ ਦੇ ਗਏ ਹਨ। ਆਪ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜੀਆਂ ਵਸਤਾਂ ਦੀ ਇੱਕ ਲਾਇਬ੍ਰੇਰੀ ਤਿਆਰ ਕੀਤੀ ਗਈ ਹੈ। ਇਸਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੋਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਸਾਬਕਾ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਲਈ ਵਿਸ਼ੇਸ਼ ਗਰਾਂਟ ਦੇਕੇ ਲੱਗਭੱਗ 45 ਲੱਖ ਰੁਪਏ ਨਾਲ ਡਾਕਟਰ ਅੰਬੇਡਕਰ ਭਵਨ ਦੀ ਉਸਾਰੀ ਕਰਵਾਈ ਗਈ ਹੈ ਅਤੇ ਪਿੰਡ ਦੇ ਸਕੂਲ ਲਈ 10 ਲੱਖ ਰੁਪਏ ਖਰਚੇ ਗਏ ਹਨ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਅਕਸਰ ਇਸ ਸਥਾਨ ਤੇ ਪਹੁੰਚਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਨ ਅਤੇ ਉਨ੍ਹਾਂ ਵਲੋਂ ਚਲਾਏ ਗਏ ਅੰਦੋਲਨਾ ਤੋਂ ਸੇਧ ਲੈਂਦੇ ਹਨ। ਅੱਜ ਦੇਸ਼ ਵਿਦੇਸ਼ ਵਿੱਚ ਸਾਹਿਬ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਮੌਕੇ ਵੱਖ ਵੱਖ ਸੰਗਠਨਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਹੈ।

# ਪੰਜਾਬ ਦੀ ਮਿੱਟੀ ਨਾਲ ਜੁੜਿਆ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ



ਗੁਰਿੰਦਰਜੀਤ ਨੀਟਾ ਮਾਛੀਕੇ

ਲਿਖਣਾ ਅਤੇ ਗਾਉਣਾ ਪ੍ਰਮਾਤਮਾ ਵੱਲੋਂ ਮਿਲੀ ਹੋਈ ਉਹ ਅਦੁੱਤੀ ਸੁਗਾਤ ਹੈ ਜੋ ਬੜੇ ਘੱਟ ਲੋਕਾਂ ਦੇ ਹਿੱਸੇ ਆਉਂਦੀ ਹੈ। ਕੋਈ ਬੰਦਾ ਗਾਇਕ ਵੀ ਹੋਵੇ ਤੇ ਗੀਤਕਾਰ ਵੀ ਇਹ ਫਿਰ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਕੁਝ ਲੇਖਕਾਂ ਜਾ ਸ਼ਾਇਰਾਂ ਦੀ ਲੇਖਣੀ ਕਾਰਨ ਪੜਨ ਵਾਲੇ ਪਾਠਕ ਦਾ ਮਨ ਉਚਾਟ ਹੋ ਜਾਂਦਾ ਹੈ ਅਤੇ ਮਹਿਸੂਸ ਹੁੰਦਾ ਹੈ ਕਿ ਲਿਖਣ ਵਾਲੇ ਨੇ ਸਿਰਫ ਕਾਗਜ ਹੀ ਕਾਲੇ ਕੀਤੇ ਹਨ । ਕਈ ਸ਼ਾਇਰ ਕੁਝ ਐਸਾ ਲਿਖ ਜਾਂਦੇ ਹਨ ਜਿਸ ਨੂੰ ਪੜ ਕੇ ਅਨੰਦ ਆਉਂਦਾ ਹੈ , ਮਨ ਨੂੰ ਕੋਈ ਚੋਟਕ ਲੱਗਦੀ ਹੈ , ਉਹਨਾਂ ਦੀਆਂ ਕਵਿਤਾਵਾਂ ਉਹਨਾਂ ਦੇ ਗੀਤਾ ਵਿੱਚ ਕੋਈ ਉਦੇਸ਼ ਛੁਪਿਆ ਹੋਇਆ ਹੁੰਦਾ ਹੈ ਜੋ ਸਮਾਜ ਨੂੰ ਕੋਈ ਸੇਧ ਦੇਣ ਵਿੱਚ ਕਾਰਗਰ ਸਿੱਧ ਹੁੰਦਾ ਹੈ । ਉਹਨਾਂ ਦੀਆਂ ਰਚਨਾਵਾਂ ਵਿੱਚੋਂ ਸਮਾਜਿਕ ਰਿਸ਼ਤਿਆਂ ਅਤੇ ਸਾਡੇ ਨਰੋਏ ਸੱਭਿਆਚਾਰ ਦੀਆਂ ਖੁਸ਼ਬੋਆਂ ਸਹਿਜੇ ਹੀ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ। ਇਹੋ ਜਿਹੀ ਮਿਆਰੀ ਸ਼ਇਰੀ ਦਾ ਮਾਲਕ ਹੈ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ।

ਕੈਲੀਫੋਰਨੀਆਂ ਦੀਆਂ ਸੋਹਣੀਆਂ ਵਾਦੀਆਂ ਵਿੱਚ ਵਸਿਆ ਸ਼ਹਿਰ ਫਰਿਜ਼ਨੋ ਜੋ ਪੰਜਾਬੀ ਮੇਲਿਆ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸ ਦੀ ਬਗਲ ਵਿੱਚ ਵਸਿਆ ਸ਼ਹਿਰ ਕਰਮਨ ਜਿਸਨੂੰ ਪੰਜਾਬੀਆਂ ਦੀ ਸੰਘਣੀ ਵੱਸੋਂ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆ ਜਾਂਦਾ ਹੈ, ਅਤੇ ਇਸੇ ਸ਼ਹਿਰ ਦਾ ਵਸ਼ਿੰਦਾ ਹੈ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ। ਥਾਂਦੀ ਦੇ ਗੀਤਾਂ ਵਿੱਚ ਇੱਕ ਪ੍ਰਦੇਸੀ ਦਾ ਆਪਣੇ ਪੰਜਾਬ ਪ੍ਰਤੀ ਹੇਰਵਾ ਆਪਣੇ ਪਿੰਡ ਦੀ ਮਿੱਟੀ ਨਾਲ ਜੁੜਿਆ ਮੋਹ ਡੁੱਲ੍ਹ ਡੁੱਲ੍ਹ ਪੈਂਦਾ ਹੈ। ਧਰਮਵੀਰ ਥਾਂਦੀ ਦੇ ਬਹੁਤ ਸਾਰੇ ਹਿੱਟ ਗੀਤ ਵੱਖੋ ਵੱਖ ਕਲਾਕਾਰਾਂ ਜਿਵੇਂ ਰਣਜੀਤ ਬਾਵਾ , ਕਲੇਰ ਕੰਠ, ਗਿੱਪੀ ਗਰੇਵਾਲ ਅਤੇ ਲੋਪੋਕੇ ਬ੍ਰਦਜ਼ ਆਦਿ ਨੇ ਵੀ ਗਾਏ ਅਤੇ ਬਹੁਤ ਜਲਦ ਹੋਰ ਵੀ ਨਾਮਵਰ ਕਲਾਕਾਰਾਂ ਦੀ ਅਵਾਜ਼ ਵਿੱਚ ਧਰਮਵੀਰ ਥਾਂਦੀ ਦੇ ਨਵੇਂ ਗੀਤ ਰਿਕਾਰਡ ਹੋਕੇ ਰਲੀਜ਼ ਹੋ ਰਹੇ ਹਨ। ਧਰਮਵੀਰ ਥਾਂਦੀ ਦਾ ਕਿਸੇ ਟਾਈਮ ਗੀਤ "ਚੱਲਕੇ ਟਰਾਂਟੋ ਤੋਂ ਸਿੱਧਾ ਜਾਕੇ ਖੜੀਦਾ ਆਪਾ ਐਲ ਏ" ਹਰ ਟਰੱਕ ਵਿੱਚ ਵੱਜਿਆ ਸੀ। ਉਸ ਪਿੱਛੋਂ ਉਸਦੇ ਅਣਗਿਣਤ ਗੀਤ ਐਸੇ ਆਏ ਜਿਹੜੇ ਪੰਜਾਬੀਆਂ ਦੇ ਚੇਤਿਆਂ ਵਿੱਚ ਲੰਮਾ ਸਮਾਂ ਵਸੇ ਰਹਿਣਗੇ। ਧਰਮਵੀਰ ਥਾਂਦੀ ਦਾ ਪਿਛੋਕੜ ਦੁਆਬੇ ਦੇ ਨਵਾਂ ਸ਼ਹਿਰ ਜਿਲ੍ਹੇ ਦੇ ਪਿੰਡ ਗੜ ਪਧਾਣਾ ਨਾਲ ਜੁੜਿਆ ਹੋਇਆ ਹੈ। ਥਾਂਦੀ ਨੂੰ ਸਕੂਲ ਟਾਈਮ ਤੋ ਹੀ ਲਿਖਣ ਤੇ ਗਾਉਣ ਦਾ ਸ਼ੌਕ ਸੀ। 2000 ਵਿੱਚ ਧਰਮਵੀਰ ਥਾਂਦੀ ਆਪਣੇ ਚੰਗੇ ਭਵਿੱਖ ਲਈ ਅਮਰੀਕਾ ਆਣ ਵਸਿਆ। ਉਹ ਬੇਸ਼ੱਕ ਪਿਛਲੇ ਕਈ ਦਹਾਕਿਆਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ ਪਰ ਉਹ ਅਮਰੀਕਨ ਨਹੀਂ ਬਣਿਆ। ਪੰਜਾਬ-ਪੰਜਾਬੀਅਤ ਉਸ ਅੰਦਰ ਕੁੱਟ ਕੁੱਟਕੇ ਭਰੀ ਪਈ ਹੈ। ਪੰਜਾਬੀ ਬੋਲੀ ਵਿੱਚੋਂ ਗੁਆਚ ਰਹੇ ਸਾਡੇ ਰਿਸ਼ਤਿਆਂ ਦੀ ਬਾਤ ਪਾਉਂਦਾ ਕਈ ਵਾਰ ਉਹ ਇੰਝ ਵੀ ਆਖ ਜਾਂਦਾ ਏ...

ਰਹਿੰਦਾ ਸੀ ਜਿੱਥੇ ਮੇਲਾ ਲੱਗਿਆ
ਸੁੰਨੀ ਪਿੰਡ ਦੀ ਚੱਕੀ ਹੋ ਗਈ,
ਕੇ ਐਫ ਸੀ ਮਕਡਾਨਲ ਆ ਗਏ
ਕਹਿੰਦੇ ਬੜੀ ਤਰੱਕੀ ਹੋ ਗਈ,
ਰੂਹ ਪੰਜਾਬ ਦੀ ਸੜਕਾਂ 'ਤੇ
ਮਿੱਤਰਾ ਦੇ ਢਾਬੇ ਮੁੱਕ ਜਾਣੇ ਨੇ,
ਛੱਡ ਪਰਾਓਠੇ ਪੀਜ਼ੇ ਬਰਗਰ
ਕਰਦੇ ਲਾਈਕ ਸਿਆਣੇ ਹੁਣ,
ਕੁਝ ਸਾਲਾ ਤੱਕ ਬੋਲੀ ਵਿੱਚੋਂ
ਦਾਦੇ, ਬਾਬੇ ਮੁੱਕ ਜਾਣੇ ਨੇ,
ਗਰੈਂਡ ਫਾਦਰ ਜਾ ਵੱਡਾ ਡੈਡੀ
ਲੱਗਪੇ ਕਹਿਣ ਨਿਆਣੇ ਹੁਣ..!

ਕਦੇ ਕਦੇ ਪੰਜਾਬ ਦੀ ਧਰਤੀ ਨੂੰ ਯਾਦ ਕਰਦਾ ਉਹ ਕਹਿੰਦਾ ਕਿ...

ਏਸੀਆਂ ਤੋਂ ਮਨ ਜਦੋਂ ਅੱਕਜੇ
ਫੇਰ ਬੋਹੜਾਂ ਦੀਆਂ ਛਾਵਾਂ ਯਾਦ ਆਉਂਦੀਆਂ
ਓਦੋਂ ਹਾਈਵੇਅ ਵੀ ਸੁੰਨੇ ਸੁੰਨੇ ਲੱਗਦੇ
ਜਦੋਂ ਪਿੰਡ ਦੀ ਰਾਵਾਂ ਯਾਦ ਆਉਂਦੀਆਂ
..!

ਕਦੇ ਉਹ ਪੁੱਤ ਕਪੁੱਤ ਬਣੇ ਪਰਦੇਸੀਆਂ ਨੂੰ ਲਾਹਣਤਾਂ ਪਾਉਂਦਾ ਕੁਝ ਇਸ ਤਰਾਂ ਵੀ ਨਸੀਅਤ ਦੇ ਜਾਂਦਾ ਹੈ.....

ਅਸੀਂ ਧੁੱਪਾਂ ਵਿੱਚ ਕੰਮ ਕਰਕੇ ਵੀ
ਤੇਰੇ ਸਾਰੇ ਲਾਡ ਲਡਾਉਂਦੇ ਰਹੇ,
ਤੈਥੋਂ ਏਸੀਆਂ ਵਿੱਚ ਕੰਮ ਕਰਕੇ ਵੀ
ਸਾਡਾ ਕਿਉਂ ਨਾ ਦਰਦ ਵੰਡਾ ਹੋਇਆ
ਅਸੀਂ ਚਾਰ ਖਣਾਂ ਦੇ ਕਮਰੇ ਵਿੱਚ
ਪਲੰਘ ਡਾਹੇ ਤੇਰੇ ਸੌਣ ਲਈ
ਤੈਥੋਂ ਪੰਜ ਰੂਮਾਂ ਦੇ ਘਰ-ਦੇ ਵਿੱਚ
ਸਾਡਾ ਇੱਕ ਮੰਜਾ ਨਾ ਡਾਹ ਹੋਇਆ..!



ਕਦੇ ਉਹ ਨਵੇਂ ਬਣੇ ਕਾਜ਼ੀ ਜਿਹੜੇ ਜਿਆਦਾ ਅੱਲ੍ਹਾ ਅੱਲ੍ਹਾ ਕਰਦੇ ਨੇ ਉਹਨਾਂ ਦੀ ਵੱਖੀ ਵਿੱਚ ਹੁੱਝ ਵੀ ਮਾਰ ਦਿੰਦਾ ਹੈ...

ਜਿੱਥੇ ਜੰਮੇ, ਖੇਡੇ ਕੁੱਦੇ ਪਿੰਡ ਗਰਾਂ ਸਭ ਛੱਡ ਆ ਗਏ,
ਗੁਰਆਂ ਪੀਰਾਂ ਦੀ ਛੋਹ ਵਾਲੀ, ਅਣਮੁੱਲੀ ਥਾਂ ਛੱਡ ਆ ਗਏ,
ਰੁੱਖੀ ਮਿੱਸੀ ਖਾਕੇ ਕਿਹੜਾ ਮੰਨਦਾ ਰੱਬ ਦੇ ਭਾਣੇ ਨੂੰ,
ਚਾਈ-ਚਾਈ ਅਨੰਦਪੁਰ ਛੱਡਿਆ ਰੋਈ ਜਾਣ ਨਨਕਾਣੇ ਨੂੰ..!

ਧਰਮਵੀਰ ਥਾਂਦੀ ਦੇ ਅਣਗਿਣਤ ਗੀਤ ਪਿਛਲੇ ਦਿਨਾਂ ਦੌਰਾਨ ਸ਼ੋਸ਼ਲ ਮੀਡੀਏ ਜ਼ਰੀਏ ਵਾਇਰਲ ਹੋਏ.... ਜਿਵੇਂ- ਵਿੱਚ ਅਮਰੀਕਾ ਆਕੇ ਬਣਗੇ ਜੱਟਾਂ ਦੇ ਪੁੱਤ ਲਾਲੇ, ਬੱਸ ਬੈਕਯਾਰਡ ਵਿੱਚ ਕਰਦੇ ਨੇ ਪੂਰੇ ਸ਼ੌਕ ਖੇਤੀਆਂ ਵਾਲੇ।

ਇਸੇ ਤਰੀਕੇ ਉਹਨਾਂ ਦੇ ਹੋਰ ਦਰਜਨਾਂ ਗੀਤ ਜਿੰਨਾਂ ਨੂੰ ਪੰਜਾਬੀਆਂ ਨੇ ਰੱਜਵਾਂ ਪਿਆਰ ਦਿੱਤਾ ਜਿੰਨਾਂ ਵਿੱਚ ਮੈਂ ਪ੍ਰਦੇਸੀ, ਮੰਜਾ,ਚਰਖਾ, ਬਾਪੂ, ਮੋਣਾ ਕੋਲ ਰੋਕੇ ਆਇਆ ਆਦਿ ਦੇ ਨਾਮ ਜਿਕਰਯੋਗ ਹਨ। ਡੇਢ ਕੁ ਸਾਲ ਪਹਿਲਾਂ ਪੰਜਾਬ ਦੀ ਕਲਮ ਮੰਗਲ ਹਠੂਰ ਦਾ ਲਿਖਿਆ ਬੀਟ ਗੀਤ "ਫੋਟੋ ਖਿੱਚ ਮਿੱਤਰਾ" ਧਰਮਵੀਰ ਥਾਂਦੀ ਤੇ ਜੋਤ ਰਣਜੀਤ ਦੀ ਅਵਾਜ਼ ਵਿੱਚ ਰਿਕਾਰਡ ਹੋਇਆ ਸੀ ਜਿਸਨੂੰ ਡੀਜੇ ਤੇ ਪ੍ਰਮੁੱਖਤਾ ਨਾਲ ਵਜਾਇਆ ਗਿਆ। ਇਸੇ ਤਰੀਕੇ ਪਿਛਲੇ ਮਹੀਨੇ ਉਹਨਾਂ ਦਾ ਨਵਾਂ ਦੁਗਾਣਾ "ਟਰੂਡੋ" ਜਿਸਨੂੰ ਪੰਜਾਬ ਦੀ ਮਸ਼ਹੂਰ ਕਲਮ ਜਸਬੀਰ ਗੁਣਾਚੌਰ ਨੇ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿੰਨ ਟਰੂਡੋ ਦੀ ਸਿਫ਼ਤ ਵਿੱਚ ਲਿਖਿਆ, ਨੂੰ ਵੀ ਪੰਜਾਬੀਆਂ ਨੇ ਰੱਜਵਾਂ ਪਿਆਰ ਦਿੱਤਾ । ਧਰਮਵੀਰ ਥਾਂਦੀ ਜਲਦ ਆਪਣਾ ਨਵਾਂ ਨਕੋਰ ਗੀਤ "ਬੂਹਾ" ਲੈਕੇ ਤੁਹਾਡੇ ਰੂਬਰੂ ਹੋ ਰਹੇ ਹਨ, ਆਸ ਕਰਦਾ ਤੁਸੀ ਹਮੇਸ਼ਾ ਵਾਂਗ ਇਸ ਗੀਤ ਨੂੰ ਵੀ ਮੁਹੱਬਤ ਬਖ਼ਸ਼ੋਗੇ । ਅਖੀਰ ਆਉਣ ਵਾਲੇ ਸਮੇਂ ਵਿੱਚ ਆਸ ਕਰਦੇ ਹਾਂ ਕਿ ਧਰਮਵੀਰ ਥਾਂਦੀ ਦੀ ਕਲਮ ਅਰੁੱਕ ਚੱਲਦੀ, ਪੰਜਾਬ ਪੰਜਾਬੀਅਤ ਦੀ ਬਾਤ ਪਾਉਂਦੀ ਆਪਣੀ ਮਧੁਰ ਅਵਾਜ਼ ਰਾਹੀਂ ਸਾਫ਼ ਸੁੱਥਰੇ ਗੀਤ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਉਂਦੀ ਰਹੇਗੀ। ਸ਼ਾਲ੍ਹਾ ਦੁਆ ਕਿ ਧਰਮਵੀਰ ਥਾਂਦੀ ਦੀ ਉਮਰ ਲੋਕ ਗੀਤ ਜਿੱਡੀ ਹੋਵੇ।

(10 ਅਕਤੂਬਰ ਜਨਮ ਦਿਨ 'ਤੇ ਵਿਸ਼ੇਸ਼)

# ਭਾਰਤੀ ਹਾਕੀ ਦਾ ਗੁਮਨਾਮ ਸਰਤਾਜ-ਬਲਬੀਰ ਸਿੰਘ ਦੁਸਾਂਝ



ਅਸ਼ੋਕ ਸੋਨੀ
91-98727-05078

ਆਹ ਕਹਾਣੀ ਏ ਸਦੀ ਦੇ ਇੱਕ ਮਹਾਨਾਇਕ ਦੀ, ਉਹ ਹੀਰੋ ਜਿਸ ਨੂੰ ਲਗਭਗ ਵਿਸਾਰ ਈ ਦਿੱਤਾ ਗਿਆ ਏ, ਅੱਜ ਹੀ ਦੇ ਦਿਨ 10 ਅਕਤੂਬਰ 1924 ਨੂੰ ਜਨਮੇ, ਇਸ ਯੋਧੇ ਦੀ ਸਾਰੀ ਕਹਾਣੀ ਜਾਣ ਕੇ, ਜਿੱਥੇ ਤੁਹਾਡਾ ਸਿਰ ਇਸ ਜਰਨੈਲ ਦੇ ਸਨਮਾਨ ਚ ਝੁੱਕ ਜਾਵੇਗਾ।

ਬਰਲਿਨ ਓਲੰਪਿਕ 1936 ਹਾਕੀ ਫਾਈਨਲ, ਮੇਜਰ ਧਿਆਨ ਚੰਦ ਭਾਰਤ ਦੇ ਕਪਤਾਨ ਵੱਲੋਂ ਗੋਲਾਂ ਦੀ ਹੈਟ੍ਰਿਕ ਨਾਲ, ਭਾਰਤ ਜਰਮਨੀ ਨੂੰ 8-1ਦੇ ਫਰਕ ਨਾਲ ਹਰਾ ਕੇ, ਗੋਲਡ ਮੈਡਲ ਜਿੱਤਿਆ, ਆਹ ਖਬਰ ਜਦੋਂ ਜਲੰਧਰ ਜਿਲੇ ਚ ਪਿੰਡ ਹਰਿਪੁਰ ਖਾਲਸਾ ਦੇ ਅਜਾਦੀ ਘੁਲਾਟੀਏ ਦਲੀਪ ਸਿੰਘ ਦੁਸਾਂਝ ਤੇ ਮਾਤਾ ਕਰਮ ਕੌਰ ਦਾ 12 ਸਾਲਾਂ ਦਾ ਜੁਝਾਰੂ ਮੁੰਡਾ, ਜੋ ਆਪਣੇ ਸਕੂਲ ਦੀ ਟੀਮ ਦਾ ਗੋਲਕੀਪਰ ਏ, ਸੁਣਦਾ ਹੈ ਤਾਂ ਉਸੇ ਦਿਨ ਤੋਂ ਈ ਸੈਂਟਰ ਫਾਰਵਰਡ ਖੇਡਣਾ ਸ਼ੁਰੂ ਕਰਕੇ, ਹਾਕੀ ਨੂੰ ਸਮਰਪਿਤ ਹੋ ਜਾਂਦਾ ਏ, ਨਾਮ ਏ 'ਬਲਬੀਰ ਸਿੰਘ ਦੁਸਾਂਝ'। ਜੀ ਹਾਂ ,ਬਲਬੀਰ ਸਿੰਘ 'ਸੀਨੀਅਰ', ਸੀਨੀਅਰ ਇਸ ਲਈ ਕਿਹਾ ਜਾਂਦਾ ਸੀ ਕਿਉਂਕਿ ਇੱਕ ਸਮੇਂ ਭਾਰਤੀ ਹਾਕੀ ਟੀਮ ਚ ਚਾਰ ਬਲਬੀਰ ਸਿੰਘ ਖੇਡ ਰਹੇ ਸਨ ਤਾਂ ਪਛਾਣ ਲਈ ਉਹਨਾਂ ਨੂੰ ਸੀਨੀਅਰ ਕਿਹਾ ਜਾਂਦਾ ਸੀ। 10 ਅਕਤੂਬਰ 1924 ਨੂੰ ਜਨਮ ਲੈਣ ਵਾਲੇ ਇਸ ਮਹਾਨ ਹਾਕੀ ਖਿਲਾੜੀ ਨੂੰ ਤਰਾਸ਼ਣ ਵਾਲਾ, ਕੋਚ 'ਹਰਬੈਲ ਸਿੰਘ' ਉਹ ਜੋਹਰੀ ਸੀ ,ਜਿਸਨੇ ਇਸ ਕੋਹਿਨੂਰ ਹੀਰੇ ਦੀ ਪਛਾਣ ਕੀਤੀ ਤੇ ਬਲਬੀਰ ਸਿੰਘ ਦੀ ਦਿਸ਼ਾ ਤੇ ਦਸ਼ਾ ਬਦਲ , ਦੇਸ਼ ਨੂੰ ਦੂਜਾ ਧਿਆਨ ਚੰਦ&; ਦਿੱਤਾ। ਹਰਬੈਲ ਸਿੰਘ, ਖਾਲਸਾ ਕਾਲਜ ਅੰਮ੍ਰਿਤਸਰ ਚ, ਹਾਕੀ ਕੋਚ ਸੀ ਜਦਕਿ ਬਲਬੀਰ ਸਿੰਘ ਸਿਖ ਨੈਸ਼ਨਲ ਕਾਲਜ ਲਾਹੌਰ ਪੜ੍ਹਦਾ ਸੀ, ਇਕ ਦਿਨ ਹਰਬੈਲ ਸਿੰਘ ਦੀ ਨਜ਼ਰ ਲਾਹੌਰ ਕਾਲਜ ਚ ਹਾਕੀ ਖੇਡਦੇ ਬਲਬੀਰ ਤੇ ਪੈ ਗਈ, ਹਰਬੈਲ ਸਿੰਘ , ਬਲਬੀਰ ਸਿੰਘ ਦੀ ਖੇਡ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਬਲਬੀਰ ਸਿੰਘ ਨੂੰ, ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਣ ਦਾ ਸੱਦਾ ਕੀਤਾ , ਬਲਬੀਰ ਸਿੰਘ ਨੇ ਔਖੇ-ਸੌਖੇ ਘਰਦਿਆਂ ਨੂੰ ਮਨਾ ਲਿਆ ਤੇ ਆ ਗਿਆ, ਅੰਮ੍ਰਿਤਸਰ।

ਬਲਬੀਰ ਸਿੰਘ ਬਚਪਨ ਤੋਂ ਹੀ ਸਖਤ ਮਿਹਨਤੀ, ਸਿਰੜੀ ਤੇ ਬੁਲੰਦ ਹੌਂਸਲੇ ਦਾ ਮਾਲਕ ਸੀ, ਹਰਬੈਲ ਸਿੰਘ ਵਰਗਾ ਮਹਾਨ ਕੋਚ ਮਿਲਣ ਨਾਲ ਉਸਦੀ ਜਿੰਦਗੀ ਬਦਲ ਗਈ, ਉਹ 1942 ਚ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦਾ ਕੈਪਟਨ ਬਣਿਆ ਤੇ ਲਗਾਤਾਰ ਤਿੰਨ ਸਾਲ ਆਲ ਇੰਡੀਆ ਯੂਨੀਵਰਸਿਟੀ ਟਾਈਟਲ ਜਿੱਤਿਆ। ਪੰਜਾਬ ਪੁਲਿਸ ਚ ਲੁਧਿਆਣੇ ਨੌਕਰੀ ਮਿਲ ਗਈ, ਪਰ ਸਾਂਝੇ ਪੰਜਾਬ ਦੀ ਟੀਮ ਚ ਸਿਲੈਕਟ ਹੋ ਜਬਰਦਸਤ ਖੇਡ ਨਾਲ ਸੈਂਟਰ ਫਾਰਵਰਡ ਵਜੋਂ, ਮਸ਼ਹੂਰ ਹੋਣ ਲੱਗ ਗਿਆ, 1946 ਚ ਕਲਕੱਤਾ ਨੈਸ਼ਨਲ ਚੈਂਪੀਅਨਸ਼ਿਪ ਜਿੱਤਣ ਤੇ ਲਾਹੌਰ ਵਿਖੇ ਪੰਜਾਬ ਦੀ ਟੀਮ ਦਾ ਸ਼ਾਨਦਾਰ ਸਨਮਾਨ ਹੋਇਆ ਤੇ ਇਸੇ ਸਾਲ ਬਲਬੀਰ ਸਿੰਘ ਨੇ ਮਾਡਲ ਟਾਊਨ ਲਾਹੌਰ ਦੀ ਸੁਸ਼ੀਲ ਨਾਲ ਵਿਆਹ ਕਰਵਾ ਲਿਆ। ਵੱਡੇ ਸੰਘਰਸ਼ ਤੋਂ ਬਾਅਦ ਦੇਸ਼ ਅਜ਼ਾਦ ਹੋ ਗਿਆ ਪਰ ਇਸ ਦੇ ਨਾਲ ਹੀ ਪੰਜਾਬ ਵੰਡਿਆ ਗਿਆ ਤੇ ਸ਼ੁਰੂ ਹੋ ਗਈ ਅੰਨ੍ਹੀ ਕਤਲੋਗਾਰਤ, ਬਲਬੀਰ ਸਿੰਘ ਵੀ ਸੁਸ਼ੀਲ ਨੂੰ ਲੈ ਕੇ ਲੁਧਿਆਣੇ ਪੁਲਿਸ ਕੁਆਟਰ ਚ ਰਹਿਣ ਲੱਗ ਪਏ।

1948 ਲੰਡਨ ਓਲੰਪਿਕਸ, ਭਾਰਤ ਦੀ ਟੀਮ ਚ ਸਿਲੈਕਟ ਹੋਏ ਬਲਬੀਰ ਸਿੰਘ ਨੂੰ ਪਹਿਲੇ ਮੈਚ ਚ ਮੌਕਾ ਨਾਂ ਮਿਲਿਆ, ਦੂਜਾ ਮੈਚ ਅਰਜਨਟਾਈਨਾ ਖਿਲਾਫ, ਬਲਬੀਰ ਸਿੰਘ ਅੱਜ ਟੀਮ ਚ ਸੀ, ਇਸ ਸੂਰਮੇ ਨੇ ਆਪਣੇ ਪਹਿਲੇ ਮੈਚ ਚ ਈ 6 ਗੋਲ ਕਰਕੇ ਵਰਲਡ ਰਿਕਾਰਡ ਬਣਾਇਆ, ਭਾਰਤ 9-1 ਤੋਂ ਜਿੱਤਿਆ ਪਰ ਅਗਲੇ ਦੋ ਮੈਚਾਂ ਚ ਬਲਬੀਰ ਸਿੰਘ ਨੂੰ ਪਤਾ ਨਹੀਂ ਕਿਉਂ, ਮੌਕਾ ਨਹੀਂ ਮਿਲਿਆ ਤੇ ਉਹ ਬਾਹਰ ਬੈਂਚ ਤੇ ਬੈਠਾ ਰਿਹਾ, ਪਰ ਉਸਦੀ ਗੈਰਹਾਜ਼ਰੀ ਚ ਟੀਮ ਵੀ ਮੁਸ਼ਕਿਲ ਨਾਲ ਈ ਜਿੱਤੀ ਤਾਂ ਫੇਰ ਬਲਬੀਰ ਸਿੰਘ ਨੂੰ ਮੌਕਾ ਦਿੱਤਾ ਗਿਆ, ਪੂਰੀ ਟੀਮ ਦੇ ਸ਼ਾਨਦਾਰ ਖੇਡ ਨਾਲ ਭਾਰਤ ਫਾਈਨਲ ਚ ਆ ਗਿਆ, ਮੁਕਾਬਲਾ ਗ੍ਰੇਟ ਬ੍ਰਿਟੇਨ ਨਾਲ।

ਜਰਾ ਸੋਚੋ, ਜਿਸ ਦੇਸ਼ ਤੋ 100 ਸਾਲ ਬਾਅਦ ਆਜ਼ਾਦੀ ਮਿਲੀ ਸੀ, ਉਸੇ ਇੰਗਲੈਂਡ ਨਾਲ ਅਗਲੇ ਹੀ ਸਾਲ ਇਹ ਮਹਾਮੁਕਾਬਲਾ, ਪੂਰੇ ਦੇਸ਼ ਦੀਆਂ ਭਾਵਨਾਵਾਂ ਚਰਮ ਤੇ,



ਫਾਈਨਲ ਮੈਚ ਸ਼ੁਰੂ , ਬੂੰਦਾਬਾਂਦੀ ਹੋ ਰਹੀ ਸੀ, ਬਲਬੀਰ ਸਿੰਘ ਨੇ ਲਗਾਤਾਰ 2 ਗੋਲ ਕਰਕੇ ਇੰਗਲੈਂਡ ਦੀ ਟੀਮ ਦਾ ਲੱਕ ਤੋੜ ਕੇ ਰੱਖਤਾ,ਪੂਰੀ ਟੀਮ ਦੀ ਬੇਹਤਰੀਨ ਖੇਡ, ਸਮਾਂ ਖਤਮ ਭਾਰਤ 4-0 ਦੇ ਫਰਕ ਨਾਲ ਗੋਲਡ ਮੈਡਲ ਜੇਤੂ, ਸਿਰਫ ਟੀਮ ਹੀ ਨਹੀਂ , ਪੂਰਾ ਦੇਸ਼ ਜੋਸ਼ ਤੇ ਭਾਵੁਕਤਾ ਚ , ਸਾਰਿਆਂ ਦੀਆਂ ਅੱਖਾਂ ਚ ਸਵੈਮਾਣ ਦੇ ਹੰਝੂ, ਜੋਸ਼ ਦਾ ਨਮੂਨਾ ਵੇਖੋ , ਇੰਗਲੈਂਡ ਚ ਭਾਰਤੀ ਉੱਚਾਯੁਕਤ ਕੇ ਮੇਨਨ ਸਾਰੇ ਪ੍ਰੋਟੋਕਾਲ ਤੋੜ ਮੈਦਾਨ ਚ ਜਾ ਕੇ ਭਾਰਤੀ ਟੀਮ ਦੇ ਜੱਫੀ ਪਾ ਕੇ ਰੋਣ ਲੱਗ ਪੈਂਦਾ ਏ, ਪਹਿਲੀ ਵਾਰ ਭਾਰਤ ਦਾ ਤਿਰੰਗਾ ਲਹਿਰਾ ਕੇ ਜਦੋਂ ਸਾਡਾ ਰਾਸ਼ਟਰੀ ਗਾਨ ਲੰਡਨ ਚ ਵਜਾਇਆ ਜਾਂਦਾ ਹੈ ਤਾਂ ਪੂਰੇ ਦੇਸ਼ ਨੂੰ ਇੰਝ ਜਾਪਦਾ ਏ ਕਿ 100 ਸਾਲ ਦੀ ਗੁਲਾਮੀ ਦਾ ਬਦਲਾ ਲੈ ਲਿਆ ਗਿਆ ਏ।

1952 ਹੇਲਸਿੰਕੀ ਓਲੰਪਿਕ ਬਲਬੀਰ ਸਿੰਘ ਨੂੰ ਭਾਰਤੀ ਟੀਮ ਦਾ ਉੱਪਕਪਤਾਨ ਬਣਾਇਆ ਗਿਆ , ਭਾਰਤ ਦਾ ਬ੍ਰਿਟੇਨ ਨਾਲ ਸੈਮੀਫਾਈਨਲ ਤੇ ਬਲਬੀਰ ਸਿੰਘ ਨੇ ਗੋਲਾਂ ਦੀ ਹੈਟ੍ਰਿਕ ਠੋਕ ਇੰਗਲੈਂਡ ਨੂੰ ਜਹਾਜ ਚਾੜ ਦਿੱਤਾ , ਨੀਦਰਲੈਂਡ ਨਾਲ ਫਾਈਨਲ ਮੁਕਾਬਲਾ, ਬਲਬੀਰ ਸਿੰਘ ਦੁਸਾਂਝ ਜਬਰਦਸਤ ਰੰਗ ਚ, ਬਲਬੀਰ ਸਿੰਘ ਨੇ ਓਲੰਪਿਕ ਫਾਈਨਲ ਚ 5 ਗੋਲ ਕਰਕੇ ਵਰਲਡ ਰਿਕਾਰਡ ਬਣਾ ਦਿੱਤਾ ਜੋ 70 ਸਾਲ ਬਾਅਦ ਅੱਜ ਵੀ ਕਾਇਮ ਏ, ਭਾਰਤ ਫੇਰ 6-1 ਨਾਲ ਗੋਲਡ ਮੈਡਲ ਜੇਤੂ।

1956 ਮੈਲਬੋਰਨ ਓਲੰਪਿਕ ਬਲਬੀਰ ਸਿੰਘ ਦੁਸਾਂਝ ਭਾਰਤੀ ਟੀਮ ਦੇ ਕਪਤਾਨ , ਪਹਿਲਾ ਮੈਚ ਅਫਗਾਨਿਸਤਾਨ ਨਾਲ ਭਾਰਤ 11-1 ਨਾਲ ਜੇਤੂ, ਬਲਬੀਰ ਸਿੰਘ ਨੇ 5 ਗੋਲ ਕੀਤੇ ਪਰ ਬਲਬੀਰ ਸਿੰਘ ਦੀ ਸੱਜੇ ਹੱਥ ਦੀ ਉਂਗਲ ਟੁੱਟ ਜਾਂਦੀ ਏ। ਟੀਮ ਮੈਨੇਜਮੈਂਟ ਦੀ ਮੀਟਿੰਗ ਚ ਇਹ ਫੈਸਲਾ ਲਿਆ ਜਾਂਦਾ ਏ ਕਿ ਇਹ ਗੱਲ ਗੁਪਤ ਰੱਖੀ ਜਾਵੇਗੀ ਤੇ ਬਲਬੀਰ ਸਿੰਘ ਨੂੰ ਸਿਰਫ ਸੈਮੀਫਾਈਨਲ ਤੇ ਫਾਈਨਲ ਚ ਉਤਾਰਿਆ ਜਾਵੇਗਾ, ਅਸਲ ਚ ਬਲਬੀਰ ਸਿੰਘ ਦੇ ਨਾਮ ਤੋਂ ਈ ਦੂਜੀ ਟੀਮ ਦੇ ਹੌਂਸਲੇ ਪਸਤ ਹੋ ਜਾਂਦੇ ਸਨ। ਫਾਈਨਲ ਮੈਚ ਮੁਕਾਬਲਾ ਪਾਕਿਸਤਾਨ ਨਾਲ, ਪਾਕਿਸਤਾਨ ਕੋਲ ਗਵਾਉਣ ਲਈ ਕੁੱਝ ਵੀ ਨਹੀਂ ਪਰ ਭਾਰਤ ਲਈ ਜਿੱਤ ਤੋਂ ਘੱਟ ਕੁਝ ਵੀ ਸ਼ਰਮਨਾਕ ਹੋਣਾ ਸੀ, ਉਂਗਲ ਤੇ ਪਲੱਸਤਰ ਨਾਲ ਇਹ ਸੂਰਮਾ ਦੋ ਟੀਕੇ ਲਵਾ ਮੈਦਾਨ ਚ ਉਤਰਦਾ ਏ ਤੇ ਇਕ ਵਾਰ ਫੇਰ ਭਾਰਤ 1-0 ਨਾਲ ਗੋਲਡ ਮੈਡਲ ਜਿੱਤਣ ਚ ਕਾਮਯਾਬ ਹੋ ਜਾਂਦਾ ਏ। ਭਾਰਤੀ ਕਪਤਾਨ ਬਲਬੀਰ ਸਿੰਘ ਦੁਸਾਂਝ ਨੂੰ 'ਪਦਮ ਸ਼੍ਰੀ' ਅਵਾਰਡ ਨਾਲ ਨਿਵਾਜਿਆ ਜਾਂਦਾ ਹੈ, ਉਹ ਪਹਿਲੇ ਖਿਲਾੜੀ ਸਨ ਜਿਨਾਂ ਨੂੰ ਪਦਮ ਸ਼੍ਰੀ ਅਵਾਰਡ ਮਿਲਿਆ ਸੀ।

ਕੋਚ ਤੇ ਮੈਨੇਜਰ ਦੇ ਰੂਪ ਚ ਵੀ ਇਹਨਾਂ ਭਾਰਤੀ ਹਾਕੀ ਦੀ ਬਹੁਤ ਸੇਵਾ ਕੀਤੀ, ਵਰਲਡ ਕੱਪ ਟੀਮ ਲਈ ਬਲਬੀਰ ਸਿੰਘ ਮੁੱਖ ਕੋਚ ਤੇ ਚੋਣਕਰਤਾ ਸਨ, ਉਹਨਾਂ ਟੀਮ ਦੀ ਚੋਣ ਚ ਸਿਰਫ ਖੇਡ ਨੂੰ ਮੁੱਖ ਰੱਖਿਆ, ਨਾਂ ਤਾ ਕਿਸੇ ਦਾ ਖੇਤਰ ਦੇਖਿਆ ਤੇ ਨਾਂ ਧਰਮ, ਜਬਰਦਸਤ ਟੀਮ ਚੁਣੀ ਤੇ ਟ੍ਰੇਨਿੰਗ ਕੈਂਪ ਸ਼ੁਰੂ ਪਰ ਪਹਿਲੇ ਹਫਤੇ ਹੀ ਬਲਬੀਰ ਸਿੰਘ ਦੇ ਪਿਤਾ ਦਾ ਦੇਹਾਂਤ ਪਰ ਇਸ ਦੇਸ਼ਭਗਤ ਯੋਧੇ ਨੇ ਸੰਸਕਾਰ ਤੋਂ ਬਾਅਦ ਦੀਆਂ ਸਾਰੀਆਂ ਰਸਮਾਂ, ਟੀਮ ਨੂੰ ਵਰਲਡ ਕੱਪ ਜਿਤਾਉਣ ਤੋਂ ਬਾਅਦ ਦੇਸ਼ ਵਾਪਸ ਆ ਕੇ ਕੀਤੀਆਂ। ਇਹਨਾਂ ਦੇ ਸਨਮਾਨ ਚ ਡੋਮਿਨਿਕਲ ਰਿਪਬਲਿਕ ਨੇ ਡਾਕ ਟਿਕਟ ਵੀ ਜਾਰੀ ਕੀਤਾ ਸੀ। ਉੱਚਾਈ ਤੇ ਪਹੁੰਚ ਕੇ ਵੀ ਨਿਮਾਣਾ ਬਣ ਕੇ ਰਹਿਣ ਵਾਲੇ ਬਲਬੀਰ ਸਿੰਘ ਦੁਸਾਂਝ ਜੀ ਵਰਗੇ ਅਸਾਧਾਰਨ ਮਹਾਨਾਇਕ ਘੱਟ ਹੀ ਹੁੰਦੇ ਨੇ।

1985 ਚ ਸਾਈ ( ਸਪੋਰਟਸ ਅਥਾਰਟੀ ਆਫ ਇੰਡੀਆ ) ਦੇ ਅਧਿਕਾਰੀਆਂ ਨੇ ਬਲਬੀਰ ਸਿੰਘ ਦੁਸਾਂਝ ਨੂੰ ਕਿਹਾ ਕਿ ਦਿੱਲੀ ਵਿਖੇ ਜਵਾਹਰ ਲਾਲ ਨਹਿਰੂ ਸਟੇਡੀਅਮ ਚ ਮਿਊਜ਼ੀਅਮ ਆਫ ਸਪੋਰਟਸ ਬਣਾ ਰਹੇ ਹਾਂ, ਜਿਸ ਵਿੱਚ ਤੁਹਾਡੀਆਂ ਇਤਿਹਾਸਕ ਵਸਤਾਂ ਸਾਂਭੀਆਂ ਜਾਣਗੀਆਂ ਤਾਂ ਬਲਬੀਰ ਸਿੰਘ ਦੁਸਾਂਝ ਨੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਤੇ ਪਦਮ ਸ਼੍ਰੀ ਤੋਂ ਬਿਨਾਂ ਸਾਰੇ ਮੈਡਲ ਸਮੇਤ ਏਸ਼ੀਯਾਡ ਗੋਲਡ, 1956 ਓਲੰਪਿਕ ਬਲੈਜਰ, 100 ਤੋਂ ਉਪਰ ਇਤਿਹਾਸਕ ਤਸਵੀਰਾਂ ਆਦਿ ਸਮਾਨ ਖੁਸ਼ੀ-ਖੁਸ਼ੀ ਸੌਂਪ ਦਿੱਤਾ, ਜਿਸ ਨੂੰ ਉਹਨਾਂ ਨੇ, ਪਤਾ ਨਹੀਂ ਕਿਸ ਖੂਹ ਚ ਸੁੱਟ ਦਿੱਤਾ, ਜਾਂ ਕਿਹੜਾ ਜਾਨਵਰ ਚੱਟ ਕਰ ਗਿਆ, ਇਹ ਅੱਜ ਤੱਕ ਪਤਾ ਈ ਨ੍ਹੀਂ ਲੱਗਾ। ਸਾਈ ਦਾ ਸ਼ਰਮਨਾਕ ਕਾਰਾ ਤੇ ਨਲਾਇਕੀ ਕਦੇ ਵੀ ਸਾਡੇ ਸਾਹਮਣੇ ਨਹੀਂ ਆਉਂਦੀ, ਜੇਕਰ 2012 'ਚ ਲੰਡਨ ਚ ਵਰਲਡ ਦੇ 16 ਆਈਕੋਨਿਕ ਖਿਲਾੜੀਆਂ ਵਿੱਚ ਬਲਬੀਰ ਸਿੰਘ ਨੂੰ ਨਾਂ ਚੁਣਿਆ ਜਾਂਦਾ ਤੇ ਸਨਮਾਨ ਸਮਾਗਮ ਵਿੱਚ ਆਪਣੇ ਸਾਰੇ ਮੈਡਲ ਤੇ ਓਲੰਪਿਕ ਬਲੈਜਰ ਸਮੇਤ ਆਉਣ ਲਈ ਨਾਂ ਕਿਹਾ ਜਾਂਦਾ । ਜਦੋਂ ਬਲਬੀਰ ਸਿੰਘ ਸੀਨੀਅਰ ਨੇ, ਆਪਣਾ ਸਮਾਨ ਸਾਈ ਤੋਂ ਮੰਗਿਆ ਤਾਂ ਉਹ ਮੁਕਰ ਗਏ, ਉਹਨਾਂ ਕਿਹਾ ਕਿ ਸਾਡੇ ਕੋਲ ਕੋਈ ਸਮਾਨ ਨਹੀਂ ਹੈ ਤੇ ਦਿੱਲੀ ਚ ਇਸ ਤਰਾਂ ਦਾ ਕੋਈ ਵੀ ਮਿਊਜ਼ੀਅਮ ਨਹੀਂ ਹੈ। ਬਲਬੀਰ ਸਿੰਘ ਦੁਸਾਂਝ ਨੂੰ ਵੱਡਾ ਝਟਕਾ ਲੱਗਿਆ।

ਸਾਡੇ ਦੇਸ਼ ਦੇ ਇਹ ਮਹਾਨਾਇਕ ਆਪਣੇ ਇਤਿਹਾਸਕ ਮੈਡਲ ਤੇ ਬਲੈਜਰ (ਜੋ ਰਾਸ਼ਟਰੀ ਧਰੋਹਰ ਵੀ ਸੀ) ਲਈ, ਅਧਿਕਾਰੀਆਂ, ਲੀਡਰਾਂ, ਦਫਤਰਾਂ ਦੇ ਚੱਕਰ ਮਾਰਦੇ ਰਿਹੇ, ਅਦਾਲਤਾਂ ਤੱਕ ਚ ਲੜਦੇ ਰਹੇ , ਪਰ ਮੈਦਾਨ 'ਚ ਕਦੇ ਨਾਂ ਹਾਰੇ ਬਲਬੀਰ ਸਿੰਘ ਸੀਨੀਅਰ , ਇਸ ਗੰਦੇ ਤੇ ਘਿਨਾਉਣੇ ਸਿਸਟਮ ਨਾਲ ਸੰਘਰਸ਼ ਕਰਦੇ-ਕਰਦੇ ਪਿਛਲੇ ਸਾਲ ਮਈ 2020 ਚ ਜਿੰਦਗੀ ਦੀ ਜੰਗ ਹੀ ਹਾਰ ਗਏ ਪਰ ਨਿਆਂ ਨ੍ਹੀਂ ਮਿਲ ਸਕਿਆ । ਬੇਟੀ ਸੁਸ਼ਬੀਰ ਕੌਰ ਜੀ ਨੇ ਵੀ ਬੜੀ ਲੰਮੀ ਲੜਾਈ ਲੜੀ ਪਰ ਬੇਸ਼ਰਮ ਸਰਕਾਰਾਂ ਤੇ ਬੇਸ਼ਰਮ ਅਫਸਰਸ਼ਾਹੀ ਕਾਗਜਾਂ ਦਾ ਪੁਲੰਦਾ ਵਧਾ-ਵਧਾ ਕੇ, ਆਪ ਬਚਣ ਚ ਹੀ ਮਸ਼ਰੂਫ ਰਹੀ। ਬਹੁਤ ਸ਼ਰਮਨਾਕ ਹੈ ਕਿ ਇਹ ਸਰਕਾਰਾਂ ਤੇ ਅਫਸਰਸ਼ਾਹੀ, ਇਸ ਹੀਰੋ ਦੇ ਸਨਮਾਨ ਚਿੰਨ੍ਹ ਹੀ ਨਹੀਂ ਸਾਂਭ ਸਕੀਆਂ।

ਮੇਜਰ ਧਿਆਨ ਚੰਦ ਜੀ, ਬਹੁਤ ਮਹਾਨ ਖਿਲਾੜੀ ਸਨ ,ਉਨਾਂ ਦਾ ਜਿੰਨਾ ਵੀ ਸਨਮਾਨ ਕੀਤਾ ਜਾਏ ਘੱਟ ਏ ਤੇ ਨਾਂ ਹੀ ਮੇਜਰ ਧਿਆਨ ਚੰਦ ਜੀ ਦੀ ਬਲਬੀਰ ਸਿੰਘ ਨਾਲ ਤੁਲਨਾ ਕਰਨੀ ਚਾਹੀਦੀ ਹੈ ਪਰ ਉਨਾਂ ਦੀ ਤਰਾਂ ਹੀ ਬਲਬੀਰ ਸਿੰਘ ਸੀਨੀਅਰ ਜੀ ਨੇ ਵੀ ਦੇਸ਼ ਲਈ, ਤਿੰਨ ਓਲੰਪਿਕ ਖੇਡੇ, ਤਿੰਨੇ ਜਿੱਤੇ, ਅਸਾਧਾਰਨ ਖਿਲਾੜੀ, ਅਸਾਧਾਰਨ ਕਪਤਾਨ, ਅਸਾਧਾਰਨ ਕੋਚ ਤੇ ਅਸਾਧਾਰਨ ਨਿਮਰਤਾ ਵਾਲਾ ਬਹੁਤ ਵੱਡਾ ਆਮ ਆਦਮੀ, ਪਰ ਕੀ ਜਿੰਨੇ ਲੋਕ ਮੇਜਰ ਧਿਆਨ ਚੰਦ ਦੀ ਕਹਾਣੀ ਜਾਣਦੇ ਨੇ, ਉਨੇ ਬਲਬੀਰ ਸਿੰਘ ਦੁਸਾਂਝ ਨੂੰ ਜਾਣਦੇ ਨੇ ?

ਮੈਨੂੰ ਉਡੀਕ ਏ ਉਸ ਦਿਨ ਦੀ ਜਦੋਂ ਬਲਬੀਰ ਸਿੰਘ ਦੁਸਾਂਝ ਜੀ ਨੂੰ ਬਣਦਾ ਸਨਮਾਨ ਮਿਲੇਗਾ, ਮੈਂ ਇਹ ਨਹੀਂ ਕਹਿੰਦਾ ਕਿ ਪਦਮ ਸ਼੍ਰੀ ਕੋਈ ਛੋਟਾ ਸਨਮਾਨ ਏ, ਪਰ ਕਿਰਪਾ ਕਰਕੇ ਇੰਟਰਨੈੱਟ ਤੇ ਸਰਚ ਕਰ ਲੈਣਾ , ਕਿਸ-ਕਿਸ ਨੂੰ ਆਹ ਸਨਮਾਨ ਮਿਲ ਚੁੱਕਾ ਏ, ਮੈਂ ਆਸ ਕਰਦਾ ਹਾਂ ਕਿ ਉੱਚ ਸਿੰਘਾਸਨ ਤੇ ਬੈਠੇ ਲੋਕਾਂ ਨੂੰ, ਕਦੇ ਤਾਂ ਜਾਗ ਆਵੇਗੀ, ਬਲਬੀਰ ਸਿੰਘ ਦੁਸਾਂਝ ਜੀ ਨੂੰ ਵੀ ਭਾਰਤ ਰਤਨ ਨਾਲ ਸਨਮਾਨਿਤ ਕਰਨਾ ਚਾਹੀਦਾ ਏ ਤੇ ਉਨਾਂ ਦੀ ਕਹਾਣੀ ਨੂੰ ਵੀ ਬੱਚਿਆਂ ਦੇ ਪਾਠਕ੍ਰਮ ਚ ਸ਼ਾਮਲ ਕੀਤਾ ਜਾਣਾ ਚਾਹੀਦਾ ਏ।

ਆਓ ਬੱਚੇ-ਬੱਚੇ ਤੀਕ ਬਲਬੀਰ ਸਿੰਘ ਜੀ ਦੀ ਕਹਾਣੀ ਪਹੁੰਚਦੀ ਕਰੀਏ, ਤਾਂ ਜੋ ਸਾਡੇ ਨੌਜੁਆਨਾਂ ਦੇ ਸਹੀ ਆਦਰਸ਼ ਸਥਾਪਿਤ ਹੋਣ, ਅਜਿਹੇ ਮਹਾਨ ਲੋਕ ਸਦੀਆਂ ਬਾਅਦ ਪੈਦਾ ਹੁੰਦੇ ਨੇ ਪਰ ਅਗਲੀਆਂ ਸਦੀਆਂ ਤੱਕ ਇਨਾਂ ਦੀ ਮਹਾਨਤਾ ਬਿਆਨ ਕਰਨਾ, ਹਰ ਪੀੜੀ ਦਾ ਨੈਤਿਕ ਫਰਜ਼ ਏ। ਸਾਰਾ ਦੇਸ਼ ਅੱਜ ਤੁਹਾਡੇ ਜਨਮ ਦਿਹਾੜੇ ਤੇ ਤੁਹਾਨੂੰ ਦਿੱਲੋਂ ਸਲਾਮ ਕਰਦਾ ਹੈ, ਬਲਬੀਰ ਸਿੰਘ ਦੁਸਾਂਝ ਜੀ ।

# ਨੀਟ ਟੈਸਟ ਖ਼ਤਮ ਕਰਨ ਲਈ ਦਲੀਲਾਂ-ਤਾਮਿਲਨਾਡੂ ਸਰਕਾਰ



ਹਰਦੀਪ ਸਿੰਘ ਚੁੰਬਰ
91-94636-01616

ਦੇਸ਼ ਭਰ ਦੇ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਦਾਖਲੇ ਲਈ ਇੱਕ ਇਮਤਿਹਾਨ, ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ (ਨੈਸ਼ਨਲ ਦਾਖਲਾ ਕਮ ਯੋਗਤਾ ਪ੍ਰੀਖਿਆ ਨੂੰ ਲੈ ਕੇ ਵਿਵਾਦ ਜਾਰੀ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਨੇ 12 ਰਾਜ ਸਰਕਾਰਾਂ ਨੂੰ ਨੀਟ ਵਿਰੁੱਧ ਇੱਕਜੁਟ ਹੋਣ ਲਈ ਇੱਕ ਪੱਤਰ ਲਿਖਿਆ ਹੈ। ਉਨ੍ਹਾਂ ਨੇ ਸਾਰੇ ਮੁੱਖ ਮੰਤਰੀਆਂ ਨੂੰ ਦੱਸਿਆ ਹੈਕਿ ਉਨ੍ਹਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਸੰਵਿਧਾਨ ਦੁਆਰਾ ਦਿੱਤੀ ਗਈ ਰਾਜਾਂ ਦੀ ਪ੍ਰਮੁੱਖਤਾ ਨੂੰ ਮੁੜ ਪ੍ਰਾਪਤ ਕਰਨ ਲਈ ਸਮੂਹਿਕ ਤੌਰ 'ਤੇ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਪੱਤਰ ਤਾਮਿਲਨਾਡੂ ਵਿੱਚ ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਵਿੱਚ ਸਾਹਮਣੇ ਆਇਆ ਹੈ। ਸਟਾਲਿਨ ਨੇ ਇਹ ਪੱਤਰ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਦਿੱਲੀ, ਝਾਰਖੰਡ, ਕੇਰਲ, ਮਹਾਰਾਸ਼ਟਰ, ਉੜੀਸਾ, ਪੰਜਾਬ, ਰਾਜਸਥਾਨ, ਤੇਲੰਗਾਨਾ, ਪੱਛਮੀ ਬੰਗਾਲ ਅਤੇ ਗੋਆ ਦੇ ਮੁੱਖ ਮੰਤਰੀਆਂ ਨੂੰ ਲਿਖਿਆ ਹੈ।

ਮੁੱਖ ਮੰਤਰੀ ਸਟਾਲਿਨ ਨੇ ਕਿਹਾ ਕਿ ਡੀਐਮਕੇ ਦੇ ਸੰਸਦ ਮੈਂਬਰ ਨਿੱਜੀ ਤੌਰ 'ਤੇ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਇਸ ਮੁੱਦੇ' ਤੇ ਮਿਲਣਗੇ। ਆਪਣੇ ਪੱਤਰ ਵਿੱਚ, ਸਟਾਲਿਨ ਨੇ ਏਕੇ ਰਾਜਨ ਕਮੇਟੀ ਦੀ ਰਿਪੋਰਟ ਨੂੰ ਵੀ ਸ਼ਾਮਲ ਕੀਤਾ ਹੈ, ਜਿਸ ਨੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਉੱਤੇ ਦੇ ਪ੍ਰਭਾਵਾਂ ਦਾ ਅਧਿਐਨ ਕੀਤਾ ਹੈ। ਉਨ੍ਹਾਂ ਨੇ ਲਿਖਿਆ, "ਨੀਟ ਦੇ ਸੰਬੰਧ ਵਿੱਚ ਸਾਡਾ ਸਟੈਂਡ ਹਮੇਸ਼ਾ ਤੋਂ ਇਹ ਰਿਹਾ ਹੈ ਕਿ ਇਹ ਸੰਘੀ ਪ੍ਰਣਾਲੀ ਦੇ ਵਿਰੁੱਧ ਹੈ ਅਤੇ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਦਾਖਲੇ ਲਈ ਸੰਵਿਧਾਨ ਦੁਆਰਾ ਰਾਜਾਂ ਨੂੰ ਦਿੱਤੇ ਗਏ ਅਧਿਕਾਰਾਂ ਦੀ ਉਲੰਘਣਾ ਹੈ।"

ਤਾਮਿਲਨਾਡੂ ਨੇ ਵਿਧਾਨ ਸਭਾ ਵਿੱਚ ਇੱਕ ਬਿੱਲ ਪਾਸ ਕਰਕੇ ਰਾਜ ਵਿੱਚ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਲੋੜ ਹੋਵੇਗੀ। ਸਰਕਾਰ ਦੇ ਅਨੁਸਾਰ, ਸਮਾਜਿਕ ਨਿਆਂ ਲਈ ਨੀਟ ਪ੍ਰੀਖਿਆ ਨੂੰ ਖ਼ਤਮ ਕਰਨਾ ਜ਼ਰੂਰੀ ਹੈ, ਕਿਉਂਕਿ ਇਹ ਅਮੀਰਾਂ ਦੇ ਪੱਖ ਵਿੱਚ ਹੈ।



ਤਾਮਿਲਨਾਡੂ ਸਰਕਾਰ ਨੇ ਨੀਟ ਨੂੰ ਖ਼ਤਮ ਕਰਨ ਲਈ ਕਈ ਦਲੀਲਾਂ ਦਿੱਤੀਆਂ ਹਨ। ਸਰਕਾਰ ਦਾ ਕਹਿਣਾ ਹੈ ਕਿ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣ ਲਈ ਮੈਡੀਕਲ ਕਾਲਜਾਂ ਵਿੱਚ ਦਾਖਲਾ ਇੰਟਰਮੀਡੀਏਟ ਪ੍ਰੀਖਿਆ ਅੰਕਾਂ ਦੇ ਆਧਾਰ 'ਤੇ ਦਿੱਤਾ ਜਾਵੇਗਾ। ਸਰਕਾਰ ਦਾ ਕਹਿਣਾ ਹੈ ਕਿ ਇਸ ਪ੍ਰੀਖਿਆ ਦੀ ਪ੍ਰਣਾਲੀ ਸਾਫ਼ ਨਹੀਂ ਹੈ, ਅਤੇ ਇਸ ਨਾਲ ਅਮੀਰ ਅਤੇ ਉੱਚ ਵਰਗਾਂ ਨੂੰ ਲਾਭ ਹੁੰਦਾ ਹੈ। ਰਾਜ ਸਰਕਾਰ ਨੇ ਬਿੱਲ ਵਿੱਚ ਕਿਹਾ ਹੈ ਕਿ ਅਮੀਰ ਵਰਗ ਦੇ ਵਿਦਿਆਰਥੀ ਇਸ ਪ੍ਰੀਖਿਆ ਰਾਹੀਂ ਮੈਡੀਕਲ ਕਾਲਜਾਂ ਵਿੱਚ ਦਾਖਲਾ ਲੈਂਦੇ ਹਨ ਅਤੇ ਉਹ ਪੋਸਟ ਗ੍ਰੈਜੂਏਟ ਪੜ੍ਹਾਈ ਕਰਨ ਲਈ ਵਿਦੇਸ਼ ਜਾਂਦੇ ਹਨ, ਜਿਸ ਨਾਲ ਰਾਜ ਨੂੰ ਨੁਕਸਾਨ ਹੁੰਦਾ ਹੈ।

ਰਾਜ ਸਰਕਾਰ ਨੇ ਕਿਹਾ ਹੈ ਕਿ ਇਸਦੇ ਕਾਰਨ ਰਾਜ ਵਿੱਚ ਕੰਮ ਕਰਨ ਵਾਲੇ ਡਾਕਟਰਾਂ ਦੀ ਕਮੀ ਆਈ ਹੈ।

ਸਟਾਲਿਨ ਨੇ ਅੱਗੇ ਲਿਖਿਆ, "ਇਸਦੇ ਲਈ, ਸਾਡਾ ਮੰਨਣਾ ਹੈ ਕਿ ਰਾਜ ਸਰਕਾਰਾਂ ਨੂੰ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਨ ਅਤੇ ਉੱਚ ਵਿਦਿਅਕ ਸੰਸਥਾਵਾਂ ਵਿੱਚ ਦਾਖਲੇ ਦੇ ਢੰਗ ਦੇ ਫੈਸਲਿਆਂ ਦੇ ਬਾਰੇ ਵਿੱਚ ਆਪਣੀ ਸਥਿਤੀ ਸਪਸ਼ਟ ਕਰਨ ਦੀ ਜ਼ਰੂਰਤ ਹੈ। ਇਸ ਲਈ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਦਸਤਾਵੇਜ਼ਾਂ ਨੂੰ ਪੜ੍ਹੋ ਅਤੇ ਆਪਣੇ ਰਾਜ ਦੇ ਪੇਂਡੂ ਅਤੇ ਪਛੜੇ ਵਿਦਿਆਰਥੀਆਂ ਨੂੰ ਉੱਚ ਵਿਦਿਅਕ ਸੰਸਥਾਵਾਂ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਵਿਰੁੱਧ ਸਹਾਇਤਾ ਕਰੋ।

ਇਸ ਸਮੇਂ ਦੇਸ਼ ਵਿੱਚ ਕੁੱਲ 558 ਮੈਡੀਕਲ ਕਾਲਜ ਹਨ, ਜਿਨ੍ਹਾਂ ਵਿੱਚੋਂ 289 ਮੈਡੀਕਲ ਕਾਲਜ ਸਰਕਾਰੀ ਹਨ, ਜਦੋਂ ਕਿ 269 ਮੈਡੀਕਲ ਕਾਲਜ ਪ੍ਰਾਈਵੇਟ ਹਨ। ਐਮਬੀਬੀਐਸ ਦੀ ਪੜ੍ਹਾਈ ਲਈ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਫੀਸਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਪਰ ਪ੍ਰਾਈਵੇਟ ਮੈਡੀਕਲ ਕਾਲਜਾਂ ਦੁਆਰਾ ਵਸੂਲੀ ਜਾਣ ਵਾਲੀ ਫੀਸ ਹੇਠਲੇ ਮੱਧ ਵਰਗ ਅਤੇ ਹੇਠਾਂ ਦੀ ਪਹੁੰਚ ਤੋਂ ਬਾਹਰ ਹੈ। ਉੱਚੀਆਂ ਫੀਸਾਂ ਦੇ ਕਾਰਨ, ਹੇਠਲੇ ਮੱਧ ਵਰਗ ਜਾਂ ਹੇਠਲੇ ਪਰਿਵਾਰਾਂ ਦੇ ਵਿਦਿਆਰਥੀਆਂ ਕੋਲ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਪੜ੍ਹਨ ਦੀ ਕੋਈ ਗੁੰਜ-ਾਇਸ਼ ਨਹੀਂ ਹੈ। ਜੇ ਅਸੀਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗੁਣਵੱਤਾ ਨੂੰ ਵੇਖਦੇ ਹਾਂ, ਤਾਂ ਟਾਈਮਜ਼ ਆਫ਼ ਇੰਡੀਆ ਦੇ ਇੱਕ ਵਿਸ਼ਲੇਸ਼ਣ ਦੇ ਅਨੁਸਾਰ, 2018 ਵਿੱਚ ਸਰਕਾਰੀ ਮੈਡੀਕਲ ਕਾਲਜਾਂ ਨੂੰ 720 ਵਿੱਚੋਂ 448 ਅੰਕ ਪ੍ਰਾਪਤ ਹੋਏ, ਜਦੋਂ ਕਿ ਪ੍ਰਾਈਵੇਟ ਨਿਯੰਤਰਿਤ ਮੈਡੀਕਲ ਕਾਲਜਾਂ ਵਿੱਚ ਸਿਰਫ 306 ਅੰਕ ਹੀ ਯੋਗ ਉਮੀਦਵਾਰ ਵੀ ਦਾਖਲਾ ਪ੍ਰਾਪਤ ਕੀਤਾ। ਇਹ ਦਿਲਚਸਪ ਹੈ ਕਿ ਸਿਰਫ ਉਹ ਵਿਦਿਆਰਥੀ ਹੀ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ ਜੋ ਸਰਕਾਰੀ ਕਾਲਜਾਂ ਵਿੱਚ ਦਾਖਲਾ ਲੈ ਸਕਦੇ ਸਨ, ਜਿਨ੍ਹਾਂ ਨੇ 398 ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ. ਭਾਵ, ਜੇ ਤੁਹਾਡੇ ਕੋਲ ਪੈਸਾ ਹੈ, ਤਾਂ ਤੁਸੀਂ ਅਨੁਸੂਚਿਤ ਜਾਤੀ ਦੇ ਮੁਕਾਬਲੇ ਘੱਟ ਅੰਕ ਪ੍ਰਾਪਤ ਕਰਨ ਦੇ ਬਾਅਦ ਵੀ ਪ੍ਰਾਈਵੇਟ ਕਾਲਜਾਂ ਤੋਂ ਡਾਕਟਰ ਬਣ ਸਕਦੇ ਹੋ।

**ਪੱਤਰ ਵਿਚਲਾ ਪੂਰਾ ਪਾਠ:**

ਮੈਂ ਇਸ ਨਾਲ ਜਸਟਿਸ ਏ. ਕੇ. ਰਾਜਨ ਕਮੇਟੀ, ਜਿਸਨੂੰ ਤਾਮਿਲਨਾਡੂ ਸਰਕਾਰ ਦੁਆਰਾ ਅਧਿਐਨ ਕਰਨ ਲਈ ਨਿਯੁਕਤ ਕੀਤਾ ਗਿਆ ਸੀ, ਰਾਸ਼ਟਰੀ ਯੋਗਤਾ-ਕਮ-ਪ੍ਰਵੇਸ਼ ਪ੍ਰੀਖਿਆ (ਨੀਟ) ਅਧਾਰਤ ਦਾਖਲਾ ਪ੍ਰਕਿਰਿਆ ਨੇ ਸਾਲਾਂ ਤੋਂ ਸਮਾਜਕ ਤੌਰ ਤੇ ਪਛੜੇ ਵਿਦਿਆਰਥੀਆਂ ਨੂੰ ਪ੍ਰਭਾਵਿਤ ਕੀਤਾ ਹੈ ਜਾਂ ਨਹੀਂ। ਕਮੇਟੀ ਨੂੰ ਵਿਕਲਪਕ ਦਾਖਲਾ ਪ੍ਰਕਿਰਿਆਵਾਂ ਦਾ ਸੁਝਾਅ ਦੇਣ ਦੀ ਬੇਨਤੀ ਵੀ ਕੀਤੀ ਗਈ ਸੀ ਜਿਸ ਨਾਲ ਸਾਰੇ ਵਿਦਿਆਰਥੀਆਂ ਨੂੰ ਲਾਭ ਹੋਵੇਗਾ, ਅਜਿਹੇ ਵਿਕਲਪਾਂ ਨੂੰ ਲਾਗੂ ਕਰਨ ਦੀ ਸੰਭਾਵਨਾ ਅਤੇ ਅਜਿਹੇ ਨਿਰਪੱਖ ਅਤੇ ਨਿਆਂਪੂਰਨ ਤਰੀਕਿਆਂ ਨੂੰ ਲਾਗੂ ਕਰਨ ਲਈ ਕਾਨੂੰਨੀ ਕਦਮ ਚੁੱਕੇ ਜਾਣਗੇ। (ਬਾਕੀ ਅਗਲੇ ਸਫੇ 'ਤੇ)

# ਮਰਹੂਮ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲਣ ਵਾਲੇ ਸ. ਹਿੰਮਤ ਸਿੰਘ ਸਰ ਨੂੰ ਚਾਲੀ ਸਾਲਾਂ ਬਾਅਦ ਮਿਲਣ ਦਾ ਸਬੱਬ ਬਣਿਆ ਪਰ..



ਮੇਜਰ ਸਿੰਘ ਨਾਭਾ
91-94635-53962

ਮੈਂ ਜਦੋਂ ਵੀ ਪਟਿਆਲੇ ਆਉਂਦਾ ਹਾਂ ਤਕਰੀਬਨ ਮੇਰੇ ਵੀਰ ਸ. ਗੁਰਮੇਲ ਸਿੰਘ ਨਾਲ ਪਹਿਲਾਂ ਹੀ ਫੋਨ ਤੇ ਗੱਲਬਾਤ ਹੁੰਦੀ ਹੀ ਹੈ, ਮੇਰਾ ਵੀ ਕੁਝ ਨਵਾਂ ਜਾਂ ਪੁਰਾਣੇ ਥਾਵਾਂ 'ਤੇ ਜਾ ਕੇ ਸਮੇਂ ਨੂੰ ਲਾਹੇਵੰਦ ਬਣਾਉਣ ਦੀ ਇੱਛਾ ਹੁੰਦੀ ਹੈ ਜੋ ਕਿ ਅਕਸਰ ਸਾਡੇ ਪ੍ਰੋਗਰਾਮ ਨੂੰ ਗੁਰਮੇਲ ਸਿੰਘ ਦੀ ਮਿਲਾਈ 'ਹਾਂ' ਨਾਲ ਪੂਰੀ ਹੋ ਜਾਂਦੀ ਹੈ।ਪਿਛਲੇ ਮਹੀਨੇ ਗੁਰਮੇਲ ਸਿੰਘ ਜਾਹਲ੍ਹਾਂ ਸਾਡੇ ਆਰਟ ਐਂਡ ਕਰਾਫਟ ਟੀਚਰਜ਼ ਟ੍ਰੇਨਿੰਗ ਨਾਭਾ ਦੇ ਕਲੇ ਮਾਡਲਿੰਗ ਦੇ ਅਧਿਆਪਕ ਸ. ਹਿੰਮਤ ਸਿੰਘ ਬੁੱਤ-ਤਰਾਸ਼ ਨੂੰ ਮਿਲ ਕੇ ਆਏ ਜਿਨ੍ਹਾਂ ਉਨ੍ਹਾਂ ਨਾਲ ਗੱਲਬਾਤ ਕਰਕੇ ਯਾਦਾਂ ਸਾਂਝੀਆਂ ਕਰ ਕੇ ਗਰੁੱਪ ਵਿੱਚ ਪੋਸਟ ਪਾ ਦਿੱਤੀ ਜਿਸ ਨੂੰ ਬਹੁਤ ਸਾਰੇ ਅਧਿਆਪਕਾਂ ਨੇ ਪਸ਼ੰਦ ਕੀਤਾ। ਮੇਰੀ ਤਮੰਨ੍ਹਾ ਵੀ ਕੀਤੀ ਤਾਂ ਕਿ ਉਨ੍ਹਾਂ ਬਾਰੇ ਕੁਝ ਲਿਖ ਕੇ ਸਦੀਵੀ ਯਾਦ ਬਣਾ ਦਈਏ। ਗੁਰਮੇਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੂੰ ਮਿਲਣ ਦਾ ਜਲਦੀ ਹੀ ਪ੍ਰੋਗਰਾਮ ਬਣਾਉਣ ਦਾ ਫੈਸ਼ਲਾ ਕਰ ਲਿਆ। ਪਿਛਲੇ ਦਿਨੀਂ ਸ. ਹਿੰਮਤ ਸਿੰਘ ਦੇ ਕੁਲੀਗ ਰਹਿ ਚੁੱਕੇ ਸ.ਅਮਰਜੀਤ ਸਿੰਘ ਸੁੱਖੀ ਦਾ ਗੁਰਮੇਲ ਸਿੰਘ ਨੂੰ ਫੋਨ ਆ ਗਿਆ ਕਿ ਸਰ ਨੂੰ ਅਧਰੰਗ ਦਾ ਅਟੈਕ ਹੋ ਗਿਆ ਉਨ੍ਹਾਂ ਦੀ ਤਬੀਅਤ ਠੀਕ ਨਹੀਂ।ਗੁਰਮੇਲ ਸਿੰਘ ਨੇ ਮੇਰੇ ਨਾਲ ਗੱਲਬਾਤ ਕੀਤੀ ਤਾਂ ਅਸੀਂ ਅਗਲੇ ਦਿਨ 28 ਸਤੰਬਰ 2021 ਨੂੰ ਹੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਨਾਭਿਓਂ ਸਵੇਰੇ ਬੇਟੀ ਨੂੰ ਲੈ ਕੇ ਚਲ ਪਿਆ ਜੋ ਕਿ ਪਟਿਆਲੇ ਕਾਲਜ 'ਚ ਅਸਿਟੈਂਟ ਪ੍ਰੋਫੈਸਰ (ਅੰਗਰੇਜ਼ੀ) ਐਡਹਾਕ ਡਿਊਟੀ ਕਰ ਰਹੀ ਹੈ। ਮੈਂ ਅਕਸਰ ਉਸ ਨੂੰ ਸਵੇਰੇ ਛੱਡ ਕੇ ਵਾਪਿਸ ਆ ਜਾਂਦਾ ਹਾਂ, ਪਰ ਜਦੋਂ ਕਦੇ ਗੁਰਮੇਲ ਸਿੰਘ ਨਾਲ ਪ੍ਰੋਗਰਾਮ ਬਣ ਜਾਵੇ ਤਾਂ ਫਿਰ ਸਾਮ ਨੂੰ ਵਾਪਸੀ ਸਮੇਂ ਬੇਟੀ ਨੂੰ ਨਾਲ ਲੈ ਆਉਂਦਾ ਹਾਂ।ਗੁਰਮੇਲ ਸਿੰਘ ਨੂੰ ਚੌਵੀ ਨੰ: ਫਾਟਕ ਤੇ ਸਮੇਂ ਸਿਰ ਆਉਣ ਲਈ ਕਹਿ ਦਿੱਤਾ। ਉਥੇ ਪਹੁੰਚਣ ਤੇ ਉਹ ਪਹਿਲਾਂ ਹੀ ਤਿਆਰ ਬਰ ਤਿਆਰ ਖੜ੍ਹਾ ਸੀ ਤੇ ਗੱਡੀ 'ਚ ਬਿਠਾ ਲਿਆ। ਕਾਲਜ ਬੇਟੀ ਨੂੰ ਉਤਾਰ ਕੇ ਅਸੀਂ ਆਪਣੀ ਮੰਜ਼ਿਲ ਵੱਲ ਚਲ ਪਏ। ਗੁਰਮੇਲ ਸਿੰਘ ਡਰਾਈਵਿੰਗ ਕਰਨ ਲੱਗ ਪਿਆ ਕਿਉਂ ਕਿ ਮੇਰੀ ਤਬੀਅਤ ਪਿਛਲੇ ਸਾਲ ਤੋਂ ਠੀਕ ਨਹੀਂ, ਮੈਂ ਪੀ.ਜੀ.ਆਈ. ਚੰਡੀਗੜ੍ਹ ਦੇ ਅੰਡਰ ਟਰੀਟਮੈਂਟ ਚਲ ਰਿਹਾ ਹਾਂ। ਪਰ ਵਾਹਿਗੁਰੂ ਜੀ ਦੀ ਕਿਰਪਾ ਸਦਕਾ ਬੁਲੰਦ ਹੌਸ਼ਲੇ



ਸਰਦਾਰ ਹਿੰਮਤ ਸਿੰਘ ਨਾਲ ਗੁਰਮੇਲ ਸਿੰਘ ਗੱਲਬਾਤ ਕਰਦੇ ਹੋਏ

'ਚ ਰਹਿ ਰਹਿਆਂ ਹਾਂ। ਪਟਿਆਲੇ ਤੋਂ ਜਾਂਦੇ ਹੋਏ ਰਸਤੇ ਵਿੱਚ ਹੰਸਾਲੀ ਵਾਲੇ ਮਹਾਂਪੁਰਸ਼ਾਂ ਦੇ ਅਸਥਾਨ ਤੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਉਥੋਂ ਅਸੀਂ ਸਿੱਧੇ ਚੁੰਨੀ ਕਲਾਂ ਤੋਂ ਟਰਨ ਲੈ ਕੇ ਘੋਗਾ ਪਿੰਡ ਪਹੁੰਚ ਗਏ । ਘਰ ਮੂਹਰੇ ਟਾਈਲਾਂ ਲੱਗੀ ਖੁੱਲ੍ਹੀ ਥਾਂ, ਸਾਂਤ ਮਾਹੌਲ , ਗੋਲ ਸੀਮਿੰਟਿਡ ਬੈਠਣ ਵਾਲੀ ਜਗ੍ਹਾ 'ਚ ਡਕੈਣ ਦੀ ਛਾਂ ਹੇਠ ਗੱਡੀ ਖੜ੍ਹਾ ਦਿੱਤੀ। ਘਰ ਅੰਦਰੋਂ ਕੋਈ ਆਵਾਜ਼ ਸੁਣਾਈ ਨਾ ਦਿੱਤੀ। ਅਸੀਂ ਸੋਚਿਆ ਸ਼ਾਇਦ ਸਰ ਨੂੰ ਹਸਪਤਾਲ ਲੈ ਗਏ ਹੋਣਗੇ। ਪਰ ਗੁਰਮੇਲ ਸਿੰਘ ਦੇ ਆਵਾਜ਼ ਮਾਰਨ ਤੇ ਨੌਕਰ ਬਾਹਰ ਆਇਆ,ਪੁੱਛਣ ਤੇ ਉਸ ਦੱਸਿਆ ਕਿ ਬਾਪੂ ਜੀ ਅੰਦਰ ਹੀ ਹਨ। ਚਲੋ ਅਸੀਂ ਅੰਦਰ ਚਲੇ ਗਏ। ਦੱਸਣ ਤੇ ਉਨ੍ਹਾਂ ਮੈਨੂੰ ਪਛਾਣ ਲਿਆ, ਬਹੁਤ ਖੁਸ਼ ਹੋਏ ਅਤੇ ਮੇਰਾ ਹੱਥ ਘੁੱਟ ਲਿਆ, ਉਹ ਕੁਝ ਕਹਿਣਾ ਵੀ ਚਾਹੁੰਦੇ ਸਨ ਪਰ ਸਮਝ ਨਹੀਂ ਆ ਸਕਿਆ। ਗੁਰਮੇਲ ਸਿੰਘ ਤਾਂ ਪਹਿਲਾਂ ਮਿਲ ਹੀ ਚੁੱਕਿਆ ਸੀ, ਉਸ ਦਿਨ ਦੀ ਦੋਵਾਂ ਦੀ ਮੋਬਾਇਲ 'ਚ ਫੋਟੋ ਦੇਖ ਕੇ ਖੁਸ਼ ਹੋ ਗਏ। ਭਾਵੇਂ ਉਨ੍ਹਾਂ ਨੂੰ ਬੋਲਣ 'ਚ ਦਿੱਕਤ ਹੈ ਪਰ ਉਹ ਉਂਝ ਚੜ੍ਹਦੀਕਲਾ 'ਚ ਹਨ ।ਘਰ ਦੇ ਮੈਂਬਰਾਂ ਵਲੋਂ ਆਪਣੇ ਬਾਪੂ ਜੀ ਦੇ ਹਸਪਤਾਲਾਂ ਦੇ ਟੈਸਟ ਕਰਵਾ ਲਏ ਗਏ ਹਨ। ਦਵਾਈ ਚਲ ਰਹੀ ਹੈ ਆਸ ਹੈ ਕਿ ਵਾਹਿਗੁਰੂ ਜੀ ਦੀ ਬਖਸ਼ਿਸ਼ ਸਦਕਾ ਸਰ ਜਲਦੀ ਬੋਲਣ ਲੱਗ ਜਾਣਗੇ। ਸਾਰਾ ਪਰਿਵਾਰ ਗੁਰੂ ਨੂੰ ਮੰਨਣ ਵਾਲਾ ਹੈ,ਗੁਰੂ ਤੇ ਭਰੋਸ਼ਾ ਰੱਖ ਰਿਹਾ ਹੈ। ਬਾਪੂ ਜੀ ਦੀ ਸੇਵਾ ਪੱਖੋਂ ਪਰਿਵਾਰ ਨੂੰ ਦਾਦ ਦੇਣੀ ਬਣਦੀ ਹੈ।ਪਿੰਡਾਂ ਵਾਲਾ ਮਾਹੌਲ ਹੈ ਪਰ ਸਫਾਈ ਆਦਿ ਦਾ ਪੂਰਾ ਧਿਆਨ ਸ਼ਹਿਰਾਂ ਨਾਲੋਂ ਵੱਧ ਕੇ ਰੱਖਿਆ ਹੋਇਆ ਹੈ। ਇੱਕ ਇੰਟੀਰੀਅਰ ਪਿੰਡ ਦੇ ਪੇਂਡੂ ਵਿਦਿਆਰਥੀ ਲਈ ਮੂਰਤੀ ਕਲਾ/ ਕਲੇ ਮਾਡਲਿੰਗ ਦੀ ਪੜ੍ਹਾਈ ਦਿੱਲੀ ਜਾ ਕੇ ਕਰਨੀ ਉਸ ਸਮੇਂ ਅਨੁਸਾਰ ਉਨ੍ਹਾਂ ਦਾ ਬੜੇ ਦ੍ਰਿੜ ਇਰਾਦੇ ਦਾ ਹੋਣਾ ਹੀ ਸੀ ਜੋ ਉਨ੍ਹਾਂ ਕਰ ਦਿਖਾਈ। ਉਨ੍ਹਾਂ ਦੀ ਇਹ 'ਹਿੰਮਤ' ਨੇ ਉਨ੍ਹਾਂ ਦੇ ਨਾਮ ਨੂੰ ਸਮਰਪਿਤ ਹੋ ਕੇ ਸੱਚਮੁੱਚ ਉਨ੍ਹਾਂ ਦੇ ਮਾਤਾ ਪਿਤਾ ਵਲੋਂ ਰੱਖੇ ਨਾਮ ਹਿੰਮਤ ਸਿੰਘ ਦੀ ਲਾਜ ਰੱਖ ਦਿਖਾਈ।

ਸ. ਹਿੰਮਤ ਸਿੰਘ ਦੀਆਂ ਕਲੇ ਮਾਡਲਿੰਗ ਕਲਾਕ੍ਰਿਤਾਂ ਵਿੱਚ ਵਧੀਆ ਮੁਹਾਰਤ ਸਦਕਾ 26 ਜਨਵਰੀ 1966 ਨੂੰ ਦਿੱਲੀ ਵਿਖੇ ਗਣਤੰਤਰ ਦਿਵਸ ਸਮੇਂ ਪੰਜਾਬ ਵਲੋਂ ਪੇਸ਼ ਕੀਤੀ ਜਾਣ ਵਾਲੀ ਝਾਕੀ 'ਜੈ ਜਵਾਨ, ਜੈ ਕਿਸਾਨ' ਤਿਆਰ ਕਰਨ ਦਾ ਉਨ੍ਹਾਂ ਨੂੰ ਮਾਣ ਪ੍ਰਾਪਤ ਹੋਇਆ ਇਸੇ ਕਰਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨਾਲ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ, ਉਨ੍ਹਾਂ ਉਸ ਸਮੇਂ ਦੀ ਯਾਦਗਾਰੀ ਫੋਟੋ ਅਤੇ ਹੋਰ ਕਲਾਕ੍ਰਿਤਾਂ ਦੀਆਂ ਫੋਟੋਆ ਸਾਂਭ ਕੇ ਰੱਖੀਆਂ ਹੋਈਆਂ ਹਨ ।ਨਾਭੇ ਸਰਵਿਸ ਦੌਰਾਨ ਮਹਾਤਮਾ ਬੁੱਧ ਦਾ ਬੁੱਤ ਸੰਸਥਾ ਅੱਗੇ ਉਨ੍ਹਾਂ ਬਣਾਇਆ, ਜੋ ਉਨ੍ਹਾਂ ਦੀ ਕਲਾ ਨੂੰ ਉਜਾਗਰ ਕਰਦਾ ਹੈ। ਹਜ਼ਾਰਾਂ ਟ੍ਰੇਨਿੰਗ ਲੈ ਚੁੱਕੇ ਡਰਾਇੰਗ ਅਧਿਆਪਕਾਂ ਨੂੰ ਉਨ੍ਹਾਂ ਆਪਣਾ ਵਿਸ਼ਾ ਪੜ੍ਹਾ ਕੇ ਉਨ੍ਹਾਂ ਨੂੰ ਮੂਰਤ/ ਬੁੱਤ ਤਰਾਸਣ ਦੀ ਕਲਾ ਸਿਖਾਈ। ਉਨ੍ਹਾਂ ਦੇ ਬਹੁਤੇ ਸਿਖਿਆਰਥੀ ਨੌਕਰੀ ਤੋਂ ਸੇਵਾ ਮੁਕਤ ਵੀ ਹੋ ਚੁੱਕੇ ਹਨ। ਮੈਨੂੰ ਆਸ ਹੈ ਕਿ ਉਨ੍ਹਾਂ ਦੇ ਜੀਵਨ ਬਾਰੇ ਤੰਦਰੁਸਤ ਹੋਣ ਤੇ ਜਰੂਰ ਲਿੱਖ ਸਕਾਂਗਾ। ਉਨ੍ਹਾਂ ਨੇ ਆਪਣਾ ਜੀਵਨ ਸਾਦਾ ਰਹਿਣੀ ਬਹਿਣੀ ਵਾਲਾ ਰੱਖਿਆ ਹੋਇਆ ਹੈ। ਸਰਵਿਸ ਦੌਰਾਨ ਵੀ ਉਨ੍ਹਾਂ ਦੇਸੀ ਖੱਦਰ ਦਾ ਪਹਿਰਾਵਾ, ਸਾਦੀ ਜੁੱਤੀ, ਇਥੋਂ ਤੱਕ ਦਸਤਾਰ ਵੀ ਖੱਦਰ ਦੀ ਸਜਾ ਕੇ ਵਿਚਰਦੇ ਰਹੇ। ਉਨ੍ਹਾਂ ਨੇ ਜ਼ਿੰਦਗੀ ਦੀ ਚਮਕ-ਦਮਕ ਤੋਂ ਦੂਰੀ ਬਣਾਈ ਰੱਖੀ। ਇਹੋ ਜਿਹੇ ਸ਼ਖਸ ਵਿਰਲੇ ਹੀ ਹੁੰਦੇ ਹਨ ਜਿਸ ਤਰ੍ਹਾਂ ਸ. ਹਿੰਮਤ ਸਿੰਘ ਨੇ ਆਪਣੀ ਜ਼ਿੰਦਗੀ ਵਿੱਚ ਨਿਵੇਕਲੀ ਥਾਂ ਬਣਾਈ।

ਦੁਪਿਹਰ ਤੋਂ ਬਾਅਦ ਵਾਪਸੀ ਆਉਣ ਸਮੇਂ ਰਸਤੇ 'ਚ ਨੌਵੀਂ ਪਾਤਸਾਹੀ ਦੀ ਚਰਨ ਛੋਹ ਧਰਤੀ ਤੇ ਬਣੇ ਗੁਰਦੁ-ਆਰਾ ਸੈਂਪਲੀ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਬਾਅਦ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਸ਼ਹੀਦੀ ਨੂੰ ਤਾਜ਼ਾ ਕਰਦੇ ਹੋਏ ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ 'ਤੇ ਉਨ੍ਹਾਂ ਦੇ ਅਸਥਾਨ ਗੁਰਦੁਆਰਾ ਜੋਤੀ ਸਰੂਪ ਸਾਹਿਬ (ਫਤਿਹਗੜ੍ਹ ਸਾਹਿਬ) ਵਿਖੇ ਨਤਮਸਤਕ ਹੋਏ ਅਤੇ ਸਿੱਧੇ ਪਟਿਆਲੇ ਜਾ ਕੇ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਵਿਖੇ ਮੱਥਾ ਟੇਕ ਕੇ ਇਸ ਯਾਤਰਾ ਦੇ ਆਖਰੀ ਪੜ੍ਹਾਅ ਦੀ ਸਮਾਪਤੀ ਵੱਲ ਵਧਦੇ ਹੋਏ ਸਮੇਂ ਸਿਰ ਖਾਲਸਾ ਕਾਲਜ ਪਹੁੰਚ ਗਏ ਅਤੇ ਅੱਗੋਂ ਨਾਭੇ ਨੂੰ ਜਾਂਦੇ ਹੋਏ ਗੁਰਮੇਲ ਸਿੰਘ ਨੂੰ ਪ੍ਰਤਾਪ ਨਗਰ ਉਤਾਰ ਕੇ ਅਸੀਂ ਆਪਣੇ ਆਪਣੇ ਘਰੀਂ ਪਹੁੰਚ ਗਏ।

ਸਰਦਾਰ ਹਿੰਮਤ ਸਿੰਘ ਦੀਆਂ ਕਲਾਕ੍ਰਿਤਾਂ ਦੀਆਂ ਫੋਟੋਆਂ








# ਨੀਟ ਟੈਸਟ ਖ਼ਤਮ ਕਰਨ ਲਈ ਦਲੀਲਾਂ-ਤਾਮਿਲਨਾਡੂ ਸਰਕਾਰ

(ਸਫਾ 22 ਦੀ ਬਾਕੀ)

ਕਮੇਟੀ ਦੀ ਸਿਫਾਰਸ਼ ਦੇ ਅਧਾਰ ਤੇ, ਤਾਮਿਲਨਾਡੂ ਤੁਹਾਡੇ ਵਿਚਾਰਾਂ ਲਈ ਵੀ ਇਸ ਨੂੰ ਅਗੇ ਵਧਾਉਂਦਾ ਹੈ।

ਸਾਡੀ ਵਿਚਾਰ ਕੀਤੀ ਸਥਿਤੀ ਹਮੇਸ਼ਾ ਤੋਂ ਇਹ ਰਹੀ ਹੈ ਕਿ ਕੇਂਦਰ ਸਰਕਾਰ ਵੱਲੋਂ ਨੀਟ ਨੂੰ ਲਾਗੂ ਕਰਨ ਦਾ ਕਦਮ ਸੰਘਵਾਦ ਦੀ ਭਾਵਨਾ ਦੇ ਵਿਰੁੱਧ ਹੈ ਅਤੇ ਸਥਾਪਤ ਮੈਡੀਕਲ ਸੰਸਥਾਵਾਂ ਵਿੱਚ ਦਾਖਲੇ ਦੀ ਵਿਧੀ ਬਾਰੇ ਫੈਸਲਾ ਕਰਨ ਦੇ ਰਾਜ ਸਰਕਾਰਾਂ ਦੇ ਅਧਿਕਾਰਾਂ ਨੂੰ ਰੋਕ ਕੇ ਸ਼ਕਤੀ ਦੇ ਸੰਵਿਧਾਨਕ ਸੰਤੁਲਨ ਦੀ ਉਲੰਘਣਾ ਕਰਦਾ ਹੈ, ਉਨ੍ਹਾਂ ਦੁਆਰਾ ਸਥਾਪਤ ਅਤੇ ਚਲਾਇਆ ਜਾਂਦਾ ਹੈ. ਇਸ ਸਬੰਧ ਵਿੱਚ, ਅਸੀਂ ਵਿਚਾਰ ਕਰਦੇ ਹਾਂ ਕਿ ਰਾਜ ਸਰਕਾਰਾਂ ਨੂੰ ਆਪਣੇ ਉੱਚ ਵਿਦਿਅਕ ਅਦਾਰਿਆਂ ਵਿੱਚ ਦਾਖਲੇ ਦੇ ਢੰਗ ਨੂੰ ਨਿਰਧਾਰਤ ਕਰਨ ਵਿੱਚ ਆਪਣੇ ਸੰਵਿਧਾਨਕ ਅਧਿਕਾਰ ਅਤੇ ਸਥਿਤੀ ਨੂੰ ਪੱਕਾ ਕਰਨ ਦੀ ਜ਼ਰੂਰਤ ਹੈ।

ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਦਸਤਾਵੇਜ਼ਾਂ ਨੂੰ ਪੜ੍ਹੋ ਅਤੇ ਇਸ ਸਬੰਧ ਵਿੱਚ ਆਪਣਾ ਸਮਰਥਨ ਵਧਾਓ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਾਡੇ ਸਬੰਧਤ ਰਾਜਾਂ ਦੇ ਵਿਦਿਆਰਥੀ, ਪੇਂਡੂ ਖੇਤਰਾਂ ਅਤੇ ਸਮਾਜ ਦੇ ਹਾਸ਼ੀਏ 'ਤੇ ਆਏ ਵਿਦਿਆਰਥੀਆਂ ਨੂੰ ਉੱਚ ਵਿਦਿਅਕ ਸੰਸਥਾਵਾਂ ਵਿੱਚ ਦਾਖਲਾ ਲੈਣ ਵਿੱਚ ਮੁਸ਼ਕਲ ਨਾ ਆਵੇ। ਸਾਡੇ ਸੰਵਿਧਾਨ ਦੇ ਅਨੁਸਾਰ ਸਿੱਖਿਆ ਖੇਤਰ ਦੇ ਪ੍ਰਬੰਧਨ ਵਿੱਚ ਰਾਜ ਸਰਕਾਰਾਂ ਦੀ ਪ੍ਰਮੁੱਖਤਾ ਬਹਾਲ ਕਰਨ ਲਈ ਸਾਨੂੰ ਇੱਕਜੁਟ ਯਤਨ ਕਰਨ ਦੀ ਲੋੜ ਹੈ। ਮੈਂ ਇਸ ਮਹੱਤਵਪੂਰਣ ਮੁੱਦੇ ਵਿੱਚ ਤੁਹਾਡੇ ਸਹਿਯੋਗ ਦੀ ਉਮੀਦ ਕਰਦਾ ਹਾਂ।

ਸੇਵਾ ਮੁਕਤ ਜਸਟਿਸ ਏਕੇ ਰਾਜਨ ਕਮੇਟੀ ਦੁਆਰਾ ਨੀਟ ਦੇ ਪ੍ਰਭਾਵ ਬਾਰੇ ਸੌਂਪੀ ਗਈ 165 ਪੰਨਿਆਂ ਦੀਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਐਨਈਈਟੀ ਨੂੰ ਤੁਰੰਤ ਖਤਮ ਕੀਤਾ ਜਾਣਾ ਚਾਹੀਦਾ ਹੈ।

14 ਸਤੰਬਰ ਨੂੰ ਤਾਮਿਲਨਾਡੂ ਦੇ ਮੁੱਖ ਮੰਤਰੀ ਐਮਕੇ ਸਟਾਲਿਨ ਨੂੰ ਸੌਂਪੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇ ਨੀਟ ਕੁਝ ਹੋਰ ਸਾਲਾਂ ਤੱਕ ਜਾਰੀ ਰਹਿੰਦੀ ਹੈ, ਤਾਂ ਇਹ ਤਾਮਿਲਨਾਡੂ ਦੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਪ੍ਰਭਾਵਤ ਕਰੇਗੀ, ਜਿਸ ਨਾਲ ਮੁੱਢਲੇ ਸਿਹਤ ਕੇਂਦਰਾਂ ਅਤੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਨਿਯੁਕਤੀਆਂ ਦੀ ਕਮੀ ਆਵੇਗੀ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੇਂਡੂ ਖੇਤਰਾਂ ਅਤੇ ਗਰੀਬ ਪਿਛੋਕੜ ਦੇ ਵਿਦਿਆਰਥੀ ਡਾਕਟਰੀ ਸਿੱਖਿਆ ਤੱਕ ਪਹੁੰਚ ਗੁਆ ਸਕਦੇ ਹਨ।

ਕਮੇਟੀ ਨੇ ਇਹ ਵੀ ਦੱਸਿਆ ਕਿ ਤਾਮਿਲ ਨੂੰ ਇੱਕ ਮਾਧਿਅਮ ਵਜੋਂ ਪੜ੍ਹਨ ਵਾਲੇ ਵਿਦਿਆਰਥੀ ਨੀਟ ਵਿੱਚ ਵਧੀਆ ਪ੍ਰਦਰਸ਼ਨ ਨਹੀਂ ਕਰ ਸਕਦੇ ਅਤੇ 'ਕੋਚਿੰਗ' ਦੇ ਸੱਭਿਆਚਾਰ ਦੀ ਸਖਤ ਨਿਖੇਧੀ ਕਰਦੇ ਹੋਏ ਇਹ ਦਾਅਵਾ ਕੀਤਾ ਕਿ ਇਹ ਹੌਲੀ -ਹੌਲੀ 'ਸਿੱਖਣ' ਦੀ ਥਾਂ ਲੈ ਰਹੀ ਹੈ, ਜੋ ਕਿ ਹੋਣ ਵਾਲੇ ਡਾਕਟਰਾਂ (ਡਾਕਟਰੀ ਚਾਹਵਾਨਾਂ) ਲਈ ਤਰਕ, ਫੈਸਲਾ ਲੈਣ, ਨਿਰਣਾਇਕ, ਵਿਸ਼ਲੇਸ਼ਣਾਤਮਕ ਅਤੇ ਮਨੋਵਿਗਿਆਨਕ ਹੁਨਰ ਹਾਸਲ ਕਰਨ ਲਈ ਬਹੁਤ ਜ਼ਰੂਰੀ ਹੈ ਜੋ ਸਿਰਫ ਸਕੂਲੀ ਸਿੱਖਿਆ ਵਿੱਚ ਪ੍ਰਾਪਤ ਕੀਤੇ ਜਾਂਦੇ ਹਨ, ਕੋਚਿੰਗ ਵਿੱਚ ਨਹੀਂ। ਕਮੇਟੀ ਨੇ ਰਾਜ ਸਰਕਾਰਾਂ ਨੂੰ ਹੇਠ ਲਿਖੀਆਂ ਸਿਫਾਰਸ਼ਾਂ ਕੀਤੀਆਂ:

* ਰਾਜ ਸਰਕਾਰ ਲੋੜੀਂਦੀ ਕਨੂੰਨੀ ਅਤੇ/ਜਾਂ ਵਿਧਾਨਕ ਪ੍ਰਕਿਰਿਆਵਾਂ ਦੀ ਪਾਲਣਾ ਕਰਕੇ ਸਾਰੇ ਪੱਧਰਾਂ 'ਤੇ ਮੈਡੀਕਲ ਪ੍ਰੋਗਰਾਮਾਂ ਵਿੱਚ ਦਾਖਲੇ ਲਈ ਨੂੰ ਵਰਤਣ ਤੋਂ ਰੋਕਣ ਲਈ ਤੁਰੰਤ ਕਦਮ ਚੁੱਕ ਸਕਦੀ ਹੈ।
* ਸਰਕਾਰ ਇਹ ਪੱਖ ਲੈ ਸਕਦੀ ਹੈ ਕਿ ਐਂਟਰੀ 25 ਲਿਸਟ ਵਿੱਚ ਪਾਏ ਗਏ 'ਯੂਨੀਵਰਸਿਟੀ ਐਜੂਕੇਸ਼ਨ' ਸ਼ਬਦ ਇੱਕ ਆਮ ਵਿਵਸਥਾ ਹੈ ਅਤੇ ਐਂਟਰੀ ਵਿੱਚ 'ਯੂਨੀਵਰਸਿਟੀਜ਼ ਰੈਗੂਲੇਸ਼ਨ' ਇੱਕ ਵਿਸ਼ੇਸ਼ ਵਿਵਸਥਾ ਹੈ: ਐਂਟਰੀ 32 ਇੱਕ ਵਿਸ਼ੇਸ਼ ਰਾਜ ਦਾ ਵਿਸ਼ਾ ਹੈ ਜਿਸਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਲਈ, ਧਾਰਾ 254 ਨੂੰ ਐਕਟ 3/2007 ਨੂੰ ਓਵਰਰਾਈਡ ਕਰਨ ਲਈ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਦਾਖਲਾ * * 32 ਨਾਲ ਸੰਬੰਧਿਤ ਹੈ। ਉਸ ਐਕਟ ਦੇ ਉਪਬੰਧਾਂ ਅਨੁਸਾਰ ਭਰੀ ਹੋਈ ਹੈ। ਐਨਐਮਸੀ ਐਕਟ ਦੇ (ਐੱਸ. 14 ਦੀ ਉਨ੍ਹਾਂ ਸੀਟਾਂ ਲਈ ਕੋਈ ਅਰਜ਼ੀ ਨਹੀਂ ਹੈ)। ਇਸ ਸਬੰਧ ਵਿੱਚ, ਰਾਜ ਕਾਨੂੰਨੀ ਅਤੇ ਸੰਵਿਧਾਨਕ ਵਿਵਸਥਾਵਾਂ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰ ਸਕਦਾ ਹੈ।
* ਵਿਕਲਪਕ ਤੌਰ 'ਤੇ, ਰਾਜ ਸਰਕਾਰ ਐਕਟ 3/2007 ਦੇ ਸਮਾਨ ਇੱਕ ਐਕਟ ਪਾਸ ਕਰ ਸਕਦੀ ਹੈ, ਜੋ ਕਿ ਮੈਡੀਕਲ ਸਿੱਖਿਆ ਦੇ ਸਾਰੇ ਪੱਧਰਾਂ' ਤੇ ਨੀਟ ਨੂੰ ਖਤਮ ਕਰਨ ਦੀ ਜ਼ਰੂਰਤ ਨੂੰ ਦਰਸਾਉਂਦੀ ਹੈ, ਅਤੇ ਇਸਦੇ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਪ੍ਰਾਪਤ ਕਰ ਸਕਦੀ ਹੈ। ਇਹ ਸਮਾਜਿਕ ਨਿਆਂ ਨੂੰ ਯਕੀਨੀ ਬਣਾਏਗਾ ਅਤੇ ਸਾਰੇ ਕਮਜ਼ੋਰ ਵਿਦਿਆਰਥੀ ਭਾਈਚਾਰਿਆਂ ਨੂੰ ਮੈਡੀਕਲ ਸਿੱਖਿਆ ਪ੍ਰੋਗਰਾਮਾਂ ਵਿੱਚ ਦਾਖਲੇ ਵਿੱਚ ਭੇਦਭਾਵ ਤੋਂ ਬਚਾਏਗਾ।
* ਉਹ ਐਚਐਸਸੀ (ਹਾਇਰ ਸੈਕੰਡਰੀ) ਸਕੋਰ ਪਹਿਲੀ ਡਿਗਰੀ ਦੇ ਮੈਡੀਕਲ ਪ੍ਰੋਗਰਾਮਾਂ ਵਿੱਚ ਦਾਖਲੇ ਲਈ ਇਕੋ ਦਾਖਲੇ ਦੇ ਮਾਪਦੰਡ ਬਣ ਜਾਣਗੇ, ਅਤੇ ਸਿੱਖਿਆ ਦੇ ਵੱਖ - ਵੱਖ ਬੋਰਡਾਂ ਦੇ ਵਿਦਿਆਰਥੀਆਂ ਲਈ ਮੌਕੇ ਵਿੱਚ ਸਮਾਨਤਾ ਨੂੰ ਯਕੀਨੀ ਬਣਾਉਣ ਲਈ, ਅੰਕਾਂ ਦੇ ਬਰਾਬਰੀਕਰਣ ਦੀ ਪਾਲਣਾ ਕੀਤੀ ਜਾ ਸਕਦੀ ਹੈ।
* ਸਮਾਜਿਕ, ਆਰਥਿਕ ਅਤੇ ਹੋਰ ਜਨਸੰਖਿਆ ਸੰਬੰਧੀ ਮੁਸ਼ਕਲਾਂ ਜੋ ਉਨ੍ਹਾਂ ਦੇ ਐਚਐਸਸੀ ਇਮਤਿਹਾਨ ਵਿੱਚ ਸਾਰੇ ਸੰਬੰਧਤ ਵਿਦਿਆਰਥੀਆਂ, ਮੁੱਖ ਤੌਰ 'ਤੇ ਪਛੜੇ ਅਤੇ ਗਰੀਬਾਂ ਦੀ ਮਾੜੀ ਕਾਰਗੁਜ਼ਾਰੀ ਦਾ ਕਾਰਨ ਬਣਦੀਆਂ ਹਨ, ਅਤੇ ਮੁਸ਼ਕਲਾਂ ਦੀ ਤੀਬਰਤਾ ਦੀ ਡਿਗਰੀ ਦੇ ਅਨੁਸਾਰ, ਅੰਕਾਂ ਦੀ ਮੁੜ-ਪ੍ਰੋਫਾਈਲਿੰਗ ਦੀ ਵਰਤੋਂ ਕਰਕੇ ਕੀਤਾ ਜਾ ਸਕਦਾ ਹੈ ਇਸ ਲਈ'ਐਡਵਰਸਿਟੀ ਸਕੋਰ' ਦਾ ਇੱਕ ਪੂਰਵ-ਵਿਕਸਤ ਢਾਂਚਾ ਹੈ।
* ਐਚਐਸਸੀ ਦੇ ਪੱਧਰ ਤੱਕ ਦੀ ਸਕੂਲੀ ਸਿੱਖਿਆ ਨੂੰ ਇਸ ਤਰ੍ਹਾਂ ਸੁਧਾਰਿਆ ਜਾਏਗਾ ਕਿ 'ਕੋਚਿੰਗ' ਦੇ ਉਲਟ 'ਸਿੱਖਣ' ਨੂੰ ਉਤਸ਼ਾਹਤ ਕੀਤਾ ਜਾਵੇ, ਅਤੇ ਪਾਠਕ੍ਰਮ ਤੋਂ ਲੈ ਕੇ ਸਿੱਖਿਆ ਅਤੇ ਸਿੱਖਣ ਦੁਆਰਾ ਸਿੱਖਣ ਦੇ ਮੁਲਾਂਕਣ (ਬੋਰਡ ਪ੍ਰੀਖਿਆ) ਤੱਕ, ਸਾਰਿਆਂ ਨੂੰ ਇਸ ਵੱਲ ਮੋੜਿਆ ਜਾਵੇ ਵਿਸ਼ਾ ਗਿਆਨ ਅਤੇ ਉੱਚ ਤਰਤੀਬ ਦੇ ਹੁਨਰਾਂ ਦੇ ਨਾਲ ਵਿਦਿਆਰਥੀਆਂ ਨੂੰ ਸਮਰੱਥ ਅਤੇ ਸ਼ਕਤੀਸ਼ਾਲੀ ਬਣਾਉਣਾ ਜਿਸ ਵਿੱਚ ਤਰਕ, ਫੈਸਲੇ ਲੈਣ, ਸਮਾਜਕ ਸੁਭਾਅ ਅਤੇ ਹੋਰ ਸ਼ਾਮਲ ਹਨ। ਖਾਸ ਤੌਰ 'ਤੇ, ਸਿਖਲਾਈ ਦੇ ਮੁਲਾਂਕਣ ਦਾ ਰਟਾ ਲਾਊ ਦੇ ਰੂਪ ਜੋ ਕੋਚਿੰਗ ਵੱਲ ਲੈ ਜਾਂਦਾ ਹੈ ਨੂੰ ਖਤਮ ਕਰ ਦਿੱਤਾ ਜਾਵੇਗਾ ਅਤੇ ਪ੍ਰਾਪਤ ਕੀਤੇ ਗਿਆਨ ਅਤੇ ਹੁਨਰਾਂ' ਤੇ ਧਿਆਨ ਕੇਂਦਰਤ ਕੀਤਾ ਜਾਵੇਗਾ।
* ਜਿੱਥੋਂ ਤੱਕ 'ਡੀਮਡ ਯੂਨੀਵਰਸਿਟੀਆਂ' ਦਾ ਸਬੰਧ ਹੈ, ਤਾਮਿਲਨਾਡੂ ਦੀਆਂ ਸਾਰੀਆਂ ਡੀਮਡ ਯੂਨੀਵਰਸਿਟੀਆਂ ਨੂੰ ਇਸ ਦੇ ਦਾਇਰੇ ਵਿੱਚ ਲਿਆਉਣ ਲਈ ਤਾਮਿਲਨਾਡੂ ਵਿਧਾਨ ਸਭਾ ਦੁਆਰਾ ਇੱਕ ਐਕਟ ਪਾਸ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਐਕਟ 3/2007 ਅਧੀਨ ਹੈ ਅਤੇ ਰਾਸ਼ਟਰਪਤੀ ਦੀ ਮਨਜ਼ੂਰੀ ਲੈਣੀ ਪੈਂਦੀ ਹੈ।
* ਰਿਪੋਰਟ ਇਹ ਕਹਿ ਕੇ ਸਮਾਪਤ ਹੋਈ ਕਿ ਜੇ ਨੀਟ ਜਾਰੀ ਰਹਿੰਦੀ ਹੈ, ਤਾਂ ਤਾਮਿਲਨਾਡੂ ਆਜ਼ਾਦੀ ਤੋਂ ਪਹਿਲਾਂ ਦੇ ਦਿਨਾਂ ਵਿੱਚ ਵਾਪਸ ਜਾ ਸਕਦਾ ਹੈ, ਜਿੱਥੇ ਛੋਟੇ ਕਸਬਿਆਂ ਅਤੇ ਪਿੰਡਾਂ ਵਿੱਚ ਸਿਰਫ 'ਨੰਗੇ ਪੈਰੀਂ' ਡਾਕਟਰ ਉਪਲਬਧ ਲੋੜਾਂ ਪੂਰੀਆਂ ਕਰ ਰਹੇ ਸਨ ਅਤੇ ਤਾਮਿਲਨਾਡੂ ਇੱਕ ਮੈਡੀਕਲ ਅਤੇ ਹੈਲਥ ਕੇਅਰ ਪ੍ਰਣਾਲੀ ਵਿੱਚ ਰਾਜ ਰਾਜਾਂ ਦੇ ਦਰਜੇ ਵਿੱਚ ਹੇਠਾਂ

# ਚੰਨੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ



ਚਰਨ ਦਾਸ ਸੰਧੂ
91-94640-66955

ਪੰਜਾਬ ਦੀ ਇਕ ਕਹਾਵਤ ਹੈ ਜੰਗ ਅਤੇ ਮੁਹੱਬਤ ਵਿਚ ਸਭ ਕੁਝ ਜਾਇਜ਼ ਹੁੰਦਾ ਹੈ। ਅੱਜਕਲ੍ਹ ਇਸ ਨਾਲ ਇਕ ਲਾਈਨ ਹੋਰ ਜੋੜ ਦੇਣੀ ਚਾਹੀਦੀ ਹੈ ਕਿ ਸਿਆਸਤ ਵਿਚ ਵੀ ਸਭ ਕੁਝ ਜਾਇਜ਼ ਹੁੰਦਾ ਹੈ, ਖਾਸ ਕਰਕੇ ਭਾਰਤ ਵਰਗੇ ਜਾਤੀ ਪ੍ਰਧਾਨ ਦੇਸ਼ ਵਿਚ। ਪੰਜਾਬ ਦੀ ਕਾਂਗਰਸ ਸਰਕਾਰ ਵਿਚ ਪਿਛਲੇ ਸਮੇਂ ਤੋਂ ਚੱਲਦਾ ਆ ਰਿਹਾ ਕਾਟੋ ਕਲੇਸ਼ ਉਸ ਸਮੇਂ ਇਤਿਹਾਸਕ ਹੋ ਗਿਆ ਜਦੋਂ 19 ਸਤੰਬਰ 2021 ਨੂੰ ਪਾਰਟੀ ਦੀ ਮੁੱਖ ਲੀਡਰਸ਼ਿਪ ਨੇ ਬੜੇ ਉਤਰਾਅ ਚੜ੍ਹਾਅ ਦੇ ਬਾਅਦ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ 24ਵਾਂ ਮੁੱਖ ਮੰਤਰੀ ਐਲਾਨ ਦਿੱਤਾ। ਇਥੇ ਇਹ ਸਪਸ਼ਟ ਕਰਦੇ ਚੱਲੀਏ ਕਿ ਮੈਂ ਨਾ ਤਾਂ ਕਾਂਗਰਸ ਪਾਰਟੀ ਦਾ ਸਮਰਥਕ ਹਾਂ ਅਤੇ ਨਾ ਹੀ ਮੇਰਾ ਕਿਸੇ ਹੋਰ ਪਾਰਟੀ ਨਾਲ ਕੋਈ ਸਰੋਕਾਰ ਹੈ, ਪਰ ਇਕ ਗਿਲਾ ਉਹਨਾਂ ਸਾਰੇ ਲੋਕਾਂ 'ਤੇ ਜ਼ਰੂਰ ਹੈ ਜੋ ਦਲਿਤ ਕਹੇ ਜਾਣ ਵਾਲੇ ਸਮਾਜ ਪ੍ਰਤੀ ਆਪਣਾ ਨਜ਼ਰੀਆ ਅੱਜ ਵੀ ਨਹੀਂ ਬਦਲ ਰਹੇ। ਚੰਨੀ ਨੂੰ ਮੁੱਖ ਮੰਤਰੀ ਕੀ ਬਣਾਇਆ, ਪੂਰੇ ਦੇਸ਼ ਦੇ ਸਿਆਸੀ ਗਲਿਆਰਿਆਂ ਵਿਚ ਭੂਚਾਲ ਆ ਗਿਆ, ਤਰ੍ਹਾਂ-ਤਰ੍ਹਾਂ ਦੀਆਂ ਤੂਤੀਆਂ ਉਸਦੇ ਵਿਰੋਧ ਵਿਚ ਬੋਲੀਆਂ ਗਈਆਂ, ਕਿਤੇ ਵੀ ਉਸਦੀ ਕਾਬਲੀਅਤ ਦੀ ਪ੍ਰਸੰਸਾ ਨਹੀਂ ਕੀਤੀ ਗਈ, ਸਿਰਫ ਅਤੇ ਸਿਰਫ ਉਸਦੀ ਜਾਤ ਦੀ ਤਖਤੀ ਹੀ ਚਮਕਦੀ ਗਈ, ਜਦਕਿ ਚਰਨਜੀਤ ਸਿੰਘ ਚੰਨੀ ਨੇ ਸਾਧਨਹੀਣ ਪਰਿਵਾਰ ਵਿਚ ਪੈਦਾ ਹੋ ਕੇ ਆਪਣੇ ਬਲਬੂਤੇ 'ਤੇ ਆਪਣੀ ਵੱਖਰੀ ਪਹਿਚਾਣ ਬਣਾਈ। ਗਰੀਬੀ ਵਿਚ ਰਹਿ ਕੇ ਵੀ ਇਹ ਮੁਕਾਮ ਹਾਸਲ ਕਰਨਾ ਗੋਦੀ ਮੀਡੀਏ ਨੂੰ ਇਹ ਵੀ ਨਜ਼ਰ ਨਹੀਂ ਆਇਆ। ਰਾਜਨੀਤਿਕ ਤੌਰ 'ਤੇ ਚੰਨ. ਡੀ. ਏ. ਵੀ. ਕਾਲਜ 'ਚ ਸਟੂਡੈਂਟ ਯੂਨੀਅਨ ਦਾ ਪ੍ਰਧਾਨ ਰਿਹਾ। ਫਿਰ ਤਿੰਨ ਵਾਰ ਐਮ. ਸੀ. ਬਣਿਆ, ਤਿੰਨ ਵਾਰ ਐਮ. ਐਲ. ਏ., ਇਕ ਵਾਰ ਆਜ਼ਾਦ ਵੀ ਜਿੱਤਿਆ। ਤਕਨੀਕੀ ਮੰਤਰੀ ਤੇ ਵਿਰੋਧੀ ਧਿਰ ਦਾ ਆਗੂ ਵੀ ਰਿਹਾ, ਅੰਗੂਠਾ ਛਾਪ ਸਿਆਸਤਦਾਨਾਂ ਨਾਲੋਂ ਕਈ ਦਰਜੇ ਉਪਰ, ਕਿਉਂਕਿ ਉਹ ਪੰਜਾਬ ਯੂਨੀਵਰਸਿਟੀ ਤੋਂ ਐਲ. ਐਲ. ਬੀ. ਪਾਸ ਹੈ, ਉਸ ਮਗਰੋਂ ਐਮ. ਬੀ. ਏ. ਕੀਤੀ। ਇਸ ਵੇਲੇ ਪੀ. ਟੀ. ਯੂ. ਤੋਂ ਪੀਐਚਡੀ ਕਰ ਰਿਹਾ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਦੀ ਬਾਸਕਟਬਾਲ ਟੀਮ ਦਾ ਖਿਡਾਰੀ ਰਿਹਾ। ਇੰਟਰ ਯੂਨੀਵਰਸਿਟੀ ਮੁਕਾਬਲੇ ਵਿਚ ਤਿੰਨ ਵਾਰ ਗੋਲਡ ਮੈਡਲ ਜਿੱਤਿਆ ਅਤੇ ਹੋਰ ਵੀ ਲੋਕਾਂ ਦੇ ਭਲੇ ਦਾ ਬਹੁਤ ਕੁਝ ਕੀਤਾ, ਪਰ ਅਫਸੋਸ! ਐਨੀਆਂ ਪ੍ਰਾਪਤੀਆਂ ਦੇ ਬਾਵਜੂਦ ਅਕਲ ਦੇ ਅੰਨ੍ਹਿਆਂ ਨੂੰ ਸਿਰਫ ਉਸਦੀ ਜਾਤ ਹੀ ਨਜ਼ਰ ਆਈ, ਇੱਥੋਂ ਇਹ ਲੱਗਦਾ ਹੈ ਕਿ ਸੈਂਕੜੇ ਸਾਲਾਂ ਦੀ ਗੁਲਾਮੀ ਨੇ ਸਾਨੂੰ ਮਾਨਸਿਕ ਗੁਲਾਮ ਬਣਾ ਦਿੱਤਾ, ਅੱਜ ਵੀ ਬਹੁਤਿਆਂ ਨੂੰ ਰਾਜਿਆਂ ਦੇ ਤਲਵੇ ਚੱਟਣਾ ਚੰਗਾ ਲੱਗਦਾ, ਇਸੇ ਕਰਕੇ ਉਨ੍ਹਾਂ ਦੇ ਖਾਨਦਾਨਾਂ ਦੀਆਂ ਔਲਾਦਾਂ ਨੂੰ ਹੀ ਰਾਜੇ ਵੇਖਣਾ ਪਸੰਦ ਕਰਦੇ ਨੇ 'ਘਾਈ ਦੇ ਪੁੱਤ ਨੇ ਘਾਹ ਹੀ ਖੋਤਣਾ' ਵਾਲੀ ਬਕਵਾਸ 'ਤੇ ਮਾਈਂਟ ਸੈਟ ਹੈ ਅਤੇ ਰਾਜਿਆਂ ਦੇ ਪੁੱਤਾਂ ਨੂੰ ਹੀ ਰਾਜੇ ਬਣਨਾ ਹੈ। ਜਦਕਿ ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿਚ ਬੋਲਦਿਆਂ ਕਿਹਾ ਸੀ- ਅੱਜ ਤੋਂ (26 ਜਨਵਰੀ, 1950) ਹਰ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਸਦੀਆਂ ਤੋਂ ਸਤਾਏ ਕਰੋੜਾਂ ਦੱਬੇ-ਕੁਚਲੇ ਲੋਕਾਂ ਨੂੰ ਸੰਵਿਧਾਨ ਰਾਹੀਂ ਵੋਟ ਦਾ ਅਧਿਕਾਰ ਦੇ ਕੇ ਮੈਂ ਰਾਣੀਆਂ ਦੇ ਪੇਟਾਂ 'ਚ ਰਾਜੇ ਜੰਮਣੇ ਬੰਦ ਕਰ ਦਿੱਤੇ। ਹੁਣ ਰਾਜੇ ਮੱਤ ਪੇਟੀਆਂ ਵਿਚ ਜੰਮਿਆ ਕਰਨਗੇ ਅਤੇ ਜਮਾਓਗੇ ਤੁਸੀਂ। ਲੋਕਾਂ ਵੱਲੋਂ ਲੋਕਾਂ ਦੀ, ਲੋਕਾਂ ਲਈ ਚੁਣੀ ਹੋਈ ਸਰਕਾਰ ਭਾਰਤੀ ਲੋਕਤੰਤਰ ਦੀ ਬੁਨਿਆਦ ਹੈ, ਇਹੀ ਲੋਕਤੰਤਰ ਦੀ ਸਭ ਤੋਂ ਵੱਡੀ ਖੂਬੀ ਹੈ। ਅੱਜ ਦਲਿਤ ਕਹੇ ਜਾਣ ਵਾਲੇ ਵਰਗ ਦੇ ਇਕ ਨੁਮਾਇੰਦੇ ਨੂੰ ਮੁੱਖ ਮੰਤਰੀ ਬਣਾ ਕੇ ਡਾ. ਅੰਬੇਡਕਰ ਵੱਲੋਂ ਬਣਾਏ ਗਏ ਲੋਕਤੰਤਰ ਪਣਾਲੀ ਦੀ ਜਿੱਤ ਹੈ, ਜਿਸ ਵਰਗ ਨੂੰ ਭਾਰਤੀ ਲੋਕਤੰਤਰ ਵਿਚ ਹਿੱਸੇਦਾਰੀ (ਪੰਜਾਬ ਵਿਚ) 75 ਸਾਲ



ਬਾਅਦ ਮਿਲੀ ਹੈ, ਉਸ ਵਰਗ ਦਾ ਖੁਸ਼ ਹੋਣਾ ਸੁਭਾਵਿਕ ਹੈ। ਇੱਥੇ ਇਹ ਵੀ ਯਾਦ ਰੱਖਣਾ ਬਣਦਾ ਹੈ। ਡਾ. ਅੰਬੇਡਕਰ ਲਿਖਦੇ ਹਨ- ''ਸਿਆਸੀ ਪਾਰਟੀਆਂ ਵੱਲੋਂ ਸਾਡੇ ਸਮਾਜ ਦੇ ਲੋਕਾਂ ਨੂੰ ਰੁਤਬਾ ਤਾਂ ਮਿਲਦਾ ਹੈ ਪਰ ਤਾਕਤ ਨਹੀਂ।'' ਪਰ ਦੇਸ਼ ਦੇ ਸੰਵਿਧਾਨ ਦੀ ਖਾਸੀਅਤ ਹੈ ਕਿ ਸੰਵਿਧਾਨ ਦੇਸ਼ ਦੇ ਹਰ ਨਾਗਰਿਕ ਨੂੰ ਇਕ ਨਜ਼ਰ ਨਾਲ ਦੇਖਦਾ ਹੈ। ਵਿਰੋਧ ਕਰਨ ਵਾਲਿਆਂ ਨੂੰ ਇਸ ਗੱਲ ਦਾ ਵੀ ਇਲਮ ਨਹੀਂ ਕਿ ਅੱਜ ਦੇਸ਼ ਤੁਹਾਡੀ ਮਨੂੰ ਸਿਮਰਤੀ ਨਾਲ ਨਹੀਂ ਚੱਲਦਾ, ਜਿਸ ਵਿਚ ਵਰਣ ਵਿਵਸਥਾ, ਨਾਬਰਾਬਰਤਾ, ਊਚ-ਨੀਚ, ਔਰਤ ਦਾ ਅਪਮਾਨ, ਬੁਨਿਆਦੀ ਤੱਤਾਂ ਵਜੋਂ ਦਰਜ ਹੈ। ਲੇਕਿਨ ਸੰਵਿਧਾਨ ਦੇ ਆਰਟੀਕਲ 13 ਨੇ ਉਹ ਸਭ ਧਰਮ ਗ੍ਰੰਥ ਜੋ ਮਨੁੱਖ ਅਤੇ ਮਨੁੱਖ ਵਿਚ ਪਾੜ ਪਾਉਂਦੇ ਹਨ ਜ਼ੀਰੋ ਕਰਾਰ ਦਿੱਤੇ ਹਨ। ਜੇਕਰ ਸੰਵਿਧਾਨ 'ਤੇ ਪੂਰੀ ਇਮਾਨਦਾਰੀ ਨਾਲ ਪਿਛਲੇ 71 ਸਾਲਾਂ ਤੋਂ ਅਮਲ ਕੀਤਾ ਹੁੰਦਾ ਤਾਂ ਇਹ ਧਰਮ ਗ੍ਰੰਥ ਅਸਲ ਵਿਚ ਜ਼ੀਰੋ ਹੋਣੇ ਸਨ। ਲੇਕਿਨ ਸਰਕਾਰਾਂ ਨੂੰ ਚਲਾਉਣ ਵਾਲੇ ਲੋਕਾਂ ਵਿਚ ਬਹੁ-ਗਿਣਤੀ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਸਨ ਅਤੇ ਹਨ। ਅੱਜ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਵਿਰੋਧ ਦਾ ਵੀ ਅਸਲ ਕਾਰਨ ਇਹੀ ਹੈ ਕਿ ਵਿਰੋਧੀ ਮਾਨਵਤਾਵਾਦੀ ਨਹੀਂ ਹਨ, ਪਰ ਮੈਂ ਨਿੱਜੀ ਤੌਰ 'ਤੇ ਅੱਜ ਗੁਰੂ ਨਾਨਕ ਦੇਵ ਜੀ ਦੇ ਮਾਨਵਤਾਵਾਦੀ ਸਿਧਾਂਤ ਨੂੰ ਜਿੱਤ ਦੇ ਰੂਪ ਵਿਚ ਦੇਖਦਾ ਹਾਂ ਕਿ ਕਿਉਂਕਿ ਉਨ੍ਹਾਂ ਬੜਾ ਸਪਸ਼ਟ ਲਿਖਿਆ ਹੈ- ''ਨੀਚਾ ਅੰਦਰ ਨੀਚ ਜਾਤ ਨੀਚਾ ਹੂੰ ਅਤਿ ਨੀਚ ਨਾਨਕ ਜਿਨਕੇ ਮੇਰਾ ਸਾਧ ਵੱਡੇਆ ਸੁਹ ਕੀ ਰੀਸ।'' ਲੋਕਤੰਤਰ ਦੇ ਇਕੋ ਝਟਕੇ ਨੇ 'ਮਲਿਕ ਭਾਗੋ' ਨੂੰ ਘਰ ਬਿਠਾ ਦਿੱਤਾ ਅਤੇ ਗਰੀਬ 'ਭਾਈ ਲਾਲੋ' ਨੂੰ ਤਖਤ 'ਤੇ ਬਿਠਾ ਦਿੱਤਾ। ਇਹ ਘਟਨਾਕ੍ਰਮ ਚਾਹੇ ਸਿਆਸੀ ਹੈ, ਪਰ ਫਿਰ ਵੀ ਇਹ ਗੁਰੂ ਨਾਨਕ ਦੇਵ ਜੀ ਦੇ ਮਹਾਨ ਫਲਸਫੇ ਦੀ ਜਿੱਤ ਹੈ? ਕਿ ਇਹ ਸਮਾਜਿਕ ਪਰਿਵਰਤਨ ਦਾ ਸ਼ੁਭ ਸੰਕੇਤ? ਇਸਨੂੰ ਸਿਰਫ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਹੀ ਨਹੀਂ ਦੇਖਣਾ ਚਾਹੀਦਾ। ਇਸ ਘਟਨਾ ਦਾ ਭਵਿੱਖ ਵਿਚ ਸਮਾਜਿਕ, ਰਾਜਨੀਤਿਕ ਖੇਤਰ ਵਿਚ ਬੜਾ ਡੂੰਘਾ ਅਸਰ ਦੇਖਣ ਨੂੰ ਮਿਲੇਗਾ, ਜਿਹੜੇ ਲੋਕ 1925 ਤੋਂ ਦੇਸ਼ ਨਾਲ ਗਦਾਰੀ ਕਰਕੇ ਸੰਵਿਧਾਨ ਬਣਨ ਤੋਂ ਲੈ ਕੇ ਅੱਜ ਤੱਕ ਉਸਦਾ ਵਿਰੋਧ ਕਰ ਰਹੇ ਨੇ, ਇਹ ਸੰਵਿਧਾਨ ਪ੍ਰਤੀ ਵਫਾਦਾਰੀ ਅਤੇ ਲੋਕਤੰਤਰ ਵੱਲ ਵਧਦਾ ਇਕ ਮਜ਼ਬੂਤ ਕਦਮ ਹੈ। ਜਿਹੜੇ ਲੋਕ ਕਦੇ ਵੋਟ ਪਾਉਣ ਦੇ ਅਧਿਕਾਰ ਤੋਂ ਵੀ ਵਾਂਝੇ ਸਨ। ਅੱਜ ਸੰਵਿਧਾਨ ਕਰਕੇ ਵੱਡੇ ਤੋਂ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਨੇ ਅੱਜ ਦੇਸ਼ ਦੇ ਗਰੀਬ ਵਰਗ ਵਿਚ ਵੱਧ ਰਹੀ ਸਿਆਸੀ ਚੇਤਨਾ ਇਨ੍ਹਾਂ ਲੋਕਾਂ ਲਈ ਖਤਰੇ ਦੀ ਘੰਟੀ ਹੈ।

ਕੁਝ ਸਿਆਸੀ ਮਾਹਿਰਾਂ ਦਾ ਇਹ ਮੰਨਣਾ ਹੈ ਕਿ ਪੰਜਾਬ ਵਿਚ ਖਾਸ ਕਰਕੇ ਦੁਆਬੇ ਵਿਚ ਦਲਿਤ ਲੋਕਾਂ ਦੀ ਸਿਆਸੀ ਸਮਝ ਬਾਕੀ ਦੇਸ਼ ਦੇ ਮੁਕਾਬਲੇ ਵੱਧ ਹੈ। ਇਹ ਗੱਲ ਬਿਲਕੁਲ ਠੀਕ ਹੈ, ਪਰ ਇਸ ਪਿੱਛੇ ਵੱਡੇ ਕਾਰਨ ਨੇ ਇਕ ਤਾਂ ਇਸ ਖਿੱਤੇ ਵਿਚ 42 ਫੀਸਦੀ ਦਲਿਤ ਆਬਾਦੀ ਮੁਕਾਬਲੇ ਵੱਧ ਹੈ। ਇਹ ਗੱਲ ਬਿਲਕੁਲ ਠੀਕ ਹੈ, ਪਰ ਇਸ ਪਿੱਛੇ ਵੱਡੇ ਕਾਰਨ ਨੇ ਇਕ ਤਾਂ ਇਸ ਖਿੱਤੇ ਵਿਚ 42 ਫੀਸਦੀ ਦਲਿਤ ਆਬਾਦੀ ਹੈ, ਜੋ ਪੂਰੇ ਭਾਰਤ ਵਿਚ ਸਭ ਤੋਂ ਵੱਧ ਦਲਿਤ ਆਬਾਦੀ ਵਾਲਾ ਖੇਤਰ ਹੈ। ਦੂਸਰਾ ਦੁਆਬੇ ਦੇ ਲੋਕ ਬਾਕੀ ਦੇਸ਼ ਦੇ ਦਲਿਤਾਂ ਦੇ ਮੁਕਾਬਲੇ ਆਰਥਿਕ ਤੌਰ 'ਤੇ ਖੁਸ਼ਹਾਲ ਹਨ ਅਤੇ ਸਭ ਤੋਂ ਵੱਡਾ ਕਾਰਨ ਦੁਆਬੇ ਵਿਚ ਪਿਛਲੇ 100 ਸਾਲਾਂ ਤੋਂ ਸਿਆਸੀ ਸਰਗਰਮੀਆਂ ਦੇ ਉਤਰਾਅ-ਚੜ੍ਹਾਅ ਲੋਕਾਂ ਨੇ ਹੰਢਾਏ ਅਤੇ ਦੇਖੇ ਹਨ। ਮਿਸਾਲ ਵਜੋਂ 1928 ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਐਮ. ਐਲ. ਏ. (ਬਾਨੀ ਆਦਿ ਧਰਮ ਮੰਡਲ) ਹੁਸ਼ਿਆਰਪੁਰ ਸਾਈਮਨ ਕਮਿਸ਼ਨ ਨੂੰ ਆਪਣੇ ਸਮਾਜ ਦੀਆਂ ਦੁੱਖ ਤਕਲੀਫਾਂ ਦਾ ਮੰਗ ਪੱਤਰ ਦਿੰਦੇ ਹਨ। 1936 ਵਿਚ ਡਾ. ਅੰਬੇਡਕਰ ਸਿੱਖਾਂ ਦੇ ਸੱਦੇ 'ਤੇ ਅਤੇ ਅਕਤੂਬਰ, 1951 ਵਿਚ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਭਾਰੀ ਗਿਣਤੀ 'ਚ ਲੋਕਾਂ ਨੂੰ ਸੰਬੋਧਨ ਕਰਦੇ ਹਨ। 1937 ਵਿਚ ਸੇਠ ਕਿਸ਼ਨ ਦਾਸ ਸ਼ਡਿਊਲਡ ਕਾਸਟ ਫੈਡਰੇਸ਼ਨ ਵੱਲੋਂ ਐਮ. ਐਲ. ਏ. ਬਣਦੇ ਹਨ। 1964 ਵਿਚ ਲਾਹੌਰੀ ਰਾਮ ਬਾਲੀ ਜੀ ਦੀ ਰਹਿਨੁਮਾਈ ਹੇਠ ਸਤਿਆਗ੍ਰਹਿ (ਜੇਲ੍ਹ ਭਰੋ ਅੰਦੋਲਨ) ਚਲਾਇਆ ਜਾਂਦਾ ਹੈ ਜੋ 70 ਦਿਨ ਚੱਲਿਆ। ਇਸ ਅੰਦੋਲਨ ਵਿਚ ਰਿਪਬਲਿਕਨ ਪਾਰਟੀ ਆਫ ਇੰਡੀਆ ਵੱਲੋਂ 5 ਲੱਖ ਸਤਿਆਗ੍ਰਹਿਆਂ ਨੂੰ ਜੇਲ੍ਹਾਂ ਵਿਚ ਭੇਜਿਆ ਗਿਆ। ਜਿਸ ਨਾਲ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਅਤੇ ਸਾਰੀਆਂ 14 ਮੰਗਾਂ ਮੰਨ ਲਈਆਂ ਗਈਆਂ। ਇਸ ਅੰਦੋਲਨ ਵਿਚ ਪੂਰੇ ਦੇਸ਼ ਵਿਚ 14 ਸਤਿਆਗ੍ਰਹਿ ਸ਼ਹੀਦ ਹੋਏ, ਜਿਸ ਵਿਚ ਇਕ ਜਲੰਧਰ ਦਾ ਰਾਮ ਪ੍ਰਕਾਸ਼ ਵੀ ਸੀ ਅਤੇ 14 ਅਪ੍ਰੈਲ, 1984 ਨੂੰ ਜਲੰਧਰ ਵਿਖੇ ਬਾਬੂ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ। 1996 ਵਿਚ ਉਹ ਹੁਸ਼ਿਆਰਪੁਰ ਦੀ ਰਾਖਵੀਂ ਲੋਕ ਸਭਾ ਸੀਟ ਤੋਂ ਲੋਕ ਸਭਾ ਮੈਂਬਰ ਬਣੇ ਅਤੇ ਸਾਰੀ ਉਮਰ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਕਰ ਦਿੱਤਾ। ਇਹ ਹੈ ਦੁਆਬੇ ਦਾ ਸੰਖੇਪ ਜਿਹਾ ਇਤਿਹਾਸ। ਇਸ ਤੋਂ ਇਲਾਵਾ ਹੋਰ ਬਹੁਤ ਕੁਝ ਜਿਸਦਾ ਜ਼ਿਕਰ ਕਰਨਾ ਸੰਭਵ ਨਹੀਂ ਹੈ। ਇਸ ਤਰ੍ਹਾਂ ਸਾਡੇ ਸਮਾਜ ਦੇ ਇਹਨਾਂ ਮਹਾਨ ਪੁਰਖਿਆਂ ਦੀਆਂ ਕੁਰਬਾਨੀਆਂ ਦੀ ਬਦੌਲਤ ਇਸ ਸਮਾਜ ਵਿਚ ਚੇਤਨਾ ਆਈ ਹੈ। ਇਸ ਲਈ ਜਿਹੜੇ ਵੀ ਲੋਕ ਮੁੱਖ ਮੰਤਰੀ ਚੰਨੀ ਦਾ ਸਿਰਫ ਜਾਤ ਕਰਕੇ ਹੀ ਵਿਰੋਧ ਕਰਦੇ ਨੇ, ਉਹ ਇਸ ਇਤਿਹਾਸ ਤੋਂ ਬਿਲਕੁਲ ਵਾਕਫ ਨਹੀਂ। ਸਾਡੇ ਸਮਾਜ ਵੱਲੋਂ ਇਸ ਸਿਆਸੀ ਬਦਲ ਨੂੰ ਸਮਾਜਿਕ ਬਦਲ ਵਜੋਂ ਦੇਖਿਆ ਜਾ ਰਿਹਾ ਹੈ, ਨਵੀਂ ਪੀੜ੍ਹੀ ਇਸਨੂੰ ਸਿਆਸੀ ਹਿੱਸੇਦਾਰੀ ਵਜੋਂ ਦੇਖਦੀ ਹੈ ਅਤੇ ਬੁੱਧੀਜੀਵੀ ਇਸਨੂੰ 5000 ਸਾਲ ਦੇ ਜ਼ਖਮਾਂ 'ਤੇ ਮਲ੍ਹਮ ਵਜੋਂ ਸਵੀਕਾਰਦਾ ਹੈ। ਇਸ ਲਈ ਆਓ, ਸਾਰੇ ਇਸ ਬਦਲ ਨੂੰ ਖਿੜੇ ਮੱਥੇ ਸਵੀਕਾਰ ਕਰੀਏ, ਕਿਉਂਕਿ ਸਾਡੇ ਇਹ ਇਤਿਹਾਸਕ ਪਲ ਹਨ।



# ਯੂ ਪੀ ਵਿੱਚ ਮਾਰੇ ਗਏ ਕਿਸਾਨਾਂ ਪ੍ਰਤੀ

## ਸੈਕਰਾਮੈਂਟੋ, ਕੈਪੀਟਲ ਤੇ ਰੋਸ ਇਕੱਠ।

## 10 ਅਕਤੂਬਰ 2021, ਦਿਨ ਐਤਵਾਰ ਸ਼ਾਮ 3 ਤੋਂ 5

## STOP KILLING FARMERS IN INDIA




ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਦੌਰਾਨ ਹੁਣ ਤੱਕ ਇੱਕ ਹਜਾਰ ਤੋਂ ਉਪਰ ਕਿਸਾਨ ਮਾਰੇ ਜਾ ਚੁੱਕੇ ਹਨ।ਇਸੇ ਸੰਘਰਸ਼ ਤੇ ਚਲਦਿਆਂ ਉਤਰ ਪ੍ਰਦੇਸ਼ ਸੂਬੇ ਵਿੱਚ ਮਾਰੇ ਗਏ ਕਿਸਾਨਾਂ ਪ੍ਰਤੀ ਰੋਸ ਪ੍ਰਗਟ ਕਰਨ ਲਈ ਉਕਤ ਥਾਂ ਤੇ ਸਮੇਂ ਮੁਤਾਬਕ ਜਰੂਰ ਪਹੁੰਚੋ ਜੀ।

ਹੋਰ ਜਾਣਕਾਰੀ ਲਈ: (209)589-5664 ਜਾਂ (916)206-1820

# ਰਾਜਦੀਪ ਸਿੰਘ ਤੂਰ ਦੁਆਰਾ ਰਚਿਤ ਗਜ਼ਲ ਸੰਗ੍ਰਹਿ "ਰੂਹ ਵੇਲਾ" ਤੇ ਵਿਚਾਰ ਚਰਚਾ

"ਗਜ਼ਲਗੋ ਰਾਜਦੀਪ ਸਿੰਘ ਤੂਰ ਇੱਕ ਪ੍ਰੌਢ ਗਜ਼ਲਕਾਰ ਹੈ,ਉਸਨੂੰ ਪਿੰਗਲ,ਰਿਦਮ, ਆਰਜੂ , ਲੈਅ ਬਾਬਤ ਚੋਖੀ ਜਾਣਕਾਰੀ ਹੈ। ਪੰਜਾਬੀ ਗਜ਼ਲ ਨੂੰ ਹੋਰ ਪ੍ਰਚੱਲਤ ਬਣਾਉਣ ਚ ਤੂਰ ਦੇ ਵਡਮੁੱਲੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।"ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡਾ.ਹਰਪ੍ਰੀਤ ਸਿੰਘ ਰਾਣਾ ਸਾਹਿਤਕਾਰ ਅਤੇ ਪੰਜਾਬੀ ਮੈਗਜੀਨ "ਛਿਣ" ਦੇ ਸੰਪਾਦਕ ਨੇ ਗਜ਼ਲਗੋ ਤੂਰ ਦੀ ਗਜ਼ਲ ਸੰਗ੍ਰਹਿ ਪੁਸਤਕ "ਰੂਹ ਵੇਲਾ" ਉੱਪਰ ਕਰਵਾਈ ਸਾਹਿਤਕ ਚਰਚਾ ਦੇ ਸਮਾਰੋਹ ਚ ਬੋਲਦਿਆਂ ਪ੍ਰਗਟਾਏ।

"ਰੂਹ ਵੇਲਾ" ਗਜਲ ਸੰਗ੍ਰਹਿ ਤੇ ਸਾਹਿਤਕ ਚਰਚਾ ਸੰਬੰਧੀ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਇਕੱਤਰਤਾ ਨਵਦੀਪ ਸਿੰਘ ਮੁੰਡੀ,ਗੁਰਮੀਤ ਸਿੰਘ ਢੱਲ,ਸੁਖਵਿੰਦਰ ਸਿੰਘ ਚਹਿਲ, ਅਮਰਜੀਤ ਸਿੰਘ ਖਰੌੜ ਦੇ ਸਾਂਝੇ ਯਤਨਾਂ ਸਦਕਾ ਢੱਲ ਬਿਲਡਰਜ਼ ਪਟਿਆਲਾ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿੱਚ ਆਕਾਸ਼ਵਾਣੀ ਪਟਿਆਲਾ ਦੇ ਸਾਬਕਾ ਡਾਇਰੈਕਟਰ ਅਮਰਜੀਤ ਸਿੰਘ ਵੜੈਚ,ਗਜ਼ਲਗੋ ਰਾਜਦੀਪ ਸਿੰਘ ਤੂਰ ਅਤੇ ਗਿਆਨਦੀਪ ਸਾਹਿਤ ਸਾਧਨਾ ਮੰਚ ਦੇ ਜਨਰਲ ਸਕੱਤਰ ਸਾਹਿਤਕਾਰ ਬਲਵੀਰ ਸਿੰਘ ਜਲਾਲਾਬਾਦੀ ਨੇ ਉਚੇਚ ਸ਼ਿਰਕਤ ਕੀਤੀ। ਸਮਾਗਮ ਦੇ ਸ਼ੁਰੂਆਤੀ ਦੌਰ ਚ ਹਰਦੀਪ ਸਿੰਘ ਸੱਭਰਵਾਲ,ਅਲਕਾ ਅਰੋੜਾ,ਮੀਤ ਭਿੰਡਰ, ਡਾ. ਇੰਦਰਪਾਲ ਕੌਰ ਆਦਿ ਸ਼ਾਇਰਾਂ ਨੇ ਆਪਣੀਆਂ ਭਾਵਪੂਰਤ ਰਚਨਾਵਾਂ ਨਾਲ ਸਾਹਿਤਕ ਰੰਗ ਬੰਨਿਆ ਅਤੇ ਇੱਕ ਖ਼ੂਬਸੂਰਤ ਸ਼ੁਰੂਆਤ ਕੀਤੀ। ਗਜ਼ਲਗੋ ਰਾਜਦੀਪ ਸਿੰਘ ਤੂਰ ਨੇ ਆਪਣੀਆਂ ਗਜ਼ਲਾਂ;

"ਤੁਹਾਨੂੰ ਟੌਪ ਦੀ ਚਿੰਤਾ ਉਹਨਾਂ ਦਸਤਾਰ ਦੀ ਚਿੰਤਾ,
ਕਿਸੇ ਨੂੰ ਵੀ ਨਹੀਂ ਹੈ ਗਿਰ ਰਹੇ ਕਿਰਦਾਰ ਦੀ ਚਿੰਤਾ,"

"ਹੌਲੀ ਹਾਦਸਿਆਂ ਦਾ ਹਾਣੀ ਹੋਜਾ ਤੂਰ ਸਿਆਂ,
ਪੱਥਰਾਂ ਵਿੱਚ ਵੀ ਵਹਿਣਾ ਪੈਣਾ ਪਾਣੀ ਹੋਜਾ ਤੂਰ ਸਿਆਂ...."

ਨਾਲ ਸਾਹਿਤਕ ਰੰਗ ਬਖੇਰਿਆ। ਆਪਣੇ



ਸਾਹਿਤਕ ਸਫਰ ਦੀ ਸ਼ੁਰੂਆਤ ਤੇ ਚਾਨਣਾ ਪਾਉਂਦੇ ਹੋਏ ਗਜ਼ਲਗੋ ਤੂਰ ਨੇ ਇਜ਼ਹਾਰ ਕੀਤਾ ਕਿ ਉਹਨਾਂ ਦੇ ਪਿਤਾ ਵੀ ਇੱਕ ਲੇਖਕ ਵਜੋਂ ਜਾਣੇ ਜਾਂਦੇ ਸਨ। ਉਹਨਾਂ ਦਾ ਪ੍ਰਭਾਵ ਮੇਰੇ ਤੇ ਹੋਣਾ ਲਾਜਮੀ ਸੀ ,ਸੋ ਮੈਂ ਸਾਹਿਤਕ ਸਿਰਜਣਾ ਵੱਲ ਹੋ ਤੁਰਿਆ। ਕਾਫੀ ਮਿੰਨੀ ਕਹਾਣੀਆਂ ਵੀ ਰਚੀਆਂ। ਉਹਨਾਂ ਸਾਹਿਤ ਸਿਰਜਣਾ ਨਾਲ ਜੁੜੇ ਕਈ ਅਣਸੁਣੇ ਪੱਖਾਂ ਦਾ ਜ਼ਿਕਰ ਵੀ ਕੀਤਾ।

ਅਮਰਜੀਤ ਸਿੰਘ ਵੜੈਚ ਨੇ ਤੂਰ ਦੀਆਂ ਗਜ਼ਲਾਂ ਲਈ ਉਹਨਾਂ ਨੂੰ ਸੁਰਜੀਤ ਪਾਤਰ ਦੇ ਸਿਰਜੇ ਪੰਧ ਤੇ ਚੱਲਣਵਾਲਾ ਸ਼ਾਇਰ ਦੱਸਿਆ।

ਬਲਵੀਰ ਸਿੰਘ ਜਲਾਲਾਬਾਦੀ ਨੇ ਤੂਰ ਨਾਲ ਆਪਣੀ ਪਰਿਵਾਰਕ ਅਤੇ ਸਾਹਿਤਕ ਨੇੜਤਾ ਦਾ ਕਾਰਨ ਇੱਕੋ ਸਰਕਾਰੀ ਮਹਿਕਮੇ ਦੇ ਮੁਲਾਜ਼ਮ ਹੋਣਾ ਦੱਸਿਆ। ਗ਼ਜ਼ਲ ਦੀ ਸੰਜਮਤਾ,ਸਹਿਜਤਾ ਅਤੇ ਵਿਲੱਖਣਤਾ ਵਰਗੇ ਤੱਤਾਂ ਬਾਬਤ ਗੱਲ ਕੀਤੀ। ਲੇਖਿਕਾ ਸਤਨਾਮ ਕੌਰ ਚੌਹਾਨ ਨੇ ਗਜ਼ਲ ਦੀ ਸਿਰਜਣਾ ਦਾ ਮੁਕਾਬਲਾ ਗਣਿਤ ਦੇ ਅਲਜਬਰੇ ਦੇ ਸਵਾਲ ਨੂੰ ਹੱਲ ਕਰਨ ਨਾਲ ਕੀਤਾ। ਉਹਨਾਂ ਕਿਹਾ ਜਿਵੇਂ ਅਲਜਬਰੇ ਨੂੰ ਹਰ ਕੋਈ ਨਹੀਂ ਸਮਝਦਾ, ਉਸੇ ਤਰ੍ਹਾਂ ਗਜਲ ਨੂੰ ਜੇ ਕੋਈ ਸਮਝਦਾ ਹੈ ਤਾਂ ਉਹ ਰਾਜਦੀਪ ਸਿੰਘ ਤੂਰ ਹੈ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਅੰਮ੍ਰਿਤਪਾਲ ਸਿੰਘ, ਰਾਜਵਿੰਦਰ ਕੌਰ ਜਟਾਣਾ, ਕਮਲ ਸੇਖੋਂ , ਦਵਿੰਦਰ ਪਟਿਆਲਵੀ, ਨਵਦੀਪ ਸਿੰਘ ਮੁੰਡੀ, ਗੁਰਮੀਤ ਸਿੰਘ ਢੱਲ, ਸੁਖਵਿੰਦਰ ਸਿੰਘ ਚਹਿਲ ਆਦਿ ਸ਼ਾਇਰਾਂ ਨੇ ਸ਼ਾਇਰੀ ਦਾ ਖ਼ੂਬਸੂਰਤ ਸਾਹਿਤਕ ਰੰਗ ਪੇਸ਼ ਕੀਤਾ। ਗਜ਼ਲਗੋ ਰਾਜਦੀਪ ਸਿੰਘ ਤੂਰ ਨੂੰ ਕਿਤਾਬਾਂ ਦੇ ਸੈੱਟ ਅਤੇ ਲੋਈ ਨਾਲ ਸਨਮਾਨ ਦਿੱਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਦਵਿੰਦਰ ਪਟਿਆਲਵੀ ਅਤੇ ਨਵਦੀਪ ਸਿੰਘ ਮੁੰਡੀ ਨੇ ਸਾਂਝੇ ਤੌਰ 'ਤੇ ਨਿਭਾਈ।

# ਜਿਹਨ ਵਿੱਚ ਚੰਗੇ ਖਿਆਲਾਂ ਦਾ ਆਉਣਾ ਵੀ

ਜਿਹਨ ਵਿੱਚ ਚੰਗੇ ਖਿਆਲਾਂ ਦਾ ਆਉਣਾ ਵੀ
ਚੰਨ ਦੀ ਚਾਨਣੀ ਤੋਂ ਘੱਟ ਨਹੀ ਹੁੰਦਾ
ਮਹਿਕਾਂ ਭਰੇ ਹਵਾ ਦੇ ਬੁੱਲੇ ਤੋਂ ਘੱਟ ਨਹੀ
ਮਨੁੱਖ ਦੇ ਅੰਦਰ ਵੀ ਬੜਾ ਕੁਝ ਚੱਲਦਾ ਹੈ
ਤੇ ਬਾਹਰ ਵੀ ਕੁਦਰਤ ਦੇ ਅਪਣੇ ਹੀ ਰੰਗ ਹੁੰਦੇ ਹਨ

ਕੁਦਰਤ ਆਪਣੇ ਆਪ ਵਿੱਚ ਹੀ ਬਹੁਤ ਖ਼ੂਬਸੂਰਤ ਹੈ ਬਹੁਤ
ਪਰ ਕਈ ਵਾਰ ਬਹੁਤ ਕਰੂਪ ਚਿਹਰਾ ਲੈ ਕੇ ਵੀ ਪ੍ਰਗਟ ਹੁੰਦੀ ਹੈ
ਉਦੋਂ ਜਦੋਂ ਕਰੋਪੀ ਵਰਤਾਉਂਦੀ ਹੈ
ਉਦੋਂ ਜਦੋਂ ਤਬਾਹੀ ਮਚਾਉਂਦੀ ਹੈ
ਉਦੋਂ ਜਦੋਂ ਹੜ , ਭੁਚਾਲ, ਬਿਮਾਰੀਆਂ
ਤੇ ਗਰੀਬੀ ਲਿਆਉਂਦੀ ਹੈ

ਹਾਂ। ਹਾਂ। ਹੈ ਤਬਦੀਲੀ ਕੁਦਰਤ ਦਾ ਨਿਯਮ ਵੀ
ਤਾਹੀਓ ਸਰਕਾਰਾਂ ਉਲ਼ਟਦੀਆਂ
ਤਾਹੀਓਂ ਸ਼ਹਿਨਸ਼ਾਹਾਂ ਦੇ ਸਿਰਾਂ ਤੋਂ ਤਾਜ ਲੱਥਦੇ
ਤਾਹੀਓਂ ਰੁੱਤਾਂ ਬਦਲਦੀਆਂ
ਦੇਖਿਓ ਕਿਤੇ ਭੁਲੇਖਾ ਨਾ ਖਾਇਓ ਰੁੱਤਾਂ ਛੋਟੀ ਚੀਜ਼ ਨਹੀ ਹੁੰਦੀਆਂ

ਰੁੱਤਾਂ ਦੀ ਤਾਂ ਹਰ ਇਕ ਨੂੰ ਹੀ ਉਡੀਕ ਰਹਿੰਦੀ ਹੈ
ਕਾਸ਼! ਰੁੱਤਾਂ ਅਪਣੇ ਨਾਲ ਸੁੱਖ, ਸ਼ਾਂਤੀ ਤੇ ਮੁਹੱਬਤਾਂ ਲੈ ਕੇ ਆਉਣ
ਇਹ ਸੱਭ ਕੁਦਰਤ ਦੇ ਵਰਤਾਰੇ ਹੀ ਹਨ
ਰੁੱਤਾਂ ਨੂੰ ਆਉਣੋਂ ਨਹੀ ਰੋਕਿਆ ਜਾ ਸਕਦਾ

ਇੱਕ ਗੱਲ ਵਧੀਆਂ ਕਿ ਰੁੱਤਾਂ ਨੂੰ ਪਾਸ ਨਹੀ ਬਣਾਉਣਾ ਪੈਂਦਾ
ਟੋਲ ਪਲਾਜੇ ਉੱਤੋਂ ਲੰਘਣ ਲਈ ਟਿਕਟ ਨਹੀ ਕਟਵਾਉਣਾ ਪੈਂਦਾ

ਉਹ ਚਾਹੁੰਣ ਤਾਂ ਖਾਲ਼ੀ ਹੱਥ ਵੀ ਆ ਸਕਦੀਆਂ
ਪਰ ਨਹੀ ਇਹ ਰੁੱਤਾਂ ਦੀ ਫ਼ਿਤਰਤ ਨਹੀ ਹੁੰਦੀ
ਉਹ ਬਹੁਤ ਕੁਝ ਨਾਲ ਲੈ ਕੇ ਹੀ ਆਉਂਦੀਆਂ
ਕਦੀ ਬਹਾਰਾਂ, ਕਦੀ ਪਤਝੜਾਂ, ਕਦੀ ਬਰਸਾਤਾਂ
ਤੇ ਜਾਣ ਲਗੀਆਂ ਕਿਸੇ ਨੂੰ ਦੱਸਦੀਆਂ ਵੀ ਨਹੀ
ਮਲਕੜੇ ਜਿਹੇ ਹੀ ਚਲੇ ਜਾਂਦੀਆਂ
ਕੀ ਪਤਾ ਰੁੱਤਾਂ ਕਾਹਦੇ ਉੱਤੇ ਚੜ ਕੇ ਆਉਂਦੀਆਂ ?
ਤੇ ਕਾਹਦੇ ਉੱਤੇ ਚੜ ਕੇ ਵਾਪਸ ਪਰਤਦੀਆਂ ਹਨ ?
ਮਨੁੱਖ ਕੋਲ ਹੀ ਹੈ ਬਹੁਤ ਕੁਝ ਚੜਣ ਉਤਰਨ ਲਈ
ਲੱਕੜੀ ਦੇ ਪਹੀਆਂ ਵਾਲੇ ਗੱਡੇ ਤੋਂ ਟਾਇਰਾਂ ਵਾਲੀਆਂ ਗੱਡੀਆਂ
ਤੇ ਫਿਰ ਗੱਡੀਆਂ ਤੋਂ ਤਰਾਂ ਤਰਾਂ ਦੀਆਂ ਵੱਡੀਆਂ ਵੱਡੀਆਂ ਗੱਡੀਆਂ
ਟ੍ਰੇਨਾਂ, ਬੱਸਾਂ, ਜਹਾਜ ਤੇ ਹੋਰ ਵੀ ਬਹੁਤ ਕੁਝ ਹੈ
ਮਨੁੱਖ ਦੇ ਉਤਰਨ ਚੜਣ ਲਈ

ਲੱਗ ਰਿਹਾ ਜ਼ਿੰਦਗੀ ਬਹੁਤ ਤੇਜ ਹੋ ਗਈ ਦਿੱਲੀ ਬੰਬੇ ਵਾਂਗ ਤੇਜ
ਘਰਾਂ ਵਿੱਚ ਜਗਾ ਭਾਵੇਂ ਘੱਟ ਹੈ
ਪਰ ਕਾਰਾਂ ਰੱਖਣੀਆਂ ਪੈ ਜਾਂਦੀਆਂ ਕਈਆਂ ਨੂੰ
ਬੇਸ਼ਕ ਜਾਣ ਆਉਣ ਲਈ ਟੈਕਸੀਆਂ ਦੀ ਵੀ ਘਾਟ ਨਹੀ

ਇੱਕ ਉਹ ਵੀ ਜ਼ਮਾਨਾ ਸੀ ਜਦੋਂ ਕਾਰਾਂ ਨਹੀ ਸਨ
ਉਦੋਂ ਤਾਂ ਗੱਲਾਂ ਹੀ ਹੋਰ ਸਨ ਸੱਭ ਕੁਝ ਅਜੀਬ ਸੀ
ਉਦੋਂ ਕਾਰਾਂ ਭਾਵੇਂ ਨਹੀ ਸਨ ਹੁੰਦੀਆਂ ਪਰ ਯਾਰ ਤਾਂ ਹੁੰਦੇ ਸਨ
ਜੋ ਆਪਣੇ ਨਾਲ ਲੈ ਜਾਣ ਲਈ ਆ ਜਾਂਦੇ ਸਨ ਵੇਲੇ ਸਿਰ
ਕਦੀ ਸਾਈਕਲਾਂ ਉੱਤੇ ਤੇ ਕਦੀ ਪੈਦਲ ਹੀ

ਭਾਵੇਂ ਕਾਂ ਹੱਥ ਸੁਨੇਹਾ ਭੇਜ ਦਿਓ
ਯਾਰ ਭੱਜੇ ਆਉਂਦੇ ਸਨ ਸੁੱਖ ਦੁੱਖ ਵਿੱਚ
ਹੁਣ ਨਹੀ ਰਹੀਆਂ ਉਹ ਗੱਲਾਂ
ਹੁਣ ਤਾਂ ਅਫ਼ਸੋਸ ਵੀ ਉਹ ਫ਼ੋਨਾਂ ਉੱਤੇ ਹੀ ਕਰ ਲੈਂਦੇ
ਤੇ ਉਹ ਵੀ ਕਈ ਕਈ ਦਿਨਾਂ ਬਾਅਦ

ਹੁਣ ਤਾਂ ਜਿਗਰੀ ਯਾਰ ਵੀ
ਕਈ ਕਈ ਸਾਲ ਮਿਲਣ ਹੀ ਨਹੀ ਆਉਂਦੇ
ਹਾਲਾਂ ਕਿ ਹੁਣ ਉਂਨਾਂ ਕੋਲ ਸਕੂਟਰ ਹਨ
ਮੋਟਰ ਸਾਈਕਲ ਵੀ ਹਨ
ਤੇ ਕਈਆਂ ਕੋਲ ਕਾਰਾਂ ਵੀ
ਪਰ ਤਾਂ ਵੀ ਨਹੀ ਆਉਂਦੇ ਉਹ

ਉਦੋਂ ਯਾਰ ਤਾਂ ਯਾਰ ਦੀ ਜ਼ਿੰਦਗੀ ਵਿਚਲੇ
ਖਲਾਅ ਨੂੰ ਭਰਨ ਲਈ ਹੁੰਦੇ ਸਨ
ਉਦੋਂ ਤਾਂ ਯਾਰ ਮੀਲਾਂ ਤੱਕ ਨਾਲ ਨਾਲ ਪੈਦਲ ਹੀ ਤੁਰਦੇ ਸਨ
ਤੇ ਹੁਣ ਕਈਆਂ ਕੋਲ ਕਾਰਾਂ ਹਨ
ਤਾਂ ਵੀ ਘਰੋਂ ਹੀ ਨਹੀ ਨਿਕਲਦੇ
ਆਖਣਗੇ ਵਿਹਲ ਹੀ ਨਹੀ ਮਿਲਿਆ
ਸਾਲੇ ਵਿਹਲ ਦੇ
ਜਿਉਣਾਂ ਹੀ ਭੁੱਲ ਗਏ ਲੱਗਦੇ ..

ਅਸਲ ਵਿੱਚ ਜਿੰਦਗੀ ਜਿੰਦਗੀ ਤਾਂ ਰਹੀ ਨਹੀ
ਜਿੰਦਗੀ ਤਾਂ ਵਿਉਪਾਰ ਬਣਦੀ ਜਾ ਰਹੀ
ਹਾਂ ਹਾਂ ਬਹੁਤ ਤੇਜ਼ੀ ਨਾਲ ਹੋ ਰਹੇ ਹਨ ਕਾਰੋਬਾਰ
ਪਰੋਫੈਸ਼ਨਲ ਲੋਕ ਕਾਰਾਂ ਦੇ ਟਾਇਰ ਘਸਾ ਦਿੰਦੇ
ਦੂਰ ਦੁਰਾਡੀਆਂ ਥਾਂਵਾਂ ਉੱਤੇ ਜਾ ਜਾ ਕੇ
ਸੜਕਾਂ ਵਿਚਾਰੀਆਂ ਵੀ ਕੀ ਕਰਨ
ਸੜਕਾਂ ਤਾਂ ਕਾਰਾਂ ਨਾਲ ਹੀ ਭਰੀਆਂ ਰਹਿੰਦੀਆਂ
ਬਹੁਤ ਔਖਾ ਹੋ ਗਿਆ ਸੜਕਾਂ ਨੂੰ ਪੈਦਲ ਕਰੌਸ ਕਰਨਾ ਵੀ
ਕਾਰਾਂ ਹੋਰ ਵੱਧ ਰਹੀਆਂ ਹਨ ਤੇ ਸੜਕਾਂ ਉੱਤੇ ਦੌੜ ਵੀ ਰਹੀਆਂ ਹਨ
ਭਾਵੇਂ ਪੈਟਰੋਲ ਕਿਨਾ ਵੀ ਮਹਿੰਗਾ ਕਿਉਂ ਨਾ ਹੋ ਜਾਵੇ
ਭਾਵੇਂ ਪਰਦੂਸ਼ਣ ਕਿਨਾ ਵੀ ਕਿਉ ਨਾ ਵੱਧ ਜਾਵੇ

ਕਾਰੋਬਾਰੀ ਲੋਕਾਂ ਕੋਲ ਯਾਰ ਨਹੀ ਪਾਰਟਨਰ ਹੁੰਦੇ ਹਨ
ਏਨੇ ਨੌਕਰ ਨਹੀ ਹੁੰਦੇ ਉਂਨਾਂ ਕੋਲ ਜਿਨੇ ਏਜੰਟ ਹੁੰਦੇ ਹਨ
ਕਮਿਸ਼ਨ ਜਿਉਂ ਚੱਲਦੇ ਹਨ ਅਗਲਿਆਂ ਦੇ ਉੱਪਰ ਤੋਂ ਹੇਠਾਂ ਤੱਕ
ਇੱਕ ਦੂਜੇ ਨਾਲ ਵੀ ਠੱਗੀ ਹੀ ਮਾਰੀ ਜਾਂਦੇ
ਬੰਦਾ ਹੀ ਬੰਦੇ ਨੂੰ ਸ਼ੋਸ਼ਤ ਕਰਦਾ
ਅੰਨੀ ਪੀਸੀ ਜਾਂਦੀ ਤੇ ਕੁੱਤੇ ਚੱਟੀ ਜਾਂਦੇ
ਬੜੇ ਗੋਰਖ ਧੰਦੇ ਹਨ ਉਂਨਾਂ ਕੋਲ
ਢੰਗ ਤਰੀਕੇ ਵੀ ਅਲੱਗ ਅਲੱਗ
ਲੱਖਾਂ ਤੋਂ ਕਰੋੜਾਂ ਵੱਲ ਨੂੰ ਵੱਧਦੇ ਹਨ
ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਦੇ ਹਨ

ਹਾਂ ਉਂਨਾਂ ਕੋਲ ਪੈਰ ਤਾਂ ਹੁੰਦੇ ਹੀ ਹਨ ਪਰ ਤੁਰਨ ਲਈ ਨਹੀ
ਸਿਰਫ ਗੋਗੜਾਂ ਵਧਾਉਣ ਲਈ ਕਿਉਂਕਿ ਤੁਰਦੇ ਕਿੱਥੇ ਹਨ ਉਹ

ਘਰਾਂ ਦੇ ਅੰਦਰੋਂ ਹੀ ਕਾਰ ਦੀ ਪਿੱਛਲੀ ਸੀਟ ਉੱਤੇ ਬੈਠ ਕੇ ਨਿਕਲਦੇ
ਆਪੋ ਆਪਣੇ ਗੋਰਖ ਧੰਦਿਆਂ ਲਈ

ਇੰਨਾਂ ਦੀ ਹਰ ਰੁੱਤ ਹੀ ਰੁਪਈਆਂ ਦੀ ਹੁੰਦੀ ਹੈ
ਜੇ ਕਿਤੇ ਇੱਕ ਦਿਨ ਦੀ ਵੀ ਹੜਤਾਲ਼ ਹੋ ਜਾਵੇ
ਤਾਂ ਤੜਫਦੇ ਹਨ, ਵਿਲਕਦੇ ਹਨ ,ਉਦਾਸ ਹੋ ਜਾਂਦੇ ਹਨ ,
ਜਿਵੇਂ ਉਹ ਜਿਉਂਦੇ ਹੀ ਮਰ ਚਲੇ ਹੋਣ
ਲਾਲਸਾਵਾਂ ਏਨੀਆਂ ਕਿ ਰਾਤ ਦਿਨ
ਪੈਸੇ ਕਮਾਉਣ ਦੇ ਆਹਰ ਵਿੱਚ ਹੀ ਲੱਗੇ ਰਹਿੰਦੇ

ਇਹ ਚੰਦ ਚੜਿਆ ਨਹੀ ਵੇਖਦੇ
ਤਾਰਿਆਂ ਨਾਲ ਕੋਈ ਰਿਸ਼ਤਾ ਨਹੀ ਇੰਨਾਂ ਦਾ
ਮੁਹੱਬਤਾਂ ਤੋਂ ਕੋਹਾਂ ਦੂਰ ਰਹਿੰਦੇ
ਪਰੌਫਿੱਟ ਨਾਲ ਹੁੰਦੀ ਹੈ ਇੰਨਾਂ ਦੀ ਪੱਕੀ ਯਾਰੀ
ਇਸ ਮਾਮਲੇ ਵਿੱਚ ਇਹ ਕਦੇ ਧੋਖਾ ਨਹੀ ਖਾਂਦੇ
ਇੰਨਾਂ ਨੂੰ ਪੈਸਾ ਕਮਾਉਣਾ ਆਉਂਦਾ ਹੈ
ਹੋਰ ਕੁਝ ਆਵੇ ਚਾਹੇ ਨਾ ਆਵੇ
ਧੰਦੇ ਕਰਦਿਆਂ ਅੱਵਲ ਤਾਂ ਇਹ ਕਦੇ ਫੱਸਦੇ ਹੀ ਨਹੀ
ਤੇ ਜੇ ਕਿਤੇ ਫੱਸ ਵੀ ਜਾਣ ਤਾਂ ਪੈਸੇ ਦੇ ਕੇ ਤੁਰੰਤ ਛੁੱਟ ਜਾਂਦੇ ਐ

ਊ ਜੇ ਕਿਤੇ ਇਹ ਫਸ ਵੀ ਜਾਣ ਤਾਂ ਇਹ ਵਿੱਚੋਂ ਬੜੇ ਡਰਪੋਕ ਹੁੰਦੇ ਐ
ਹਵਾਲਾਤ ਵਿੱਚ ਇੱਕ ਰਾਤ ਨਹੀ ਕੱਟ ਸਕਦੇ
ਇੰਨਾਂ ਨੂੰ ਛੁਡਾਉਣ ਵਾਲੇ ਰਾਤੋ ਰਾਤ ਜੁਗਾੜ ਬਣਾ ਲੈਂਦੇ
ਬੱਸ ਫਿਰ ਤਾਂ ਇਹ ਘਰ ਭਰ ਦਿੰਦੇ ਹਨ ਅਫਸਰਸ਼ਾਹੀ ਦੇ
ਤਾਂ ਕਿ ਇੰਨਾਂ ਦਾ ਕੋਈ ਵਾਲ ਵੀ ਵਿੰਗਾ ਨਾ ਕਰ ਸਕੇ
ਇਹੀ ਹੁੰਦੇ ਮੋਦੀ ਵਰਗਿਆਂ ਦੇ ਪੱਕੇ ਭਗਤ
ਇਹੀ ਹੁੰਦੇ ਕਾਂਗਰਸੀਆਂ ਦੇ ਯਾਰ
ਇਹੀ ਹੁੰਦੇ ਅਕਾਲੀਆਂ ਦੇ ਖ਼ੈਰ ਖਵਾਹ
ਹਰ ਵਰਗ ਵਿੱਚ ਘੁੱਸਪੈਠ ਹੈ ਇੰਨਾਂ ਦੀ
ਇਹ ਸੱਭ ਨੂੰ ਫੰਡ ਦਿੰਦੇ ਹਨ ਫੰਡ
ਇਹ ਧਰਮਾਂ ਦੇ ਠੇਕੇਦਾਰਾਂ ਨੂੰ ਉਗਰਾਹੀ ਵੀ ਦਿੰਦੇ ਹਨ

ਜੇ ਇੰਨਾਂ ਦੀ ਪਾਰਟੀ ਵਾਲੇ ਨਾ ਜਿੱਤਣ
ਤਾਂ ਇਹ ਰਾਤੋ ਰਾਤ ਦੂਸਰੀਆਂ ਪਾਰਟੀਆਂ ਦੇ ਯਾਰ ਬਣ ਜਾਂਦੇ
ਇੰਨਾਂ ਨੂੰ ਕੀ ਪਤਾ ਕਿ ਯਰਾਨਿਆਂ ਵਿੱਚ ਵਫ਼ਾਦਾਰੀ ਵੀ ਹੁੰਦੀ ਹੈ
ਇੰਨਾਂ ਨੂੰ ਕੀ ਪਤਾ ਕਿ ਰੁੱਤਾਂ ਵੀ ਖ਼ੂਬਸੂਰਤ ਹੁੰਦੀਆਂ ਹਨ
ਇੰਨਾਂ ਨੂੰ ਕੀ ਪਤਾ ਕਿ ਚੰਦ ਚੜਿਆ ਵੀ ਦਿਸਦਾ ਹੈ
ਪਰ ਇਹ ਨਹੀ ਵੇਖਦੇ ਚੰਦ ਚੁੰਦ
ਵੱਡੀਆਂ ਵਾਟਾਂ ਵਾਲੇ ਬਲਵ ਜਿਉਂ ਲੱਗੇ ਹੁੰਦੇ
ਇੰਨਾਂ ਦੀਆਂ ਵੱਡੀਆਂ ਵੱਡੀਆਂ ਕੋਠੀਆਂ ਵਿੱਚ

ਹਾਂ। ਭਾਵੇਂ ਮਾਲੀ ਰੱਖੇ ਹੁੰਦੇ ਇੰਨਾਂ ਨੇ ਵੀ
ਪਰ ਫੁੱਲਾਂ ਵੱਲ ਤਾਂ ਇਹ ਵੇਖਦੇ ਵੀ ਨਹੀ
ਕੋਲੋਂ ਦੀ ਹੀ ਲੰਘ ਜਾਂਦੇ ਤਜੌਰੀਆਂ ਦੀਆਂ ਚਾਬੀਆਂ ਚੁੱਕ ਕੇ

ਪਿਆਰ, ਮੁਹੱਬਤ, ਇਮਾਨ, ਸਚਾਈ,
ਤਰਸ, ਸੰਵੇਦਨਸ਼ੀਲਤਾ, ਹਮਦਰਦੀ ,ਨੈਤਿਕਤਾ
ਸੱਭ ਛਿੱਕੇ ਉੱਤੇ ਟੰਗ ਦਿੱਤਾ ਹੁੰਦਾ ਇੰਨਾਂ ਨੇ
ਤੇ ਜਿੱਥੇ ਪੈਸੇ ਹੋਣ ਉੱਥੇ ਜਾ ਕੇ ਰੁਕਦੇ ਹਨ ਇਹਨਾਂ ਦੇ ਕਦਮ
ਜਿੱਥੇ ਨੋਟ ਹੋਣ ਉੱਥੇ ਜਾ ਕੇ ਹੀ ਲਗਦਾ ਇੰਨਾਂ ਦਾ ਮਨ

ਇੰਨਾਂ ਦੇ ਤਾਂ ਮਨ ਵੀ ਪਤਾ ਨਹੀ ਕਾਹਦੇ ਬਣੇ ਹੁੰਦੇ
ਪਤਾ ਨਹੀ ਇੰਨਾਂ ਦਾ ਲਹੂ ਲਾਲ ਹੁੰਦਾ ਜਾਂ ਸਫ਼ੈਦ
ਇੰਨਾਂ ਦਾ ਮਨ ਤੇ ਇੰਨਾਂ ਦੀਆਂ ਅੱਖਾਂ
ਸਿਰਫ ਪੈਸਿਆਂ ਉੱਤੇ ਜਾਂ ਜਾਇਦਾਦਾਂ ਉੱਤੇ ਹੀ ਟਿਕਦੀਆਂ ਹਨ
ਬਾਕੀ ਸੱਭ ਕੁਝ ਫ਼ਜ਼ੂਲ ਜਿਹਾ ਲਗਦਾ ਇੰਨਾਂ ਨੂੰ
ਹਾਂ ਬਿਲਕੁਲ ਫ਼ਜ਼ੂਲ



ਰਘਵੀਰ ਸਿੰਘ ਟੇਰਕਿਆਨਾ ਐਡਵੋਕੇਟ
91-98141-73402

# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



ਸ. ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ




## ਚੰਗੇ ਪੜ੍ਹੇ-ਲਿਖੇ ਅਤੇ ਸੂਝਵਾਨ ਨੌਜਵਾਨ ਮੁੱਖ ਮੰਤਰੀ
## ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ

## ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣਨ 'ਤੇ

# ਲੱਖ-ਲੱਖ ਵਧਾਈਆਂ

# Ram Murti Saroay


**Chairman:**
**Dr. Ambedkar Education Aid Society, Fremont, California, USA**
**Former: Chairman & President: Sri Guru Ravidass Sabha Bay Area (CA),**
**Member of Supreme Council Sri Guru Ravidass Sabhas USA**



# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



ਸ. ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ



## ਚੰਗੇ ਪੜ੍ਹੇ-ਲਿਖੇ ਅਤੇ ਸੂਝਵਾਨ ਨੌਜਵਾਨ ਮੁੱਖ ਮੰਤਰੀ ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ

## ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣਨ 'ਤੇ ਲੱਖ-ਲੱਖ ਵਧਾਈਆਂ



**Ramesh Suman (Former: Chairman & President: Sri Guru Ravidass Sabha Pittsburg, CA) with his wife Mrs. Gyan Suman**

# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



ਸ. ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ




ਚੰਗੇ ਪੜ੍ਹੇ-ਲਿਖੇ ਅਤੇ ਸੂਝਵਾਨ ਨੌਜਵਾਨ ਮੁੱਖ ਮੰਤਰੀ ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ

ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣਨ 'ਤੇ

# ਲੱਖ-ਲੱਖ ਵਧਾਈਆਂ




**Hardial Banga (Businessman and Social Activist) & Kulwant Kaur Banga**

**Chairperson: Sri Guru Ravidass Sabha Pittsburg, CA**

# ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ



ਸ. ਚਰਨਜੀਤ ਸਿੰਘ ਚੰਨੀ ਜੀ ਨੇ ਸਿਰਜਿਆ ਨਵਾਂ ਇਤਿਹਾਸ




## ਚੰਗੇ ਪੜ੍ਹੇ-ਲਿਖੇ ਅਤੇ ਸੂਝਵਾਨ ਨੌਜਵਾਨ ਮੁੱਖ ਮੰਤਰੀ ਮਾਣਯੋਗ ਸ. ਚਰਨਜੀਤ ਸਿੰਘ ਚੰਨੀ ਜੀ ਨੂੰ

## ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣਨ 'ਤੇ ਲੱਖ-ਲੱਖ ਵਧਾਈਆਂ



Jaswinder Banga (Former: Chairman & President: Sri Guru Ravidass Sabha Sacramento, CA) with his wife , daughter and sons


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop